ਚੜ੍ਹਦੀਕਲਾ ਪੜ੍ਹੋ
ਚੜ੍ਹਦੀਕਲਾ 'ਚ ਰਹੋ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ ਲਈ
ਆਪਣੇ ਅਖ਼ਬਾਰ ਏਜੰਟ ਤੋਂ ਚੜ੍ਹਦੀਕਲਾ ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' DAILY CHARHDIKALA, CHANDIGARH ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਸੰਪਾਦਕ : ਦਮਨਦੀਪ ਸਿੰਘ

(Friday, 17 April 2026 ) ਚੰਡੀਗੜ੍ਹ, ਸ਼ੁੱਕਰਵਾਰ, 17 ਅਪ੍ਰੈਲ, 2026, 4 ਵੈਸਾਖ ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083

ਚੜ੍ਹਦੀਕਲਾ
ਦੇ ਪੱਤਰਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਈ ਵੀ ਪ੍ਰੈੱਸ ਨੋਟ, ਖ਼ਬਰ ਜਾਂ ਇਸ਼ਤਿਹਾਰ
news@charhdikala.com
ਉੱਤੇ ਹੀ ਭੇਜਿਆ ਜਾਵੇ ਜੀ

PRGI (RNI) Regd. No. CHPUN/25/A1790 ਸਾਲ (Year) 2 ਅੰਕ ਨੰਬਰ (Volume No.) 105 ਮੁੱਲ : 2.00 ਰੁਪਏ ਫ਼ੋਨ: +91-92168-07500 E-mail: news@charhdikala.com

## ਚੰਡੀਗੜ੍ਹ ਦੇ 5 ਨਾਮੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਮੁੜ ਮਿਲੀ ਧਮਕੀ

### ਪੁਲਿਸ ਤੇ ਸੁਰੱਖਿਆ ਏਜੰਸੀਆਂ ਹਾਈ ਅਲਰਟ 'ਤੇ



ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਸ਼ਹਿਰ ਵਿੱਚ ਉਸ ਸਮੇਂ ਹੜਕੰਪ ਮੱਚ ਗਿਆ ਜਦੋਂ ਵੱਖ-ਵੱਖ ਸੈਕਟਰਾਂ ਵਿੱਚ ਸਥਿਤ ਪੰਜ ਨਾਮੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀਆਂ ਈਮੇਲਾਂ ਮਿਲੀਆਂ। ਸੈਕਟਰ-49 ਸਥਿਤ ਰੇਆਨ ਇੰਟਰਨੈਸ਼ਨਲ ਸਕੂਲ, ਸੈਕਟਰ-45 ਦੇ ਸੈਂਟ ਸਟੀਫਨ ਸਕੂਲ, ਸੈਕਟਰ-41 ਦੇ ਅਜੀਤ ਕਰਮ ਸਿੰਘ ਸਕੂਲ, ਸੈਕਟਰ-32 ਦੇ ਸੌਂਪਿਨਜ਼ ਸਕੂਲ ਅਤੇ ਸੈਕਟਰ-26 ਦੇ ਸੈਂਟ ਜੌਨ ਸਕੂਲ ਨੂੰ ਧਮਕੀ ਮਿਲਣ ਤੋਂ ਬਾਅਦ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਤੁਰੰਤ ਹਰਕਤ ਵਿੱਚ ਆ ਗਈਆਂ।

ਸੂਚਨਾ ਮਿਲਦੇ ਹੀ ਸਾਰੇ ਸਕੂਲਾਂ ਵਿੱਚ ਸੁਰੱਖਿਆ ਵਜੋਂ ਸਰਚ ਓਪਰੇਸ਼ਨ ਸ਼ੁਰੂ ਕਰ ਦਿੱਤਾ ਗਿਆ। ਬੰਬ ਸਕੁਐਡ ਅਤੇ ਡੌਗ ਸਕੁਐਡ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਕੇ ਸਕੂਲ ਪ੍ਰਿਸਰਾਂ ਦੀ ਗਹਿਰਾਈ ਨਾਲ ਜਾਂਚ ਕਰ ਰਹੀਆਂ ਹਨ। ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦਿਆਂ ਸਕੂਲ ਪ੍ਰਬੰਧਕਾਂ ਨੇ ਲਾਜ਼ਮੀ ਕਦਮ ਚੁੱਕੇ ਅਤੇ ਕਈ ਥਾਵਾਂ 'ਤੇ ਬੱਚਿਆਂ ਨੂੰ ਸਮੇਂ ਤੋਂ ਪਹਿਲਾਂ ਛੁੱਟੀ ਦੇ ਦਿੱਤੀ ਗਈ।

ਪੁਲਿਸ ਅਧਿਕਾਰੀਆਂ ਮੁਤਾਬਕ, ਧਮਕੀ ਭਰੀਆਂ ਈਮੇਲਾਂ ਮਿਲਣ ਤੋਂ ਬਾਅਦ ਪੂਰੇ ਸ਼ਹਿਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ। ਸਕੂਲਾਂ ਦੇ ਆਲੇ-ਦੁਆਲੇ ਵਾਧੂ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ ਅਤੇ ਆਉਣ-ਜਾਣ ਵਾਲਿਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਫਿਲਹਾਲ ਕਿਸੇ ਵੀ ਸਕੂਲ ਤੋਂ ਕੋਈ ਸੰਦੇਹਜਨਕ ਵਸਤੂ ਮਿਲਣ ਦੀ ਸੂਚਨਾ ਨਹੀਂ ਹੈ।

ਸਾਈਬਰ ਸੈੱਲ ਦੀ ਟੀਮ ਈਮੇਲ ਦੇ ਸਰੋਤ ਦਾ ਪਤਾ ਲਗਾਉਣ ਵਿੱਚ ਜੁਟੀ ਹੋਈ ਹੈ। ਸ਼ੁਰੂਆਤੀ ਜਾਂਚ ਵਿੱਚ ਸ਼ਰਾਰਤੀ ਤੱਤਾਂ ਦੀ ਸਾਜ਼ਿਸ਼ ਦੀ ਸੰਭਾਵਨਾ ਜਤਾਈ ਜਾ ਰਹੀ ਹੈ, ਹਾਲਾਂਕਿ ਪੁਲਿਸ ਹਰ ਪੱਖ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ।

ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ 'ਤੇ ਧਿਆਨ ਨਾ ਦੇਣ ਅਤੇ ਕਿਸੇ ਵੀ ਸੰਦੇਹਜਨਕ ਗਤੀਵਿਧੀ ਦੀ ਜਾਣਕਾਰੀ ਤੁਰੰਤ ਪੁਲਿਸ ਨੂੰ ਦੇਣ।

## ਬੁਢਾਪਾ ਪੈਨਸ਼ਨ ਲਈ 352 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ, ਬਜ਼ੁਰਗਾਂ ਦੀ ਆਰਥਿਕ ਸੁਰੱਖਿਆ ਹੋਈ ਮਜ਼ਬੂਤ : ਡਾ. ਬਲਜੀਤ ਕੌਰ

### ਪੰਜਾਬ ਭਰ 'ਚ 23.51 ਲੱਖ ਤੋਂ ਵੱਧ ਬਜ਼ੁਰਗਾਂ ਨੂੰ ਮਹੀਨਾਵਾਰ ਪੈਨਸ਼ਨ ਦਾ ਲਾਭ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿੱਤੀ ਸਾਲ 2026-27 ਅਧੀਨ ਮਹੀਨਾ ਮਾਰਚ ਲਈ ਬੁਢਾਪਾ ਪੈਨਸ਼ਨ ਸਕੀਮ ਤਹਿਤ 352 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਭਲਾਈ ਅਤੇ ਆਰਥਿਕ ਸਹਾਇਤਾ ਯਕੀਨੀ ਬਣਾਉਣ ਲਈ ਲਗਾਤਾਰ ਯਤਨ ਕਰ ਰਹੀ ਹੈ।

ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਰ ਮਹੀਨੇ 23,51,338 ਬਜ਼ੁਰਗ ਲਾਭਪਾਤਰੀਆਂ ਨੂੰ ਬੁਢਾਪਾ ਪੈਨਸ਼ਨ ਮੁਹੱਈਆ ਕਰਵਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ 4000 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ ਤਾਂ ਜੋ ਯੋਗ ਲਾਭਪਾਤਰੀਆਂ ਨੂੰ ਸਮੇਂ ਸਿਰ ਆਰਥਿਕ ਸਹਾਇਤਾ ਮਿਲਦੀ ਰਹੇ। ਕੈਬਨਿਟ ਮੰਤਰੀ ਨੇ ਕਿਹਾ ਕਿ ਬਹੁਤ ਸਾਰੇ ਬਜ਼ੁਰਗਾਂ ਲਈ ਇਹ ਪੈਨਸ਼ਨ ਜੀਵਨ ਦੀ ਮਹੱਤਵਪੂਰਨ ਆਰਥਿਕ ਸਹਾਇਤਾ ਸਾਬਤ ਹੋ ਰਹੀ ਹੈ, ਜਿਸ ਨਾਲ ਉਹ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹੋਏ ਆਤਮ-ਨਿਰਭਰ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਕੀਮ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਸਨਮਾਨ ਅਤੇ ਸੁਰੱਖਿਆ ਪ੍ਰਦਾਨ ਕਰਨ ਦੇ ਉਦੇਸ਼ ਨੂੰ ਦਰਸਾਉਂਦੀ ਹੈ।



ਡਾ. ਬਲਜੀਤ ਕੌਰ ਨੇ ਦੱਸਿਆ ਕਿ 65 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਪੁਰਸ਼ ਅਤੇ 58 ਸਾਲ ਜਾਂ ਇਸ ਤੋਂ ਵੱਧ ਉਮਰ ਦੀਆਂ ਮਹਿਲਾਵਾਂ, ਜਿਨ੍ਹਾਂ ਦੀ ਸਾਲਾਨਾ ਆਮਦਨ 60,000 ਰੁਪਏ ਤੋਂ ਵੱਧ ਨਾ ਹੋਵੇ, ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਬਿਨੈਕਾਰਾਂ ਕੋਲ 2.5 ਏਕੜ ਤੱਕ ਨਹਿਰੀ/ਚਾਹੀ ਜ਼ਮੀਨ, ਜਾਂ 5 ਏਕੜ ਤੱਕ ਬਾਰਾਨੀ ਜ਼ਮੀਨ, ਜਾਂ ਪਾਣੀ ਵਾਲੇ ਇਲਾਕੇ ਵਿੱਚ 5 ਏਕੜ ਤੱਕ ਜ਼ਮੀਨ (ਪਤੀ-ਪਤਨੀ ਦੀ ਮਿਲੀ ਹੋਈ ਜ਼ਮੀਨ ਸਮੇਤ) ਹੈ, ਉਹ ਵੀ ਇਸ ਸਕੀਮ ਲਈ ਯੋਗ ਹਨ।

ਕੈਬਨਿਟ ਮੰਤਰੀ ਨੇ ਸਾਰੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀਆਂ ਅਤੇ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੈਨਸ਼ਨਾਂ ਦੀ ਸਮੇਂ ਸਿਰ ਵੰਡ ਯਕੀਨੀ ਬਣਾਈ ਜਾਵੇ ਅਤੇ ਬਕਾਇਆ ਅਰਜ਼ੀਆਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਨਿਯਮਿਤ ਨਿਗਰਾਨੀ ਅਤੇ ਫੀਲਡ ਪੱਧਰ 'ਤੇ ਜਾਂਚ ਕੀਤੀ ਜਾਵੇ ਤਾਂ ਜੋ ਕੋਈ ਵੀ ਯੋਗ ਬਜ਼ੁਰਗ ਲਾਭ ਤੋਂ ਵਾਂਝਾ ਨਾ ਰਹੇ ਅਤੇ ਪਾਰਦਰਸ਼ੀ ਢੰਗ ਨਾਲ ਲਾਭਪਾਤਰੀਆਂ ਤੱਕ ਰਕਮ ਪਹੁੰਚ ਸਕੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਪਣੇ ਬਜ਼ੁਰਗਾਂ ਨੂੰ ਸਮਾਜ ਦੀ ਅਨਮੋਲ ਧਰੋਹਰ ਮੰਨਦੀ ਹੈ ਅਤੇ ਉਨ੍ਹਾਂ ਦੀ ਭਲਾਈ ਅਤੇ ਸੁਰੱਖਿਆ ਲਈ ਲਗਾਤਾਰ ਕੰਮ ਕਰ ਰਹੀ ਹੈ।

### ਸਮਾਜਿਕ ਸੁਰੱਖਿਆ ਸਕੀਮਾਂ ਨੂੰ ਮਿਲੀ ਹੋਰ ਮਜ਼ਬੂਤੀ

ਡਾ. ਬਲਜੀਤ ਕੌਰ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਰਾਜ ਦਾ ਹਰ ਬਜ਼ੁਰਗ ਇੱਜ਼ਤ, ਆਤਮ-ਨਿਰਭਰਤਾ ਅਤੇ ਸੁਰੱਖਿਆ ਨਾਲ ਜੀਵਨ ਬਤੀਤ ਕਰ ਸਕੇ।

## ਕਰਾਸ ਵੋਟਿੰਗ ਕਰਨ ਵਾਲੇ ਪੰਜ ਵਿਧਾਇਕ ਕਾਂਗਰਸ ਵੱਲੋਂ ਮੁਅੱਤਲ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਹਰਿਆਣਾ ਕਾਂਗਰਸ ਨੇ ਵੀਰਵਾਰ ਨੂੰ ਉਨ੍ਹਾਂ ਪੰਜ ਵਿਧਾਇਕਾਂ ਨੂੰ ਮੁਅੱਤਲ ਕਰ ਦਿੱਤਾ ਹੈ ਜਿਨ੍ਹਾਂ ਨੇ 16 ਮਾਰਚ ਨੂੰ ਹੋਈਆਂ ਰਾਜ ਸਭਾ ਚੋਣਾਂ ਵਿੱਚ ਪਾਰਟੀ ਦੇ ਵਿਰੁੱਧ ਜਾ ਕੇ ਵੋਟ (ਕਰਾਸ ਵੋਟ) ਪਾਈ ਸੀ। ਇਨ੍ਹਾਂ ਵਿਧਾਇਕਾਂ ਵਿੱਚ ਨਾਰਾਇਣਗੜ੍ਹ ਤੋਂ ਵਿਧਾਇਕ ਸ਼ੈਲੀ ਚੌਧਰੀ, ਸਢੌਰਾ ਤੋਂ ਵਿਧਾਇਕ ਰੇਣੂ ਬਾਲਾ, ਰਤੀਆ ਤੋਂ ਵਿਧਾਇਕ ਜਰਨੈਲ ਸਿੰਘ, ਹਥੀਨ ਤੋਂ ਵਿਧਾਇਕ ਮੁਹੰਮਦ ਇਸਰਾਈਲ ਅਤੇ ਪੁਨਹਾਨਾ ਤੋਂ ਵਿਧਾਇਕ ਮੁਹੰਮਦ ਇਲਿਆਸ ਸ਼ਾਮਲ ਹਨ।ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਿਆਣਾ ਕਾਂਗਰਸ ਦੇ ਪ੍ਰਧਾਨ ਰਾਓ ਨਰਿੰਦਰ ਸਿੰਘ ਨੇ ਕਿਹਾ, ਕਿ ਪੰਜ ਵਿਧਾਇਕਾਂ ਨੂੰ ਕਰਾਸ ਵੋਟਿੰਗ ਲਈ ਮੁਅੱਤਲ ਕਰ ਦਿੱਤਾ ਗਿਆ ਹੈ। ਅਨੁਸ਼ਾਸਨੀ ਕਾਰਵਾਈ ਕਮੇਟੀ ਦੀ ਰਿਪੋਰਟ ਨੂੰ ਸਵੀਕਾਰ ਕਰ ਲਿਆ ਗਿਆ ਹੈ। ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਬੀ ਕੇ ਹਰੀਪ੍ਰਸਾਦ ਨੇ ਵੀ ਇਸ ਕਾਰਵਾਈ ਦੀ ਪੁਸ਼ਟੀ ਕੀਤੀ ਹੈ। ਇਨ੍ਹਾਂ ਪੰਜ ਵਿਧਾਇਕਾਂ ਨੇ ਭਾਜਪਾ ਦੀ ਹਮਾਇਤ ਵਾਲੇ ਆਜ਼ਾਦ ਉਮੀਦਵਾਰ ਸਤੀਸ਼ ਨੰਦਲ ਦੇ ਹੱਕ ਵਿੱਚ ਵੋਟ ਪਾਈ ਸੀ।

## ਕਿਸਾਨਾਂ ਵੱਲੋਂ ਚੰਡੀਗੜ੍ਹ 'ਚ ਅੰਦੋਲਨ ਦੀ ਤਿਆਰੀ

### ਲੈਂਡ ਪੂਲਿੰਗ ਸਮੇਤ ਕਈ ਮੰਗਾਂ 'ਤੇ ਅੜੇ ਕਿਸਾਨ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਲੈਂਡ ਪੂਲਿੰਗ ਸਮੇਤ ਕਈ ਮੰਗਾਂ 'ਤੇ ਅੜੇ ਕਿਸਾਨ ਹੁਣ ਅੰਦੋਲਨ ਦੀ ਤਿਆਰੀ ਵਿੱਚ ਹਨ। ਜਲਦੀ ਹੀ ਮਹਾਂਪੰਚਾਇਤ ਕਰਕੇ ਅੰਦੋਲਨ ਦਾ ਫੈਸਲਾ ਲਿਆ ਜਾਵੇਗਾ ਅਤੇ ਅੱਗੇ ਦੀ ਰਣਨੀਤੀ ਤਿਆਰ ਕੀਤੀ ਜਾਵੇਗੀ। ਪੇਂਡੂ ਵਿਕਾਸ ਮੰਚ ਦੇ ਪ੍ਰਧਾਨ ਸਤਿੰਦਰ ਸਿੱਧੂ ਨੇ ਦੱਸਿਆ ਕਿ ਮਹਾਂਪੰਚਾਇਤ ਵਿੱਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਵੀ ਵੱਡੀ ਗਿਣਤੀ ਵਿੱਚ ਕਿਸਾਨ ਸ਼ਾਮਲ ਹੋਣਗੇ।

ਕਿਸਾਨਾਂ ਦਾ ਕਹਿਣਾ ਹੈ ਕਿ ਇੱਕ ਪਾਸੇ ਚੰਡੀਗੜ੍ਹ ਦੇ ਉਦਯੋਗਪਤੀਆਂ ਲਈ ਨੀਤੀਆਂ ਬਣਾਈਆਂ ਜਾ ਰਹੀਆਂ ਹਨ, ਤਾਂ ਦੂਜੇ ਪਾਸੇ 22 ਪਿੰਡਾਂ ਦੇ ਕਿਸਾਨਾਂ, ਪਿੰਡ ਵਾਸੀਆਂ ਅਤੇ ਜ਼ਮੀਨ ਮਾਲਕਾਂ ਲਈ ਹੁਣ ਤੱਕ ਕੋਈ ਠੋਸ ਨੀਤੀ ਨਹੀਂ ਉਲੀਕੀ ਗਈ। ਉਨ੍ਹਾਂ ਨੇ ਇਸ ਨੂੰ ਮੰਦਭਾਗਾ ਦੱਸਦਿਆਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੇ 'ਸਿਟੀ ਬਿਊਟੀਫੁਲ' ਦੇ ਨਿਰਮਾਣ ਲਈ ਆਪਣੀ ਉਪਜਾਊ ਜ਼ਮੀਨ ਦਿੱਤੀ, ਅੱਜ ਉਹੀ ਆਪਣੇ ਹੱਕਾਂ ਤੋਂ ਵਾਂਝੇ ਹਨ। ਪਿਛਲੇ ਮਹੀਨੇ ਕਿਸਾਨਾਂ ਨੇ ਮੁੱਲਾਂਪੁਰ ਚੌਕ ਨੇੜੇ ਇੱਕ ਦਿਨ ਲਈ ਧਰਨਾ ਦਿੱਤਾ ਸੀ।

**ਕਿਸਾਨਾਂ ਦੀਆਂ ਤਿੰਨ ਮੁੱਖ ਮੰਗਾਂ:**

ਲੈਂਡ ਪੂਲਿੰਗ ਪਾਲਿਸੀ: ਕਿਸਾਨਾਂ ਦੀ ਮੰਗ ਹੈ ਕਿ ਪੰਜਾਬ ਅਤੇ ਹਰਿਆਣਾ ਦੀ ਤਰਜ਼ 'ਤੇ ਚੰਡੀਗੜ੍ਹ ਵਿੱਚ ਵੀ ਲੈਂਡ ਪੂਲਿੰਗ ਪਾਲਿਸੀ ਬਣਾਈ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਮੌਜੂਦਾ ਪ੍ਰਬੰਧ ਵਿੱਚ ਜ਼ਮੀਨ ਐਕੁਆਇਰ ਕਰਨ ਬਦਲੇ ਸਿਰਫ਼ ਮੁਆਵਜ਼ਾ ਦਿੱਤਾ ਜਾਂਦਾ ਹੈ, ਜਦਕਿ ਪੰਜਾਬ ਵਿੱਚ ਜ਼ਮੀਨ ਦੇ ਬਦਲੇ ਪਲਾਟ ਅਤੇ ਕਮਰਸ਼ੀਅਲ ਦੁਕਾਨ ਦੇਣ ਦੀ ਵਿਵਸਥਾ ਹੈ।

ਮਲਟੀਪਲਾਈਂਗ ਫੈਕਟਰ ਵਧਾਇਆ ਜਾਵੇ: ਫਿਲਹਾਲ ਚੰਡੀਗੜ੍ਹ ਵਿੱਚ ਕਲੈਕਟਰ



ਰੇਟ ਦਾ 1.25 ਗੁਣਾ ਮੁਆਵਜ਼ਾ ਦਿੱਤਾ ਜਾਂਦਾ ਹੈ, ਜਦਕਿ ਪੰਜਾਬ ਵਿੱਚ ਇਸ ਨੂੰ ਵਧਾ ਕੇ ਦੋ ਗੁਣਾ ਕੀਤਾ ਗਿਆ ਹੈ। ਕਿਸਾਨਾਂ ਦੀ ਮੰਗ ਹੈ ਕਿ ਚੰਡੀਗੜ੍ਹ ਵਿੱਚ ਵੀ ਇਹ ਫੈਕਟਰ 2 ਕੀਤਾ ਜਾਵੇ।

ਲਾਲ ਡੋਰਾ ਪਾਲਿਸੀ ਖ਼ਤਮ ਹੋਵੇ: ਕਿਸਾਨਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਦੇ ਦਾਇਰੇ ਵਿੱਚ ਆਉਣ ਦੇ ਬਾਵਜੂਦ ਲਾਲ ਡੋਰਾ ਪਾਲਿਸੀ ਲਾਗੂ ਹੋਣ ਕਾਰਨ ਲੋਕਾਂ ਨੂੰ ਬਿਜਲੀ-ਪਾਣੀ ਵਰਗੀਆਂ ਮੁੱਢਲੀਆਂ ਸਹੂਲਤਾਂ ਨਹੀਂ ਮਿਲ ਪਾਉਂਦੀਆਂ। ਇਸ ਲਈ ਇਸ ਨੂੰ ਖ਼ਤਮ ਕੀਤਾ ਜਾਵੇ।


ਕੌਂਸਲਰ ਸਤਿੰਦਰ ਸਿੱਧੂ ਨੇ ਸਵਾਲ ਉਠਾਇਆ ਕਿ ਜਦੋਂ ਪੰਜਾਬ ਅਤੇ ਹਰਿਆਣਾ ਵਿੱਚ ਲੈਂਡ ਪੂਲਿੰਗ ਪਾਲਿਸੀ ਲਾਗੂ ਹੈ ਤਾਂ ਚੰਡੀਗੜ੍ਹ ਵਿੱਚ ਇਸ ਨੂੰ ਕਿਉਂ ਨਹੀਂ ਅਪਣਾਇਆ ਜਾ ਰਿਹਾ। ਉਨ੍ਹਾਂ ਨੇ ਰਾਜਪਾਲ, ਸਲਾਹਕਾਰ, ਵਿੱਤ ਸਕੱਤਰ ਅਤੇ ਡਿਪਟੀ ਕਮਿਸ਼ਨਰ ਨੂੰ ਇਸ ਦਿਸ਼ਾ ਵਿੱਚ ਜਲਦੀ ਫੈਸਲਾ ਲੈਣ ਦੀ ਅਪੀਲ ਕੀਤੀ।

ਚੰਡੀਗੜ੍ਹ ਤੋਂ ਏਅਰਪੋਰਟ ਤੱਕ ਬਦਲਵੀਂ ਸੜਕ ਦੇ ਨਿਰਮਾਣ ਲਈ ਜ਼ਮੀਨ ਐਕੁਆਇਰ ਕਰਨ ਨੂੰ ਲੈ ਕੇ ਕਰੀਬ ਦੋ ਸਾਲ ਤੱਕ ਵਿਵਾਦ ਚੱਲਿਆ ਸੀ। ਉਸ ਸਮੇਂ ਵੀ ਕਿਸਾਨਾਂ ਨੇ ਲੈਂਡ ਪੂਲਿੰਗ ਪਾਲਿਸੀ ਤੋਂ ਬਿਨਾਂ ਜ਼ਮੀਨ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕਿਸਾਨਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਪੰਜਾਬ ਅਤੇ ਹਰਿਆਣਾ ਵਾਂਗ ਚੰਡੀਗੜ੍ਹ ਵਿੱਚ ਵੀ ਵੱਡਾ ਅਤੇ ਪੱਕਾ ਧਰਨਾ ਦਿੱਤਾ ਜਾਵੇਗਾ।

## ਚੀਮਾ ਵੱਲੋਂ 15 ਮਈ ਤੱਕ ਵਿਕਾਸ ਕਾਰਜ ਮੁਕੰਮਲ ਕਰਨ ਦੇ ਨਿਰਦੇਸ਼

### ਫੰਡਾਂ ਦੀ ਕੋਈ ਕਮੀ ਨਹੀਂ : ਚੀਮਾ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਡਿਪਟੀ ਕਮਿਸ਼ਨਰਾਂ ਨੂੰ ਸਪੱਸ਼ਟ ਹਦਾਇਤਾਂ ਜਾਰੀ ਕਰਦਿਆਂ 15 ਮਈ ਤੱਕ ਰੰਗਲਾ ਪੰਜਾਬ ਵਿਕਾਸ ਸਕੀਮ ਦੇ ਪਹਿਲੇ ਪੜਾਅ ਅਧੀਨ ਚੱਲ ਰਹੇ ਵਿਕਾਸ ਕਾਰਜਾਂ ਨੂੰ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ।



ਵਿੱਤ ਮੰਤਰੀ ਨੇ ਸਾਰੇ ਜ਼ਿਲ੍ਹਾ ਪ੍ਰਸ਼ਾਸਨਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਇਨ੍ਹਾਂ ਸਰੋਤਾਂ ਦੀ ਸੁਚੱਜੇ ਢੰਗ ਨਾਲ ਅਤੇ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸਖ਼ਤੀ ਨਾਲ ਵਰਤੋਂ ਕੀਤੀ ਜਾਵੇ, ਕਿਉਂਕਿ ਫੰਡਾਂ ਦੀ ਬਿਲਕੁਲ ਕੋਈ ਕਮੀ ਨਹੀਂ ਹੈ। ਚੀਮਾ ਨੇ ਡਿਪਟੀ ਕਮਿਸ਼ਨਰਾਂ ਨੂੰ ਸਬੰਧਤ ਵਿਭਾਗੀ ਅਧਿਕਾਰੀਆਂ ਵੱਲੋਂ ਨਿਯਮਤ ਫੀਲਡ ਦੌਰੇ ਲਾਜ਼ਮੀ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਇਸ ਕਦਮ ਦਾ ਉਦੇਸ਼ ਜ਼ਮੀਨੀ ਪੱਧਰ 'ਤੇ ਚੱਲ ਰਹੀਆਂ ਵਿਕਾਸ ਪਹਿਲਕਦਮੀਆਂ ਦੀ ਗੁਣਵੱਤਾ ਅਤੇ ਰਫ਼ਤਾਰ ਦੋਵਾਂ ਦੀ ਬਾਰੀਕੀ ਨਾਲ ਨਿਗਰਾਨੀ ਕਰਨਾ ਹੈ।

ਇਸ ਮੌਕੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੇ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਸਮਰਪਿਤ ਨੋਡਲ ਅਫ਼ਸਰ ਨਿਯੁਕਤ ਕਰਨ ਦੀਆਂ ਹਦਾਇਤਾਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਇਹ ਅਧਿਕਾਰੀ ਸਾਰੇ ਵਿਕਾਸ ਕਾਰਜਾਂ ਦੀਆਂ ਰੀਅਲ-ਟਾਈਮ ਸਥਿਤੀ ਰਿਪੋਰਟਾਂ ਨੂੰ ਸਿੱਧਾ ਰੰਗਲਾ ਪੰਜਾਬ ਪੋਰਟਲ 'ਤੇ ਅਪਲੋਡ ਕਰਨ ਦੀ ਜ਼ਿੰਮੇਵਾਰੀ ਨਿਭਾਉਣਗੇ। ਜਿਹੜੇ ਵੀ ਸਬੰਧਤ ਕਰਮਚਾਰੀਆਂ ਨੇ ਅਜੇ ਤੱਕ ਪੋਰਟਲ ਦੀ ਸਿਖਲਾਈ ਪ੍ਰਾਪਤ ਨਹੀਂ ਕੀਤੀ ਹੈ, ਉਨ੍ਹਾਂ ਨੂੰ ਭਲਕੇ ਨੈਸ਼ਨਲ ਇਨਫੋਰਮੈਟਿਕਸ ਸੈਂਟਰ (ਐਨਆਈਸੀ) ਦੁਆਰਾ ਕਰਵਾਏ ਜਾਣ ਵਾਲੇ ਇੱਕ ਵਿਸ਼ੇਸ਼ ਸਿਖਲਾਈ ਸੈਸ਼ਨ ਵਿਚ ਜ਼ਰੂਰ ਸ਼ਾਮਲ ਹੋਣ।

## ਸਾਂਸਦ ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ ਹਾਈਕੋਰਟ ਵੱਲੋਂ ਖ਼ਾਰਜ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਕੌਮੀ ਸੁਰੱਖਿਆ ਐਕਟਤਹਿਤ ਹਿਰਾਸਤ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖ਼ਾਰਜ ਕਰ ਦਿੱਤੀ ਹੈ। ਮੁੱਖ ਜੱਜ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਨੇ ਅੱਜ ਖੁੱਲ੍ਹੀ ਅਦਾਲਤ ਵਿੱਚ ਫੈਸਲਾ ਸੁਣਾਉਂਦਿਆਂ ਕਿਹਾ ਕਿ ਅੰਮ੍ਰਿਤਪਾਲ ਵਿਰੁੱਧ ਜਾਰੀ ਹਿਰਾਸਤ ਦੇ ਹੁਕਮ ਪੂਰੀ ਤਰ੍ਹਾਂ ਸਪੱਸ਼ਟ ਹਨ ਅਤੇ ਇਹ ਨਿਆਂਇਕ ਸਮੀਖਿਆ ਦੇ ਦਾਇਰੇ ਵਿੱਚ ਨਹੀਂ ਆਉਂਦੇ।



ਅੰਮ੍ਰਿਤਪਾਲ ਸਿੰਘ ਨੇ ਆਪਣੀ ਪਟੀਸ਼ਨ ਵਿੱਚ ਦਾਅਵਾ ਕੀਤਾ ਸੀ ਕਿ ਉਸ ਦੀ ਹਿਰਾਸਤ 'ਮਨਮਾਨੀ' ਹੈ ਅਤੇ ਸੰਵਿਧਾਨ ਦੀ ਧਾਰਾ 21 ਤੇ 22 ਤਹਿਤ ਮਿਲੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਉਸ ਦੇ ਵਕੀਲ ਨੇ ਦਲੀਲ ਦਿੱਤੀ ਸੀ ਕਿ ਅੰਮ੍ਰਿਤਪਾਲ ਸਮਾਜ ਸੁਧਾਰਕ ਵਜੋਂ ਨਸ਼ਾ ਵਿਰੋਧੀ ਮੁਹਿੰਮਾਂ ਚਲਾ ਰਿਹਾ ਸੀ ਅਤੇ ਉਸ ਦੇ ਭਾਸ਼ਣ ਸਿੱਖ ਕਦਰਾਂ-ਕੀਮਤਾਂ 'ਤੇ ਆਧਾਰਿਤ ਸਨ, ਨਾ ਕਿ ਹਿੰਸਾ ਜਾਂ ਵੱਖਵਾਦ 'ਤੇ।

ਦੂਜੇ ਪਾਸੇ, ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਐਡਵੋਕੇਟ ਅਨੁਪਮ ਗੁਪਤਾ ਨੇ ਹਿਰਾਸਤ ਦਾ ਬਚਾਅ ਕਰਦਿਆਂ ਬਹੁਤ ਗੰਭੀਰ ਤੱਥ ਪੇਸ਼ ਕੀਤੇ। ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਅੰਮ੍ਰਿਤਪਾਲ ਦੇ ਤਾਰ ਖ਼ਤਰਨਾਕ ਦਹਿਸ਼ਤਗਰਦਾਂ ਅਤੇ ਗੈਂਗਸਟਰਾਂ ਨਾਲ ਜੁੜੇ ਹੋਏ ਹਨ। ਸਰਕਾਰ ਨੇ ਇੱਕ 15 ਮੈਂਬਰੀ 'ਹਿੱਟ ਲਿਸਟ' ਦਾ ਵੀ ਹਵਾਲਾ ਦਿੱਤਾ, ਜਿਸ ਕਾਰਨ ਸੁਰੱਖਿਆ ਲਈ ਵੱਡਾ ਖ਼ਤਰਾ ਪੈਦਾ ਹੋ ਸਕਦਾ ਸੀ। ਗੁਪਤਾ ਨੇ ਕਿਹਾ, ' ਜੇਕਰ ਮੈਂ ਇਸ ਹਿਰਾਸਤ ਦੇ ਅਧਾਰ ਨੂੰ ਇੱਕ ਲਾਈਨ ਵਿੱਚ ਬਿਆਨ ਕਰਾਂ, ਤਾਂ ਇਹ ਹਿੱਟ ਲਿਸਟ ਕਾਰਨ ਪੈਦਾ ਹੋਇਆ ਗੰਭੀਰ ਖ਼ਤਰਾ ਅਤੇ ਖ਼ੌਫ਼ਨਾਕ ਦਹਿਸ਼ਤਗਰਦਾਂ ਨਾਲ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਸਬੰਧ ਹਨ।ਬੈਂਚ ਨੇ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਕਿਹਾ ਕਿ ਜਨਤਕ ਸੁਰੱਖਿਆ ਅਤੇ ਦੇਸ਼ ਦੀ ਅਖੰਡਤਾ ਨੂੰ ਦੇਖਦੇ ਹੋਏ ਲਏ ਗਏ ਪ੍ਰਸ਼ਾਸਨਿਕ ਫੈਸਲੇ ਦਿਨ ਦੇ ਚਾਨਣ ਵਾਂਗ ਸਾਫ਼ ਹਨ। ਇਸ ਦੇ ਨਾਲ ਹੀ ਅਦਾਲਤ ਨੇ ਪਟੀਸ਼ਨਰ ਦੀ ਉਸ ਦਲੀਲ ਨੂੰ ਵੀ ਰੱਦ ਕਰ ਦਿੱਤਾ ਕਿ ਹਿਰਾਸਤ ਸਿਰਫ਼ ਪੁਰਾਣੀਆਂ ਐਫਆਈਆਰਜ਼ 'ਤੇ ਆਧਾਰਿਤ ਹੈ। ਕੇਂਦਰ ਸਰਕਾਰ ਵੱਲੋਂ ਐਡੀਸ਼ਨਲ ਸਾਲਿਸਟਰ ਜਨਰਲ ਸੱਤਿਆ ਪਾਲ ਜੈਨ ਨੇ ਪੱਖ ਰੱਖਿਆ। ਇਸ ਫੈਸਲੇ ਤੋਂ ਬਾਅਦ ਹੁਣ ਅੰਮ੍ਰਿਤਪਾਲ ਸਿੰਘ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਹਿਰਾਸਤ ਜਾਰੀ ਰਹੇਗੀ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਅਪ੍ਰੈਲ 2023 ਤੋਂ ਅਸਾਮ ਦੀ ਡਿਬਰੂਗੜ੍ਹ ਸੈਂਟਰਲ ਜੇਲ੍ਹ ਵਿੱਚ ਬੰਦ ਹੈ

## ਚੀਮਾ ਨੇ ਡਿਊਟੀ ਦੌਰਾਨ ਜਾਨ ਗੁਆਉਣ ਵਾਲੇ ਪੀ.ਆਰ.ਟੀ.ਸੀ. ਕੰਡਕਟਰ ਦੇ ਪਰਿਵਾਰ ਨੂੰ ਸੌਂਪਿਆ 40 ਲੱਖ ਰੁਪਏ ਦਾ ਚੈਕ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਪੰਜਾਬ ਸਰਕਾਰ ਨੇ ਆਪਣੇ ਮੁਲਾਜ਼ਮਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਮਾਜਿਕ ਸੁਰੱਖਿਆ ਪ੍ਰਤੀ ਵਚਨਬੱਧਤਾ ਦੁਹਰਾਉਂਦਿਆਂ ਇੱਕ ਅਹਿਮ ਕਦਮ ਚੁੱਕਿਆ ਹੈ। ਸੂਬੇ ਦੇ ਵਿੱਤ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਪੀ.ਆਰ.ਟੀ.ਸੀ. ਦੇ ਮਰਹੂਮ ਕੰਡਕਟਰ ਰਮਨਦੀਪ ਸਿੰਘ ਦੇ ਪਰਿਵਾਰ ਨੂੰ 40 ਲੱਖ ਰੁਪਏ ਦਾ ਬੀਮਾ ਚੈੱਕ ਭੇਟ ਕੀਤਾ।




ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਘੁਮਿਆਰਾ ਨਾਲ ਸਬੰਧਤ ਰਮਨਦੀਪ ਸਿੰਘ, ਜੋ ਕਿ 2017 ਤੋਂ ਪੀ.ਆਰ.ਟੀ.ਸੀ. ਵਿੱਚ ਸੇਵਾ ਨਿਭਾ ਰਿਹਾ ਸੀ, ਨੇ ਡਿਊਟੀ ਦੌਰਾਨ ਇੱਕ ਦੁਖਦਾਈ ਹਾਦਸੇ ਵਿੱਚ ਆਪਣੀ ਜਾਨ ਗੁਆ ਦਿੱਤੀ ਸੀ। ਵਿੱਤ ਮੰਤਰੀ ਨੇ ਰਮਨਦੀਪ ਦੇ ਪਿਤਾ ਪ੍ਰਗਟ ਸਿੰਘ ਨੂੰ ਇਹ ਸਹਾਇਤਾ ਰਾਸ਼ੀ ਸੌਂਪਦਿਆਂ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਇਹ ਸਹਾਇਤਾ ਪੀ.ਆਰ.ਟੀ.ਸੀ. ਅਤੇ ਪੰਜਾਬ ਐਂਡ ਸਿੰਧ ਬੈਂਕ ਵਿਚਕਾਰ ਹੋਏ ਵਿਸ਼ੇਸ਼ ਬੀਮਾ ਸਮਝੌਤੇ ਤਹਿਤ ਸੰਭਵ ਹੋਈ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਸਰਕਾਰ ਆਪਣੇ ਕਰਮਚਾਰੀਆਂ ਨੂੰ ਅਣਕਿਆਸੇ ਦੁਖਾਂਤ ਵੇਲੇ ਇਕੱਲਾ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਦੀ ਵਿੱਤੀ ਸੁਰੱਖਿਆ ਯਕੀਨੀ ਬਣਾਉਣਾ ਸਰਕਾਰ ਦੀ ਮੁੱਖ ਤਰਜੀਹ ਹੈ। ਆਊਟਸੋਰਸਿੰਗ ਰਾਹੀਂ ਭਰਤੀ ਹੋਏ ਕਰਮਚਾਰੀਆਂ ਦੇ ਹਿੱਤਾਂ ਦਾ ਵੀ ਪੂਰਾ ਖ਼ਿਆਲ ਰੱਖਿਆ ਜਾ ਰਿਹਾ ਹੈ। ਇਸ ਮੌਕੇ ਪੀ.ਆਰ.ਟੀ.ਸੀ. ਦੇ ਚੇਅਰਮੈਨ ਹਰਪਾਲ ਜੁਨੇਜਾ, ਐਮ.ਡੀ. ਬਿਕਰਮਜੀਤ ਸਿੰਘ ਸ਼ੇਰਗਿੱਲ ਅਤੇ ਬੈਂਕ ਦੇ ਉੱਚ ਅਧਿਕਾਰੀ ਵੀ ਮੌਜੂਦ ਸਨ। ਉਨ੍ਹਾਂ ਰਮਨਦੀਪ ਸਿੰਘ ਦੀਆਂ ਸੇਵਾਵਾਂ ਨੂੰ ਯਾਦ ਕਰਦਿਆਂ ਪਰਿਵਾਰ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ।

## 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ 39 ਲੱਖ ਕਾਰਡ ਜਾਰੀ

ਚੰਡੀਗੜ੍ਹ, 16 ਅਪ੍ਰੈਲ (ਚ. ਨ.ਸ.): ਭਗਵੰਤ ਮਾਨ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ (ਐਮਐਮਐਸਵਾਈ) ਭਾਰਤ ਦੀ ਸਭ ਤੋਂ ਵਿਆਪਕ ਜਨਤਕ ਸਿਹਤ ਸੰਭਾਲ ਸੁਰੱਖਿਆ ਯੋਜਨਾਵਾਂ ਵਿੱਚੋਂ ਇੱਕ ਵਜੋਂ ਉਭਰੀ ਹੈ। ਇਸ ਯੋਜਨਾ ਤਹਿਤ ਪੰਜਾਬ ਭਰ ਵਿੱਚ ਪ੍ਰਤੀ ਪਰਿਵਾਰ ਸਾਲਾਨਾ 10 ਲੱਖ ਰੁਪਏ ਤੱਕ ਦਾ ਨਕਦ ਰਹਿਤ ਮੈਡੀਕਲ ਕਵਰੇਜ ਪ੍ਰਦਾਨ ਕੀਤਾ ਜਾਂਦਾ ਹੈ। ਯੋਜਨਾ ਦੇ ਸ਼ੁਰੂ ਹੋਣ ਤੋਂ ਬਾਅਦ ਇਸਦਾ ਤੇਜ਼ੀ ਨਾਲ ਵਿਸਥਾਰ ਹੋਇਆ ਹੈ। ਹੁਣ ਤੱਕ ਲਗਭਗ 39 ਲੱਖ ਸਿਹਤ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੈਂਪਾਂ, ਕਮਿਊਨਿਟੀ ਸਰਵਿਸ ਸੈਂਟਰਾਂ, ਸੁਵਿਧਾ ਕੇਂਦਰਾਂ ਅਤੇ ਹੋਰ ਸਰਕਾਰੀ ਸੰਸਥਾਵਾਂ ਰਾਹੀਂ ਰਜਿਸਟ੍ਰੇਸ਼ਨ ਜਾਰੀ ਹੈ। ਮੌਜੂਦਾ ਸਰਕਾਰੀ ਅਪਡੇਟਾਂ ਮੁਤਾਬਕ, ਇਸ ਯੋਜਨਾ ਦਾ ਮਕਸਦ ਲਗਭਗ 65 ਲੱਖ ਪਰਿਵਾਰਾਂ ਨੂੰ ਕਵਰ ਕਰਨਾ ਹੈ, ਜਿਸ ਨਾਲ ਕਰੀਬ 3 ਕਰੋੜ ਲੋਕਾਂ ਨੂੰ ਲਾਭ ਮਿਲੇਗਾ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ,ਮੁੱਖ ਮੰਤਰੀ ਸਿਹਤ ਯੋਜਨਾ ਆਰਥਿਕ ਤੌਰ 'ਤੇ ਸੁਰੱਖਿਅਤ ਸਿਹਤ ਸੇਵਾਵਾਂ ਵੱਲ ਇੱਕ ਵੱਡਾ ਕਦਮ ਹੈ, ਜਿਸ ਨਾਲ ਪਰਿਵਾਰ ਬਿਨਾਂ ਕਿਸੇ ਭੁਗਤਾਨ ਦੇ ਜੀਵਨ-ਰੱਖਿਅਕ ਅਤੇ ਮਹੱਤਵਪੂਰਨ ਇਲਾਜ ਪ੍ਰਾਪਤ ਕਰ ਸਕਦੇ ਹਨ। ਸੂਬਾ ਵਾਸੀਆਂ ਨੂੰ ਸਮੇਂ ਸਿਰ ਰਜਿਸਟ੍ਰੇਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤਾਂ ਜੋ ਲੋੜ ਪੈਣ 'ਤੇ ਨਕਦ ਰਹਿਤ ਸਿਹਤ ਸੇਵਾਵਾਂ ਦਾ ਲਾਭ ਬਿਨਾ ਰੁਕਾਵਟ ਮਿਲ ਸਕੇ। ਉਨ੍ਹਾਂ ਅੱਗੇ ਕਿਹਾ, ਇਸ ਯੋਜਨਾ ਦਾ ਉਦੇਸ਼ ਪੰਜਾਬ ਨੂੰ ਇੱਕ ਅਜਿਹੀ ਨਕਦ ਰਹਿਤ ਅਤੇ ਡਿਜ਼ਿਟਲ ਏਕੀਕ੍ਰਿਤ ਸਿਹਤ ਪ੍ਰਣਾਲੀ ਵੱਲ ਲੈ ਜਾਣਾ ਹੈ, ਜਿੱਥੇ ਹਰ ਵਿਅਕਤੀ ਲਈ ਇਲਾਜ ਉਪਲੱਬਧ ਹੋਵੇ ਅਤੇ ਆਰਥਿਕ ਕਾਰਨਾਂ ਕਰਕੇ ਇਲਾਜ ਵਿੱਚ ਦੇਰੀ ਨਾ ਹੋਵੇ। ਇਸ ਯੋਜਨਾ ਤਹਿਤ 2,300 ਤੋਂ ਵੱਧ ਇਲਾਜ ਪ੍ਰਕਿਰਿਆਵਾਂ ਸ਼ਾਮਲ ਹਨ ਅਤੇ ਪੰਜਾਬ ਤੇ ਚੰਡੀਗੜ੍ਹ ਦੇ 850 ਤੋਂ ਵੱਧ ਸਰਕਾਰੀ ਅਤੇ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਇਲਾਜ ਦੀ ਸਹੂਲਤ ਉਪਲੱਬਧ ਹੈ।

## ਭਰਤੀ ਨਿਯਮਾਂ 'ਚ ਦੇਰੀ ਕਾਰਨ ਘਿਰਿਆ ਚੰਡੀਗੜ੍ਹ ਪ੍ਰਸ਼ਾਸਨ, ਚਾਰ ਸਾਲਾਂ ਬਾਅਦ ਵੀ ਅਣਸੁਲਝੀਆਂ ਫਾਈਲਾਂ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਕੇਂਦਰੀ ਸੇਵਾ ਨਿਯਮਾਂ ਅਨੁਸਾਰ ਭਰਤੀ ਨਿਯਮਾਂ ਨੂੰ ਅੰਤਿਮ ਰੂਪ ਦੇਣ ਵਿੱਚ ਅਸਫਲ ਰਹਿਣ ਕਾਰਨ ਚੰਡੀਗੜ੍ਹ ਪ੍ਰਸ਼ਾਸਨ ਦੇ ਅੰਦਰ ਪ੍ਰਸ਼ਾਸਕੀ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। ਕਿਉਂਕਿ ਇਹ ਭਰਤੀ ਨਿਯਮ ਪਰਿਭਾਸ਼ਿਤ ਨਹੀਂ ਹਨ, ਚੰਡੀਗੜ੍ਹ ਕੇਡਰ ਅਧੀਨ ਭਰਤੀ ਕੀਤੇ ਗਏ ਕਰਮਚਾਰੀਆਂ ਨੂੰ ਨਾ ਤਾਂ ਤਰੱਕੀਆਂ ਮਿਲ ਰਹੀਆਂ ਹਨ ਅਤੇ ਨਾ ਹੀ ਕੇਂਦਰੀ ਸੇਵਾ ਨਿਯਮਾਂ ਦੁਆਰਾ ਨਿਰਧਾਰਤ ਵਿੱਤੀ ਲਾਭ।

ਤਰੱਕੀਆਂ ਅਤੇ ਵਿੱਤੀ ਲਾਭਾਂ ਤੋਂ ਇਨਕਾਰ ਦਾ ਹਵਾਲਾ ਦਿੰਦੇ ਹੋਏ, ਸ਼ਹਿਰ ਦੀ ਯੂ.ਟੀ.ਕੇਡਰ ਐਜੂਕੇਸ਼ਨਲ ਇੰਪਲਾਈਜ਼ ਯੂਨੀਅਨ ਅਤੇ ਸਰਕਾਰੀ ਅਧਿਆਪਕ ਯੂਨੀਅਨਨੇ ਮੁੱਖ ਸਕੱਤਰ ਐਚ. ਰਾਜੇਸ਼ ਪ੍ਰਸਾਦ ਨੂੰ ਪੱਤਰ ਲਿਖ ਕੇ ਭਰਤੀ ਨਿਯਮਾਂ ਨੂੰ ਜਲਦੀ ਅੰਤਿਮ ਰੂਪ ਦੇਣ ਦੀ ਅਪੀਲ ਕੀਤੀ ਹੈ। ਪ੍ਰਸ਼ਾਸਕੀ ਰਿਕਾਰਡਾਂ ਦੇ ਅਨੁਸਾਰ, 401 ਅਸਾਮੀਆਂ ਲਈ ਭਰਤੀ ਨਿਯਮ ਅਜੇ ਨਿਰਧਾਰਤ ਨਹੀਂ ਕੀਤੇ ਗਏ ਹਨ। ਇਹਨਾਂ ਨਿਯਮਾਂ ਨੂੰ ਅੰਤਿਮ ਰੂਪ ਦੇਣ ਦੀ ਪ੍ਰਕਿਰਿਆ ਵਿੱਚ ਸਬੰਧਤ ਵਿਭਾਗੀ ਮੁਖੀਆਂ (ਐਚਓਡੀ), ਸਕੱਤਰਾਂ, ਪ੍ਰਸੋਨਲ ਵਿਭਾਗ, ਗ੍ਰਹਿ ਵਿਭਾਗ ਅਤੇ ਮੁੱਖ ਸਕੱਤਰ ਤੋਂ ਪ੍ਰਵਾਨਗੀ ਸ਼ਾਮਲ ਹੈ, ਇਸ ਤੋਂ ਪਹਿਲਾਂ ਕਿ ਅੰਤ ਵਿੱਚ ਪ੍ਰਸ਼ਾਸਕ ਤੋਂ ਪ੍ਰਵਾਨਗੀ ਦੀ ਲੋੜ ਹੋਵੇ ਅਤੇ ਬਾਅਦ ਵਿੱਚ ਦਿੱਲੀ ਸਥਿਤ ਗ੍ਰਹਿ ਮੰਤਰਾਲੇ (ਐਮਐਚਏ) ਜਾਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (ਯੂਪੀਐਸਸੀ) ਤੋਂ। ਹਾਲਾਂਕਿ, ਕੇਂਦਰੀ ਸੇਵਾ ਨਿਯਮਾਂ ਦੇ ਲਾਗੂ ਹੋਣ ਤੋਂ ਚਾਰ ਸਾਲ ਬਾਅਦ, ਇਹਨਾਂ ਵਿੱਚੋਂ 50 ਪ੍ਰਤੀਸ਼ਤ ਅਸਾਮੀਆਂ ਲਈ ਵੀ ਸਪੱਸ਼ਟ ਭਰਤੀ ਦਿਸ਼ਾ-ਨਿਰਦੇਸ਼ ਸਥਾਪਤ ਜਾਂ ਲਾਗੂ ਨਹੀਂ ਕੀਤੇ ਗਏ ਹਨ, ਜਿਸਦੇ ਨਤੀਜੇ ਵਜੋਂ ਕਰਮਚਾਰੀਆਂ ਨੂੰ ਕਾਫ਼ੀ ਨੁਕਸਾਨ ਹੋਇਆ ਹੈ।

ਚੰਡੀਗੜ੍ਹ ਪੰਜਾਬ ਅਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਵਜੋਂ ਕੰਮ ਕਰਦਾ ਹੈ, ਇਸਦੇ ਭਰਤੀ ਨਿਯਮਾਂ ਸੰਬੰਧੀ ਅੰਤਰ ਬਣਿਆ ਹੋਇਆ ਹੈ। ਮਾਰਚ 2022 ਤੱਕ, ਪ੍ਰਸ਼ਾਸਨ ਪੰਜਾਬ, ਹਰਿਆਣਾ ਜਾਂ ਕੇਂਦਰ ਸਰਕਾਰ ਦੇ ਸੇਵਾ ਨਿਯਮਾਂ ਦੁਆਰਾ ਨਿਯੰਤਰਿਤ ਇੱਕ ਢਾਂਚੇ ਦੇ ਅਧੀਨ ਕੰਮ ਕਰਦਾ ਸੀ। ਨਤੀਜੇ ਵਜੋਂ, ਪੰਜਾਬ ਅਤੇ ਹਰਿਆਣਾ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਲਈ ਵੱਖ-ਵੱਖ ਵਿਭਾਗਾਂ ਦੇ ਅੰਦਰ ਖਾਸ ਕੋਟੇ ਸਥਾਪਤ ਕੀਤੇ ਗਏ ਸਨ, ਕੋਟੇ ਜੋ ਕੇਂਦਰੀ ਸੇਵਾ ਨਿਯਮਾਂ ਦੀ ਪੂਰੀ ਸਪੱਸ਼ਟੀਕਰਨ ਅਤੇ ਲਾਗੂ ਕਰਨ ਤੋਂ ਬਾਅਦ ਖਤਮ ਕੀਤੇ ਜਾਣੇ ਹਨ।ਪ੍ਰਸ਼ਾਸਕੀ ਮਾਹਿਰਾਂ ਦੇ ਅਨੁਸਾਰ, ਪੰਜਾਬ ਅਤੇ ਹਰਿਆਣਾ ਲਈ ਇਹਨਾਂ ਨਿਸ਼ਚਿਤ ਕੋਟਿਆਂ ਦੀ ਹੋਂਦ ਨੇ ਵੱਖ-ਵੱਖ ਖੇਤਰਾਂ ਦੇ ਵਿਭਾਗ ਮੁਖੀਆਂ (ਐਚਓਡੀ) ਨੂੰ ਸਪੱਸ਼ਟ ਅਤੇ ਨਿਸ਼ਚਿਤ ਭਰਤੀ ਨਿਯਮ ਬਣਾਉਣ ਤੋਂ ਰੋਕਿਆ ਹੈ। ਭਰਤੀ ਨਿਯਮਾਂ ਨੂੰ ਕੇਂਦਰੀ ਸੇਵਾ ਨਿਯਮਾਂ ਨਾਲ ਜੋੜਨ ਵਿੱਚ ਅਸਫਲਤਾ ਨੇ ਇਤਰਾਜ਼ਾਂ ਦਾ ਇੱਕ ਨਿਰੰਤਰ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ, ਜਿਸ ਨਾਲ ਮੌਜੂਦਾ ਸਥਿਤੀ ਹੋਰ ਵੀ ਨਾਜ਼ੁਕ ਹੋ ਗਈ ਹੈ।

ਭਰਤੀ ਨਿਯਮਾਂ ਨੂੰ ਅੰਤਿਮ ਰੂਪ ਦੇਣ ਵਿੱਚ ਅਸਫਲਤਾ ਨੇ ਰੁਜ਼ਗਾਰ ਦੇ ਮੌਕਿਆਂ ਦੀ ਉਡੀਕ ਕਰ ਰਹੇ ਨੌਜਵਾਨਾਂ ਵਿੱਚ ਨਿਰਾਸ਼ਾ ਪੈਦਾ ਕਰ ਦਿੱਤੀ ਹੈ, ਕਿਉਂਕਿ ਵੱਖ-ਵੱਖ ਵਿਭਾਗਾਂ ਵਿੱਚ ਭਰਤੀ ਲੰਬੇ ਸਮੇਂ ਤੋਂ ਰੁਕੀ ਹੋਈ ਹੈ, ਜਿਸ ਕਾਰਨ ਕਰਮਚਾਰੀਆਂ ਨੂੰ ਠੇਕੇ ਦੇ ਆਧਾਰ 'ਤੇ ਜਾਂ ਗੈਸਟ ਫੈਕਲਟੀ ਵਜੋਂ ਸੇਵਾ ਕਰਨੀ ਪੈਂਦੀ ਹੈ।

ਭਰਤੀ ਨਿਯਮਾਂ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਨੌਜਵਾਨਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਵਧਾ ਰਹੀ ਹੈ। ਪਹਿਲਾਂ, ਪੰਜਾਬ, ਹਰਿਆਣਾ ਅਤੇ ਕੇਂਦਰ ਸਰਕਾਰ ਦੇ ਨਿਯਮਾਂ ਨਾਲ ਜੁੜੀਆਂ ਉਲਝਣਾਂ ਕਾਰਨ ਭਰਤੀ ਰੁਕੀ ਹੋਈ ਸੀ; ਹੁਣ ਜਦੋਂ ਨਿਯਮਾਂ ਨੂੰ ਸਪੱਸ਼ਟ ਕੀਤਾ ਗਿਆ ਹੈ, ਤਾਂ ਉਹ ਲਾਗੂ ਕਰਨ ਵਿੱਚ ਅਸਫਲ ਹੋ ਰਹੇ ਹਨ। ਅਸੀਂ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਇਨ੍ਹਾਂ ਨਿਯਮਾਂ ਨੂੰ ਜਲਦੀ ਤੋਂ ਜਲਦੀ ਅੰਤਿਮ ਰੂਪ ਦਿੱਤਾ ਜਾਵੇ।

## ਈਸੀਐਚਐਸ ਘੁਟਾਲੇ 'ਚ ਗ੍ਰਿਫ਼ਤਾਰੀਆਂ ਜਲਦ, ਸੀਬੀਆਈ ਨੂੰ ਮਿਲੇ ਅਹਿਮ ਸਬੂਤ

ਚੰਡੀਗੜ੍ਹ, 16 ਅਪ੍ਰੈਲ (ਚ. ਨ. ਸ.): ਸੀਬੀਆਈ ਨੂੰ ਐਕਸ-ਸਰਵਿਸਮੈਨ ਕੰਟਰੀਬਿਊਟਰੀ ਹੈਲਥ ਸਕੀਮ (ਈਸੀਐਚਐਸ) ਘੁਟਾਲੇ ਵਿੱਚ ਮਹੱਤਵਪੂਰਨ ਸਬੂਤ ਮਿਲੇ ਹਨ, ਜਿਸ ਦੇ ਆਧਾਰ 'ਤੇ ਦੋਸ਼ੀ ਡਾਕਟਰਾਂ ਅਤੇ ਸਬੰਧਤ ਸਟਾਫ ਨੂੰ ਜਲਦੀ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਜਾਂਚ ਵਿੱਚ ਖੁਲਾਸਾ ਹੋਇਆ ਹੈ ਕਿ ਟ੍ਰਾਈਸਿਟੀ ਦੇ ਕਈ ਨਿੱਜੀ ਹਸਪਤਾਲਾਂ ਨੇ ਮਰੀਜ਼ਾਂ ਨੂੰ ਬਿਨਾਂ ਕਿਸੇ ਬਿਮਾਰੀ ਦੇ ਦਾਖਲ ਦਿਖਾ ਕੇ ਕਰੋੜਾਂ ਰੁਪਏ ਦੇ ਧੋਖਾਧੜੀ ਵਾਲੇ ਦਾਅਵੇ ਪ੍ਰਾਪਤ ਕੀਤੇ। ਸੀਬੀਆਈ ਨੇ 1,000 ਤੋਂ ਵੱਧ ਮਰੀਜ਼ਾਂ ਦੇ ਰਿਕਾਰਡ ਦੀ ਵੀ ਜਾਂਚ ਕੀਤੀ। ਡਰ ਦੇ ਮਾਰੇ, ਬਹੁਤ ਸਾਰੇ ਹਸਪਤਾਲਾਂ ਨੇ ਮਰੀਜ਼ਾਂ ਦੇ ਰਿਕਾਰਡ ਮਿਟਾ ਦਿੱਤੇ। ਜਾਂਚ ਤੋਂ ਪਤਾ ਲੱਗਾ ਹੈ ਕਿ ਬਿੱਲ ਤਿਆਰ ਕੀਤੇ ਗਏ ਸਨ ਜਿਸ ਵਿੱਚ ਅਸਲ ਵਿੱਚ ਉਪਲਬਧ ਮਰੀਜ਼ਾਂ ਨਾਲੋਂ ਜ਼ਿਆਦਾ ਮਰੀਜ਼ ਵੈਂਟੀਲੇਟਰਾਂ 'ਤੇ ਦਿਖਾਏ ਗਏ ਸਨ।

ਕਈ ਮਰੀਜ਼ਾਂ ਨੂੰ ਇੱਕ ਤੋਂ ਵੱਧ ਵਾਰ ਆਈਸੀਯੂ ਵਿੱਚ ਦਾਖਲ ਦਿਖਾਇਆ ਗਿਆ ਸੀ। ਸੀਬੀਆਈ ਨੇ ਕਈ ਮਰੀਜ਼ਾਂ ਦੇ ਬਿਆਨ ਦਰਜ ਕੀਤੇ ਹਨ ਜਿਨ੍ਹਾਂ ਨੇ ਮੰਨਿਆ ਕਿ ਉਨ੍ਹਾਂ ਨੂੰ ਗੰਭੀਰ ਬਿਮਾਰੀਆਂ ਤੋਂ ਬਿਨਾਂ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਸੀ। ਪਿਛਲੇ ਮਹੀਨੇ, ਸੀਬੀਆਈ ਨੇ ਅੱਠ ਕੰਪਨੀਆਂ, ਜਿਨ੍ਹਾਂ ਵਿੱਚ ਸੈਕਟਰ 38 ਵਿੱਚ ਮੰਥਨ ਹੈਲਥ ਕੇਅਰ, ਸੈਕਟਰ 15 ਵਿੱਚ ਧਰਮ ਹਸਪਤਾਲ ਅਤੇ ਸੈਕਟਰ 19 ਵਿੱਚ ਕੇਅਰ ਪਾਰਟਨਰ ਹਾਰਟ ਸੈਂਟਰ ਸ਼ਾਮਲ ਹਨ, ਵਿਰੁੱਧ ਧੋਖਾਧੜੀ ਅਤੇ ਭ੍ਰਿਸ਼ਟਾਚਾਰ ਦੀਆਂ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀ ਸੀ। ਮੰਥਨ ਹੈਲਥ ਕੇਅਰ ਦੇ ਡਾਇਰੈਕਟਰ ਡਾ. ਵਿਕਾਸ ਸ਼ਰਮਾ ਅਤੇ ਡਾ. ਰਿੰਪਲ ਗੁਪਤਾ ਨੂੰ ਇਸ ਘੁਟਾਲੇ ਦਾ ਮਾਸਟਰਮਾਈਂਡ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੇ ਨਾਮ ਵੀ ਐਫਆਈਆਰ ਵਿੱਚ ਸ਼ਾਮਲ ਹਨ। ਸੂਤਰਾਂ ਅਨੁਸਾਰ, ਸੀਬੀਆਈ ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕਦੀ ਹੈ।ਬਹੁਤ ਸਾਰੇ ਮਰੀਜ਼ ਹੁਣ ਸਵਾਲਾਂ ਦੇ ਘੇਰੇ ਵਿੱਚ ਆਉਣ ਵਾਲੇ ਹਸਪਤਾਲਾਂ ਵਿਰੁੱਧ ਅਪਰਾਧਿਕ ਸ਼ਿਕਾਇਤਾਂ ਦਰਜ ਕਰਨ ਦੀ ਤਿਆਰੀ ਕਰ ਰਹੇ ਹਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ



ਸ੍ਰੀ ਅਨੰਦਪੁਰ ਸਾਹਿਬ, 16 ਅਪ੍ਰੈਲ (ਸਤਿੰਦਰਪਾਲ ਸਿੰਘ): ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਖਾਲਸਾ ਸਾਜਨਾ ਦਿਵਸ ਸਬੰਧੀ ਲੈਕਚਰ, ਕਵਿਤਾਵਾਂ ਅਤੇ ਕਵੀਸ਼ਰੀ ਦੀ ਪੇਸ਼ਕਾਰੀ ਕੀਤੀ ਗਈ। ਅਰਦਾਸ ਉਪਰੰਤ ਦੇਗ ਵਰਤਾਈ ਗਈ।

ਇਸ ਮੌਕੇ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਖਾਲਸਾ ਸਾਜਨਾ ਦਿਵਸ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ 1699 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਗਈ ਸੀ। ਉਨ੍ਹਾਂ ਨੇ ਕਿਹਾ ਕਿ ਗੁਰੂ ਜੀ ਨੇ ਪੰਜ ਪਿਆਰਿਆਂ ਦੀ ਸਾਜਨਾ ਕਰਕੇ ਮਨੁੱਖਤਾ ਨੂੰ ਸੱਚਾਈ, ਬਹਾਦਰੀ, ਸਮਾਨਤਾ ਅਤੇ ਧਰਮ ਦੀ ਰੱਖਿਆ ਕਰਨ ਦਾ ਸੰਦੇਸ਼ ਦਿੱਤਾ। ਖਾਲਸਾ ਪੰਥ ਦੀ ਸਿਰਜਣਾ ਦਾ ਮਕਸਦ ਜ਼ੁਲਮ ਦੇ ਖਿਲਾਫ ਖੜ੍ਹਾ ਹੋਣਾ ਅਤੇ ਨਿਆਂ ਦੀ ਰੱਖਿਆ ਕਰਨਾ ਸੀ। ਇਸ ਦਿਨ ਤੋਂ ਸਿੱਖਾਂ ਨੂੰ ਇੱਕ ਨਵੀਂ ਪਹਿਚਾਣ ਮਿਲੀ । ਪ੍ਰਿੰਸੀਪਲ ਗੁਰਿੰਦਰ ਕੌਰ ਕਪੂਰ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਉਹ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲਣ, ਸੱਚ ਬੋਲਣ, ਮਿਹਨਤ ਕਰਨ ਅਤੇ ਸਮਾਜ ਦੀ ਭਲਾਈ ਲਈ ਯੋਗਦਾਨ ਪਾਉਣ।ਧਾਰਮਿਕ ਅਧਿਆਪਿਕਾ ਮੈਡਮ ਬਲਦੀਪ ਕੌਰ ਨੇ ਵਿਦਿਆਰਥੀਆਂ ਨੂੰ ਖਾਲਸਾ ਸਾਜਨਾ ਦਿਵਸ ਦੇ ਇਤਿਹਾਸ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਮੈਡਮ ਬਲਦੀਪ ਕੌਰ, ਮੈਡਮ ਆਂਸ਼ੂ, ਮੈਡਮ ਸਪਨਾ ਰਾਣੀ, ਮੈਡਮ ਜਸਪ੍ਰੀਤ ਕੌਰ ਤੋਂ ਇਲਾਵਾ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਪੋਤਰੀ ਦੇ ਹੱਥ-ਪੈਰ ਬੰਨ੍ਹ ਕੇ ਗੇਟ ਨਾਲ ਬੰਨ੍ਹਣ ਵਾਲੀ ਥਾਣੇਦਾਰ ਮੁਅੱਤਲ

ਫਰੀਦਕੋਟ, 16 ਅਪ੍ਰੈਲ (ਚ. ਨ. ਸ.):ਫਰੀਦਕੋਟ ਸ਼ਹਿਰ ਦੀ ਡੋਗਰ ਬਸਤੀ ਵਿਖੇ ਸਥਿਤ ਇਕ ਬੱਚੀ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਨੇ ਬੱਚੀ ਦੀ ਦਾਦੀ ਮਹਿਲਾ ਥਾਣੇਦਾਰ ਨੂੰ ਮੁਅੱਤਲ ਕਰ ਦਿੱਤਾ ਹੈ। ਇਸ ਸਬੰਧੀ ਡੀ.ਐਸ.ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਸਥਾਨਕ ਡੋਗਰ ਬਸਤੀ ਵਿਖੇ ਰਹਿ ਰਹੀ ਥਾਣੇਦਾਰ ਸਰਬਜੀਤ ਕੌਰ ਨੇ ਆਪਣੀ ਨਾਬਾਲਗ ਪੋਤਰੀ ਦੇ ਹੱਥ-ਪੈਰ ਬੰਨ੍ਹ ਕੇ ਘਰ ਦੇ ਮੁੱਖ ਗੇਟ ਨਾਲ ਬੰਨ੍ਹਿਆ ਹੋਇਆ ਸੀ । ਬਾਅਦ ਦੁਪਹਿਰ ਇਸ ਬੱਚੀ ਨੂੰ ਰੋਂਦਿਆਂ ਦੇਖਿਆ ਤਾਂ ਆਸ ਪਾਸ ਦੇ ਲੋਕਾਂ ਨੇ ਇਸ ਦੇ ਹੱਥ-ਪੈਰ ਖੋਲ੍ਹ ਦਿੱਤੇ। ਇਸੇ ਦੌਰਾਨ ਕਿਸੇ ਵਲੋਂ ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰ ਦਿੱਤੀ ਗਈ। ਇਸ ਵੀਡੀਓ ਦੇ ਧਿਆਨ 'ਚ ਆਉਂਦਿਆਂ ਹੀ ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਆਗੂ ਐਡਵੋਕੇਟ ਸਰਬਜੀਤ ਕੈਂਥ ਨੇ ਇਹ ਮਾਮਲਾ ਤੁਰੰਤ ਪੁਲਿਸ ਦੇ ਧਿਆਨ 'ਚ ਲਿਆਂਦਾ, ਜਿਸ 'ਤੇ ਪੁਲਿਸ ਵਿਭਾਗ ਨੇ ਕਾਰਵਾਈ ਕਰਦਿਆਂ ਥਾਣੇਦਾਰ ਸਰਬਜੀਤ ਕੌਰ ਨੂੰ ਤੁਰੰਤ ਮੁਅੱਤਲ ਕਰ ਦਿੱਤਾ। ਇਹ ਵੀ ਜਾਣਕਾਰੀ ਮਿਲੀ ਹੈ ਕਿ ਉਕਤ ਬੱਚੀ ਦੇ ਮਾਤਾ-ਪਿਤਾ ਪੁਰਤਗਾਲ ਗਏ ਹਨ, ਜਿਸ ਕਰਕੇ ਬੱਚੀ ਦੀ ਸਾਰੀ ਜ਼ਿੰਮੇਵਾਰੀ ਉਸ ਦੀ ਦਾਦੀ ਨੂੰ ਦਿੱਤੀ ਸੀ। ਉਕਤ ਮਹਿਲਾ ਥਾਣੇਦਾਰ ਦਾ ਪਤੀ ਪਹਿਲਾਂ ਤੋਂ ਹੀ ਅਧਰੰਗ ਦਾ ਮਰੀਜ਼ ਹੈ।

ਦੂਜੇ ਪਾਸੇ ਸਪਸ਼ਟੀਕਰਨ ਦਿੰਦਿਆਂ ਥਾਣੇਦਾਰ ਸਰਬਜੀਤ ਕੌਰ ਨੇ ਦੱਸਿਆ ਕਿ ਉਸ ਨੂੰ ਡਿਊਟੀ/ਕਾਰਨ ਆਪਣੀ ਗੈਰਹਾਜ਼ਰੀ ਦੌਰਾਨ ਬੱਚੀ ਨੂੰ ਸੰਭਾਲਣ ਲਈ ਅਜਿਹਾ ਕਰਨਾ ਪਿਆ। ਡੀ.ਐਸ.ਪੀ. ਤਰਲੋਚਨ ਸਿੰਘ ਨੇ ਦੱਸਿਆ ਕਿ ਉਕਤ ਬੱਚੀ ਦਾ ਮਾਮਲਾ ਬਾਲ ਵਿਕਾਸ ਵਿਭਾਗ ਨੂੰ ਲਿਖਤੀ ਰੂਪ 'ਚ ਭੇਜ ਦਿੱਤਾ ਗਿਆ ਹੈ।

# ਬ੍ਰਿਟਿਸ਼ ਲੌਰੀਏਟ ਸਕੂਲ 'ਚ ਵਿਸਾਖੀ ਦਾ ਤਿਉਹਾਰ ਉਤਸ਼ਾਹ ਨਾਲ ਮਨਾਇਆ



ਕੁਰਾਲੀ, 16 ਅਪ੍ਰੈਲ (ਰਜਨੀਕਾਂਤ ਗਰੋਵਰ): ਬ੍ਰਿਟਿਸ਼ ਲੌਰੀਏਟ ਸਕੂਲ ਵਿੱਚ ਵਿਸਾਖੀ ਦਾ ਪਵਿੱਤਰ ਤੇ ਰੰਗੀਲਾ ਤਿਉਹਾਰ ਬੜੇ ਉਤਸ਼ਾਹ ਅਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਹ ਸਮਾਰੋਹ ਸਕੂਲ ਦੀ ਸਮ੍ਰਿਧ ਅਤੇ ਅਨੁਭਵੀ ਸਿੱਖਿਆ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾ ਹੈ, ਜਿਸਦਾ ਮਕਸਦ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਇਸ ਮੌਕੇ ਆਯੋਜਿਤ ਸਮਾਗਮ ਵਿੱਚ ਸੱਭਿਆਚਾਰਕ ਅਮੀਰੀ ਨੂੰ ਦਿਲਚਸਪ ਅਤੇ ਹੁਨਰ-ਅਧਾਰਤ ਗਤੀਵਿਧੀਆਂ ਨਾਲ ਸੁਚੱਜੇ ਢੰਗ ਨਾਲ ਜੋੜਿਆ ਗਿਆ, ਜਿਸ ਨਾਲ ਵਿਦਿਆਰਥੀਆਂ ਨੂੰ ਅਰਥਪੂਰਨ ਅਤੇ ਖੁਸ਼ੀਭਰਾ ਅਨੁਭਵ ਪ੍ਰਾਪਤ ਹੋਇਆ। ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਕਈ ਰਚਨਾਤਮਕ ਗਤੀਵਿਧੀਆਂ ਵਿੱਚ ਹਿੱਸਾ ਲਿਆ। ਵਿਸਾਖੀ ਥੀਮ 'ਤੇ ਆਧਾਰਿਤ ਵਿਸ਼ੇਸ਼ ਸੈਗਮੈਂਟ ਦੇ ਨਾਲ-ਨਾਲ ਪੈਰਾਗ੍ਰਾਫ ਲਿਖਣ ਅਤੇ ਪੋਸਟਰ ਬਣਾਉਣ ਦੇ ਮੁਕਾਬਲਿਆਂ ਨੇ ਵਿਦਿਆਰਥੀਆਂ ਵਿੱਚ ਰਚਨਾਤਮਕ ਪ੍ਰਗਟਾਵੇ ਨੂੰ ਉਤਸ਼ਾਹਿਤ ਕੀਤਾ ਅਤੇ ਉਨ੍ਹਾਂ ਦੇ ਸੰਚਾਰ ਤੇ ਆਲੋਚਨਾਤਮਕ ਸੋਚ ਦੇ ਹੁਨਰਾਂ ਨੂੰ ਨਿਖਾਰਿਆ। ਇਸ ਤੋਂ ਇਲਾਵਾ, ਇੱਕ ਇੰਟਰਐਕਟਿਵ ਕੁਇਜ਼ ਮੁਕਾਬਲੇ ਨੇ ਗਿਆਨ-ਨਿਰਮਾਣ ਅਤੇ ਪੁੱਛਗਿੱਛ-ਅਧਾਰਤ ਸਿੱਖਿਆ ਨੂੰ ਹੋਰ ਮਜ਼ਬੂਤ ਕੀਤਾ। ਸਮਾਗਮ ਦੌਰਾਨ ਪੇਸ਼ ਕੀਤੀਆਂ ਗਈਆਂ ਜੋਸ਼ ਭਰੀਆਂ ਨ੍ਰਿਤ ਪ੍ਰਸਤੁਤੀਆਂ ਨੇ ਮਾਹੌਲ ਨੂੰ ਰੌਣਕਮਈ ਬਣਾਇਆ ਅਤੇ ਪੰਜਾਬ ਦੀ ਧਨਾਢ ਸੱਭਿਆਚਾਰਕ ਵਿਰਾਸਤ ਨੂੰ ਬੇਹਤਰੀਨ ਢੰਗ ਨਾਲ ਦਰਸਾਇਆ। ਪ੍ਰੋਗਰਾਮ ਦਾ ਖਾਸ ਆਕਰਸ਼ਣ ਅਰਲੀ ਈਅਰਜ਼ ਦੇ ਨੰਨੇ ਮੁੰਨੇ ਵਿਦਿਆਰਥੀਆਂ ਵੱਲੋਂ ਕੀਤਾ ਗਿਆ ਮਨਮੋਹਕ ਰੈਂਪ ਵਾਕ ਸੀ। ਰਵਾਇਤੀ ਪਹਿਰਾਵਿਆਂ ਵਿੱਚ ਸਜੇ ਇਨ੍ਹਾਂ ਬੱਚਿਆਂ ਨੇ ਪੂਰੇ ਆਤਮ-ਵਿਸ਼ਵਾਸ ਨਾਲ ਸਟੇਜ 'ਤੇ ਆਪਣੀ ਪ੍ਰਸਤੁਤੀ ਦਿੱਤੀ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਮੌਕੇ ਡਾਇਰੈਕਟਰ ਪ੍ਰਿੰਸੀਪਲ ਡਾ. ਕਰਨਲ ਅਤੁਲ ਭੰਡਾਰੀ ਨੇ ਕਿਹਾ ਕਿ ਇਸ ਤਰਾਂ ਦੇ ਸੱਭਿਆਚਾਰਕ ਸਮਾਰੋਹ ਵਿਦਿਆਰਥੀਆਂ ਨੂੰ ਆਪਣੇ ਰੂੜਾਂ ਨਾਲ ਜੋੜਦੇ ਹੋਏ ਉਨਾਂ ਨੂੰ ਗਲੋਬਲ ਲਰਨਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਸਮਾਗਮ ਉਤਸ਼ਾਹਪੂਰਣ ਮਾਹੌਲ ਵਿੱਚ ਸੰਪੰਨ ਹੋਇਆ।

# ਨਗਰ ਕੌਂਸਲ 'ਚ 105 ਕੱਚੇ ਸਫਾਈ ਕਰਮਚਾਰੀਆਂ ਨੂੰ ਪੱਕਾ ਕਰਨ ਦੀ ਮੰਗ



ਰਾਜਪੁਰਾ, 16 ਅਪ੍ਰੈਲ (ਮਦਨ ਲਾਲ) : ਸਫਾਈ ਸੇਵਕ ਯੂਨੀਅਨ ਪੰਜਾਬ ਵੱਲੋਂ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਵਸ ਨੂੰ ਸਮਰਪਿਤ ਕਰਵਾਏ ਗਏ ਸਮਾਗਮ ਦੌਰਾਨ ਨਗਰ ਕੌਂਸਲ ਰਾਜਪੁਰਾ ਵਿੱਚ ਕੰਮ ਕਰ ਰਹੇ 105 ਕੱਚੇ ਸਫਾਈ ਕਰਮਚਾਰੀਆਂ ਨੂੰ ਪੱਕਾ ਕਰਨ ਲਈ ਮੰਗ ਉਠਾਈ ਗਈ। ਯੂਨੀਅਨ ਦੇ ਸੂਬਾ ਪ੍ਰਧਾਨ ਹੰਸ ਰਾਜ ਬਨਵਾਰੀ ਦੀ ਅਗਵਾਈ ਹੇਠ ਹਲਕਾ ਵਿਧਾਇਕਾ ਨੀਨਾ ਮਿੱਤਲ ਨੂੰ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਵਿੱਚ ਦਰਸਾਇਆ ਗਿਆ ਕਿ ਰਾਜਪੁਰਾ ਨਗਰ ਕੌਂਸਲ ਵਿੱਚ ਇਹ ਸਫਾਈ ਕਰਮਚਾਰੀ ਆਊਟਸੋਰਸ ਰਾਹੀਂ ਪਿਛਲੇ ਕਾਫੀ ਸਮੇਂ ਤੋਂ ਸੇਵਾ ਨਿਭਾ ਰਹੇ ਹਨ। ਪੰਜਾਬ ਸਰਕਾਰ ਦੇ ਫੈਸਲੇ ਅਨੁਸਾਰ ਸੂਬੇ ਦੇ ਹੋਰ ਨਗਰ ਨਿਗਮਾਂ, ਕੌਂਸਲਾਂ ਅਤੇ ਪੰਚਾਇਤਾਂ ਵਿੱਚ ਆਊਟਸੋਰਸ ਕਰਮਚਾਰੀਆਂ ਨੂੰ ਕਾਂਟ੍ਰੈਕਟ ਬੇਸ 'ਤੇ ਲਿਆਂਦਾ ਜਾ ਚੁੱਕਾ ਹੈ, ਪਰ ਰਾਜਪੁਰਾ ਵਿੱਚ ਅਜੇ ਤੱਕ ਇਸ ਸਬੰਧੀ ਕੋਈ ਕਾਰਵਾਈ ਨਹੀਂ ਹੋਈ। ਯੂਨੀਅਨ ਨੇ ਸੰਬੰਧਿਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਯੂਨੀਅਨ ਨੇ ਸ਼ਹਿਰ ਵਿੱਚ ਸੇਵਰਮੈਨਾਂ ਦੀ ਘਾਟ ਵੱਲ ਵੀ ਧਿਆਨ ਦਿਵਾਇਆ।

ਉਨ੍ਹਾਂ ਕਿਹਾ ਕਿ ਵਧਦੀ ਆਬਾਦੀ ਅਤੇ ਨਵੀਆਂ ਕਾਲੋਨੀਆਂ ਦੇ ਕਾਰਨ ਸੇਵਰੇਜ ਦਾ ਕੰਮ ਕਾਫੀ ਵਧ ਗਿਆ ਹੈ, ਜਦਕਿ ਮੌਜੂਦਾ ਸਟਾਫ ਘੱਟ ਹੈ। ਇਸ ਲਈ ਘੱਟੋ-ਘੱਟ 50 ਹੋਰ ਸੇਵਰਮੈਨ ਭਰਤੀ ਕਰਨ ਦੀ ਮੰਗ ਕੀਤੀ ਗਈ ਹੈ। ਵਿਧਾਇਕਾ ਨੀਨਾ ਮਿੱਤਲ ਨੇ ਯੂਨੀਅਨ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਮੰਗਾਂ 'ਤੇ ਜਲਦ ਹੀ ਸੰਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰਕੇ ਯੋਗ ਕਾਰਵਾਈ ਕੀਤੀ ਜਾਵੇਗੀ।

# ਪੱਕੇ ਤੌਰ 'ਤੇ ਖੋਲ੍ਹ ਦੇਵਾਂਗੇ ਹੋਰਮੁਜ਼ ਸਟ੍ਰੇਟ: ਟਰੰਪ

ਵਾਸ਼ਿੰਗਟਨ, 16 ਅਪ੍ਰੈਲ (ਚ. ਨ. ਸ.):ਅਮਰੀਕੀ ਰਾਸ਼ਟਰਪਤੀ ਟਰੰਪ ਨੇ ਇਕ ਇਤਿਹਾਸਕ ਫ਼ੈਸਲੇ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਉਹ ਹੋਰਮੁਜ਼ ਸਟ੍ਰੇਟ ਨੂੰ ਸਥਾਈ ਤੌਰ 'ਤੇ ਖੋਲ੍ਹ ਰਹੇ ਹਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਇਹ ਕਦਮ ਨਾ ਸਿਰਫ਼ ਚੀਨ ਲਈ ਸਗੋਂ ਪੂਰੀ ਦੁਨੀਆਂ ਦੇ ਹਿੱਤ ਵਿਚ ਚੁੱਕਿਆ ਜਾ ਰਿਹਾ ਹੈ ਅਤੇ ਭਵਿੱਖ ਵਿਚ ਅਜਿਹੀ ਸਥਿਤੀ ਦੁਬਾਰਾ ਕਦੇ ਪੈਦਾ ਨਹੀਂ ਹੋਣ ਦਿੱਤੀ ਜਾਵੇਗੀ ਸਰੋਤਾਂ ਅਨੁਸਾਰ ਇਸ ਕੂਟਨੀਤਿਕ ਸਫ਼ਲਤਾ ਤਹਿਤ ਚੀਨ ਨੇ ਇਰਾਨ ਨੂੰ ਹਥਿਆਰ ਨਾ ਭੇਜਣ 'ਤੇ ਸਹਿਮਤੀ ਪ੍ਰਗਟਾਈ ਹੈ।

ਰਾਸ਼ਟਰਪਤੀ ਨੇ ਭਰੋਸਾ ਪ੍ਰਗਟਾਇਆ ਕਿ ਜਦੋਂ ਉਹ ਕੁੱਝ ਹਫ਼ਤਿਆਂ ਵਿਚ ਚੀਨ ਦਾ ਦੌਰਾ ਕਰਨਗੇ ਤਾਂ ਰਾਸ਼ਟਰਪਤੀ ਸ਼ੀ ਜਿਨਪਿੰਗ ਉਨ੍ਹਾਂ ਦਾ ਬਹੁਤ ਨਿੱਘਾ ਸਵਾਗਤ ਕਰਨਗੇ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਬਹੁਤ ਸਮਝਦਾਰੀ ਨਾਲ ਮਿਲ ਕੇ ਕੰਮ ਕਰ ਰਹੇ ਹਨ। ਰਾਸ਼ਟਰਪਤੀ ਨੇ ਅਪਣੇ ਬਿਆਨ ਵਿਚ ਲੜਾਈ ਦੀ ਬਜਾਏ ਮਿਲ ਕੇ ਕੰਮ ਕਰਨ ਨੂੰ ਤਰਜੀਹ ਦਿੱਤੀ । ਹਾਲਾਂਕਿ ਉਨ੍ਹਾਂ ਨੇ ਸਖ਼ਤ ਸ਼ਬਦਾਂ ਵਿਚ ਚਿਤਾਵਨੀ ਵੀ ਦਿੱਤੀ ਕਿ ਜੇਕਰ ਕਦੇ ਲੜਨ ਦੀ ਨੌਬਤ ਆਈ ਤਾਂ ਅਮਰੀਕਾ ਕਿਸੇ ਵੀ ਹੋਰ ਦੇਸ਼ ਨਾਲੋਂ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਅਤੇ ਲੜਾਈ ਵਿਚ ਮਾਹਰ ਹੈ। ਟਰੰਪ ਨੇ ਇਰਾਨ ਨਾਲ ਚੱਲ ਰਹੇ ਟਕਰਾਅ ਨੂੰ ਲੈ ਕੇ ਅਹਿਮ ਬਿਆਨ ਦਿੱਤਾ ਹੈ। ਫ਼ੌਕਸ ਬਿਜ਼ਨਸ ਦੀ ਐਂਕਰ ਮਾਰੀਆ ਬਾਰਟੀਰੋਮੋ ਨੂੰ ਵ੍ਹਾਈਟ ਹਾਊਸ ਵਿਚ ਦਿੱਤੇ ਇੰਟਰਵਿਊ ਵਿਚ ਟਰੰਪ ਨੇ ਸੰਕੇਤ ਦਿਤਾ ਕਿ ਇਹ ਜੰਗ ਹੁਣ ਅਪਣੇ ਅੰਤ ਦੇ ਬਹੁਤ ਕਰੀਬ ਹੈ।

ਰਾਸ਼ਟਰਪਤੀ ਟਰੰਪ ਨੇ ਦਾਅਵਾ ਕੀਤਾ ਹੈ ਕਿ ਈਰਾਨ ਨਾਲ ਚੱਲ ਰਹੀ ਜੰਗ ਹੁਣ ਅਪਣੇ ਅੰਤ ਦੇ ਬਹੁਤ ਨੇੜੇ ਹੈ। ਮੈਨੂੰ ਲਗਦਾ ਹੈ ਕਿ ਇਹ (ਜੰਗ) ਲਗਭਗ ਖ਼ਤਮ ਹੋਣ ਵਾਲੀ ਹੈ। ਮੇਰੇ ਨਜ਼ਰੀਏ ਤੋਂ ਇਹ ਬਹੁਤ ਜਲਦ ਖ਼ਤਮ ਹੋ ਜਾਵੇਗੀ। ਇੰਟਰਵਿਊ ਦੌਰਾਨ ਜਦੋਂ ਟਰੰਪ ਤੋਂ ਪੁੱਛਿਆ ਗਿਆ ਕਿ ਕੀ ਜੰਗ ਖ਼ਤਮ ਹੋ ਗਈ ਹੈ ਤਾਂ ਉਨ੍ਹਾਂ ਕਿਹਾ, 'ਮੈਨੂੰ ਲੱਗਦਾ ਹੈ ਕਿ ਇਹ ਖ਼ਤਮ ਹੋਣ ਦੇ ਕੰਢੇ ਹੈ। ਮੈਂ ਇਸ ਨੂੰ ਖ਼ਤਮ ਹੋਣ ਦੇ ਬਹੁਤ ਕਰੀਬ ਮੰਨਦਾ ਹਾਂ।' ਟਰੰਪ ਨੇ ਅੱਗੇ ਕਿਹਾ ਕਿ ਜੇਕਰ ਉਹ ਸਖ਼ਤ ਕਦਮ ਨਾ ਚੁੱਕਦੇ ਤਾਂ ਇਰਾਨ ਕੋਲ ਹੁਣ ਤੱਕ ਪ੍ਰਮਾਣੂ ਹਥਿਆਰ ਹੁੰਦੇ।

# ਕਾਨੂੰਨ 'ਚ ਸੋਧ ਤੋਂ ਬਾਅਦ ਵੀ ਸਮਾਣਾ 'ਚ ਧਰਨਾ ਰਿਹਾ ਜਾਰੀ

ਸਮਾਣਾ, 16 ਅਪ੍ਰੈਲ (ਚ. ਨ. ਸ.): ਪੰਜਾਬ ਸਰਕਾਰ ਵਲੋਂ ਬੇਅਦਬੀਆਂ ਸਬੰਧੀ ਸੋਧ ਕਾਨੂੰਨ ਮਤਾ ਪਾਸ ਕਰਨ ਤੋਂ ਬਾਅਦ ਵੀ ਸਮਾਣਾ ਵਿਖੇ ਕਰੀਬ ਇਕ ਮਹੀਨੇ ਤੋਂ ਚੱਲ ਰਿਹਾ ਧਰਨਾ ਜਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸਖਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ18 ਮਹੀਨਿਆਂ ਤੋਂ ਗੁਰਜੀਤ ਸਿੰਘ ਫੌਜੀ 400 ਫੁੱਟ ਉਚੇ ਟਾਵਰ 'ਤੇ ਚੜ੍ਹੇ ਹੋਏ ਹਨ। ਇਸੇ ਮੰਗ ਨੂੰ ਲੈ ਕੇ ਪਿਛਲੇ 24 ਮਾਰਚ ਤੋਂ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿਖੇ ਧਰਮ ਯੁੱਧ ਮੋਰਚਾ ਲੱਗਿਆ ਹੋਇਆ ਹੈ। ਸੋਮਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੱਦੇ ਵਿਧਾਨ ਸਭਾ ਸੈਸ਼ਨ ਦੌਰਾਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ 2026 ਪਾਸ ਕੀਤਾ ਗਿਆ ਹੈ। ਬੀਤੇ ਕੱਲ ਵਿਧਾਨ ਸਭਾ ਦੇ ਸਪੀਕਰ ਕਰਤਾਰ ਸਿੰਘ ਸੰਧਵਾ ਨੇ ਪੰਜਾਬ ਸਰਕਾਰ ਵੱਲੋਂ ਕਾਨੂੰਨ ਵਿਚ ਸੋਧ ਕਰਕੇ ਉਸ ਦੀ ਕਾਪੀ ਧਰਮ ਯੁੱਧ ਮੋਰਚੇ ਦੇ ਆਗੂਆਂ ਨੂੰ ਵੀ ਸੌਂਪ ਦਿੱਤੀ ਹੈ। ਪ੍ਰੰਤੂ ਉਸ ਤੋਂ ਬਾਅਦ ਵੀ ਬਾਬਾ ਬੰਦਾ ਸਿੰਘ ਬਹਾਦਰ ਚੌਂਕ 'ਚ ਧਰਨਾ ਤੇ ਗੁਰਜੀਤ ਸਿੰਘ ਫੌਜੀ ਟਾਵਰ ਤੇ ਡਟੇ ਹੋਏ ਹਨ। ਧਰਮ ਯੁੱਧ ਮੋਰਚੇ ਦੇ ਆਗੂਆਂ ਕੋਆਰਡੀਨੇਟਰ ਗੁਰਪ੍ਰੀਤ ਸਿੰਘ, ਬਾਬਾ ਗੁਰਦੀਪ ਸਿੰਘ, ਅਮਿਤੋਜ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਇਹ ਮਤਾ ਪਾਸ ਕੀਤਾ ਹੈ ਪਰ ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਇਸ 'ਤੇ ਰਾਜਪਾਲ ਦੇ ਦਸਤਖ਼ਤ ਹੋ ਕੇ ਨੋਟੀਫਕੇਸ਼ਨ ਲਾਗੂ ਨਹੀ ਹੋ ਜਾਂਦਾ।

# ਆਪਸੀ ਸਹਿਮਤੀ ਨਾਲ ਤਲਾਕ ਦੇ ਸਮਝੌਤੇ ਤੋਂ ਪਿੱਛੇ ਨਹੀਂ ਹਟ ਸਕਦਾ ਕੋਈ ਵੀ ਪੱਖ: ਸੁਪਰੀਮ ਕੋਰਟ

ਨਵੀਂ ਦਿੱਲੀ, 16 ਅਪ੍ਰੈਲ (ਚ.ਨ.ਸ.): ਦੇਸ਼ ਦੀ ਸਰਵਉੱਚ ਅਦਾਲਤ ਨੇ ਇੱਕ ਅਹਿਮ ਫੈਸਲਾ ਸੁਣਾਉਂਦਿਆਂ ਸਪੱਸ਼ਟ ਕੀਤਾ ਹੈ ਕਿ ਜੇਕਰ ਪਤੀ-ਪਤਨੀ ਵਿਚਕਾਰ ਮਿਡੀਏਸ਼ਨ (ਵਿਚੋਲਗੀ) ਰਾਹੀਂ ਆਪਸੀ ਸਹਿਮਤੀ ਨਾਲ ਤਲਾਕ ਦਾ ਸਮਝੌਤਾ ਹੋ ਚੁੱਕਾ ਹੈ, ਤਾਂ ਉਸ ਤੋਂ ਬਾਅਦ ਕੋਈ ਵੀ ਪੱਖ ਆਪਣੀ ਜ਼ਬਾਨ ਤੋਂ ਪਿੱਛੇ ਨਹੀਂ ਹਟ ਸਕਦਾ। ਸੁਪਰੀਮ ਕੋਰਟ ਨੇ ਕਿਹਾ ਕਿ ਇਕ ਵਾਰ ਜਦੋਂ ਦੋਵੇਂ ਧਿਰਾਂ ਵਿਵਾਦਾਂ ਦੇ ਪੂਰਨ ਅਤੇ ਅੰਤਿਮ ਨਿਪਟਾਰੇ ਵਜੋਂ ਵਿਆਹ ਨੂੰ ਖਤਮ ਕਰਨ ਲਈ ਸਹਿਮਤ ਹੋ ਜਾਂਦੀਆਂ ਹਨ, ਤਾਂ ਉਸ ਪ੍ਰਕਿਰਿਆ ਨੂੰ ਵਿਚਾਲੇ ਛੱਡਣਾ ਜਾਂ ਸਮਝੌਤੇ ਦੀਆਂ ਸ਼ਰਤਾਂ ਨੂੰ ਤੋੜਨਾ ਕਾਨੂੰਨੀ ਪ੍ਰਕਿਰਿਆ ਦੀ ਦੁਰਵਰਤੋਂ ਮੰਨਿਆ ਜਾਵੇਗਾ। ਜਸਟਿਸ ਰਾਜੇਸ਼ ਬਿੰਦਲ ਅਤੇ ਜਸਟਿਸ ਵਿਜੇ ਬਿਸ਼ਨੋਈ ਦੀ ਬੈਂਚ ਨੇ ਸੰਵਿਧਾਨ ਦੀ ਧਾਰਾ 142 ਦੇ ਤਹਿਤ ਆਪਣੀਆਂ ਵਿਸ਼ੇਸ਼ ਸ਼ਕਤੀਆਂ ਦੀ ਵਰਤੋਂ ਕਰਦਿਆਂ ਨਾ ਸਿਰਫ ਸਬੰਧਤ ਪਤੀ-ਪਤਨੀ ਦੇ ਵਿਆਹ ਨੂੰ ਭੰਗ ਕਰਨ ਦੇ ਹੁਕਮ ਦਿੱਤੇ, ਸਗੋਂ ਪਤਨੀ ਵੱਲੋਂ ਦਰਜ ਕਰਵਾਏ ਗਏ ਸਾਰੇ ਦੀਵਾਨੀ ਅਤੇ ਫੌਜਦਾਰੀ ਕੇਸਾਂ ਨੂੰ ਵੀ ਰੱਦ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਜਦੋਂ ਪਤੀ-ਪਤਨੀ ਵਿਚਕਾਰ ਸ਼ਾਂਤੀਪੂਰਵਕ ਇਕੱਠੇ ਰਹਿਣ ਦੀ ਕੋਈ ਸੰਭਾਵਨਾ ਨਹੀਂ ਬਚੀ ਅਤੇ ਰਿਸ਼ਤਾ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ, ਤਾਂ ਅਜਿਹੀ ਸਥਿਤੀ ਵਿੱਚ ਮੁਕੱਦਮੇਬਾਜ਼ੀ ਨੂੰ ਜਾਰੀ ਰੱਖਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਅਦਾਲਤ ਅੱਗੇ ਆਏ ਇਸ ਮਾਮਲੇ ਵਿੱਚ ਪਤੀ-ਪਤਨੀ ਨੇ ਵਿਚੋਲਗੀ ਰਾਹੀਂ ਆਪਸੀ ਸਮਝੌਤਾ ਕੀਤਾ ਸੀ ਕਿ ਉਹ ਤਲਾਕ ਲੈਣਗੇ ਅਤੇ ਪਤੀ ਵਲੋਂ ਪਤਨੀ ਨੂੰ ਗੁਜ਼ਾਰਾ ਭੱਤੇ ਵਜੋਂ ਇਕ ਵੱਡੀ ਰਕਮ ਦਿੱਤੀ ਜਾਵੇਗੀ। ਸਮਝੌਤੇ ਦੀਆਂ ਕੁੱਲ 10 ਸ਼ਰਤਾਂ ਵਿੱਚੋਂ 6 ਨੂੰ ਪੂਰਾ ਕਰ ਲਿਆ ਗਿਆ ਸੀ, ਜਿਸ ਵਿੱਚ ਪਤੀ ਵੱਲੋਂ 75 ਲੱਖ ਰੁਪਏ ਦੀ ਪਹਿਲੀ ਕਿਸ਼ਤ (ਕੁੱਲ 1.5 ਕਰੋੜ ਵਿੱਚੋਂ) ਅਦਾ ਕਰ ਦਿੱਤੀ ਗਈ ਸੀ। ਪਰ ਇਸ ਤੋਂ ਬਾਅਦ ਪਤਨੀ ਨੇ ਅਚਾਨਕ ਆਪਣੇ ਕਦਮ ਪਿੱਛੇ ਖਿੱਚ ਲਏ ਅਤੇ ਸਮਝੌਤੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇੰਨਾ ਹੀ ਨਹੀਂ, ਪਤਨੀ ਨੇ ਪਤੀ ਅਤੇ ਉਸਦੇ ਪਰਿਵਾਰ ਦੇ ਖਿਲਾਫ ਘਰੇਲੂ ਹਿੰਸਾ ਐਕਟ, 2005 ਦੇ ਤਹਿਤ ਨਵਾਂ ਕੇਸ ਵੀ ਦਰਜ ਕਰਵਾ ਦਿੱਤਾ। ਬੈਂਚ ਨੇ ਨੋਟ ਕੀਤਾ ਕਿ ਪਤਨੀ ਵੱਲੋਂ ਦਰਜ ਕਰਵਾਇਆ ਗਿਆ ਘਰੇਲੂ ਹਿੰਸਾ ਦਾ ਕੇਸ ਕੇਵਲ ਇਕ 'ਬਾਅਦ ਦੀ ਸੋਚ' ਸੀ। ਅਦਾਲਤ ਨੇ ਕਿਹਾ ਕਿ ਇਹ ਕੇਸ ਉਦੋਂ ਦਰਜ ਕੀਤਾ ਗਿਆ ਜਦੋਂ ਪਤੀ ਨੇ ਸਮਝੌਤੇ ਦੀ ਉਲੰਘਣਾ ਨੂੰ ਲੈ ਕੇ ਅਦਾਲਤ ਵਿੱਚ ਮਾਣਹਾਨੀ ਦੀ ਪਟੀਸ਼ਨ ਦਾਇਰ ਕੀਤੀ ਸੀ। ਜਸਟਿਸ ਬਿਸ਼ਨੋਈ ਨੇ ਫੈਸਲਾ ਲਿਖਦਿਆਂ ਕਿਹਾ, 'ਜਦੋਂ ਰਿਸ਼ਤੇ ਵਿੱਚ ਸੁਧਾਰ ਦੀ ਕੋਈ ਗੁੰਜਾਇਸ਼ ਨਾ ਹੋਵੇ ਅਤੇ ਧਿਰਾਂ ਵਿਚਕਾਰ ਗੰਭੀਰ ਮਤਭੇਦ ਹੋਣ, ਤਾਂ ਅਜਿਹੀ ਮੁਕੱਦਮੇਬਾਜ਼ੀ ਨੂੰ ਖਿੱਚਣਾ ਕੇਵਲ ਇਕ-ਦੂਜੇ ਨੂੰ ਪਰੇਸ਼ਾਨ ਕਰਨ ਦਾ ਸਾਧਨ ਬਣਦਾ ਹੈ।'

ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਧਿਰਾਂ ਨੂੰ ਵਿਚੋਲਗੀ ਰਾਹੀਂ ਕੀਤੇ ਗਏ ਸਮਝੌਤਿਆਂ ਤੋਂ ਆਸਾਨੀ ਨਾਲ ਪਿੱਛੇ ਹਟਣ ਦੀ ਇਜਾਜ਼ਤ ਦਿੱਤੀ ਗਈ, ਤਾਂ ਦੇਸ਼ ਵਿੱਚ ਵਿਚੋਲਗੀ ਦੀ ਪੂਰੀ ਪ੍ਰਕਿਰਿਆ ਹੀ ਫੇਲ੍ਹ ਹੋ ਜਾਵੇਗੀ। ਅਦਾਲਤ ਮੁਤਾਬਕ, ਇਕ ਵਾਰ ਜਦੋਂ ਕੋਈ ਪੱਖ ਸਮਝੌਤੇ ਦੇ ਤਹਿਤ ਲਾਭ ਪ੍ਰਾਪਤ ਕਰ ਲੈਂਦਾ ਹੈ, ਤਾਂ ਉਹ ਆਪਣੀ ਸਹੂਲਤ ਅਨੁਸਾਰ ਸ਼ਰਤਾਂ ਤੋਂ ਮੁਕਰ ਨਹੀਂ ਸਕਦਾ। ਇਸ ਫੈਸਲੇ ਰਾਹੀਂ ਸੁਪਰੀਮ ਕੋਰਟ ਨੇ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਕਾਨੂੰਨ ਕਿਸੇ ਵੀ ਧਿਰ ਨੂੰ ਸਮਝੌਤੇ ਦੀ ਆੜ ਵਿੱਚ ਦੂਜੀ ਧਿਰ ਦਾ ਸ਼ੋਸ਼ਣ ਕਰਨ ਜਾਂ ਅਦਾਲਤੀ ਪ੍ਰਕਿਰਿਆ ਨੂੰ ਖਿਡੌਣਾ ਬਣਾਉਣ ਦੀ ਇਜਾਜ਼ਤ ਨਹੀਂ ਦਿੰਦਾ। ਅਦਾਲਤ ਨੇ ਪਤੀ ਨੂੰ ਬਾਕੀ ਰਹਿੰਦੀ ਰਕਮ ਅਦਾ ਕਰਨ ਦੇ ਨਿਰਦੇਸ਼ ਦਿੰਦਿਆਂ ਸਾਰੇ ਪੁਰਾਣੇ ਵਿਵਾਦਾਂ 'ਤੇ ਹਮੇਸ਼ਾ ਲਈ ਮੋਹਰ ਲਗਾ ਦਿੱਤੀ ਹੈ।

# ਬਰਤਾਨੀਆ ਸਰਕਾਰ ਵੱਲੋਂ ਜਾਰੀ 'ਇਸਲਾਮੋਫੋਬੀਆ' ਦੀ ਨਵੀਂ ਪ੍ਰੀਭਾਸ਼ਾ ਵਿਰੁੱਧ ਸਿੱਖ ਜਥੇਬੰਦੀਆਂ ਨੇ ਖੋਲ੍ਹਿਆ ਮੋਰਚਾ

ਲੰਡਨ, 16 ਅਪ੍ਰੈਲ (ਚ. ਨ. ਸ.): ਬਰਤਾਨੀਆ ਵਿੱਚ ਵਸਦੇ ਸਿੱਖ ਭਾਈਚਾਰੇ ਨੇ ਸਰਕਾਰ ਵੱਲੋਂ ਮੁਸਲਿਮ ਵਿਰੋਧੀ ਨਫ਼ਰਤ ਦੀ ਇੱਕ ਨਵੀਂ ਅਤੇ ਵਿਵਾਦਪੂਰਨ ਪ੍ਰੀਭਾਸ਼ਾ ਨੂੰ ਲਾਗੂ ਕਰਨ ਦੇ ਫੈਸਲੇ ਵਿਰੁੱਧ ਵੱਡਾ ਕਦਮ ਚੁੱਕਿਆ ਹੈ। ਬਰਤਾਨੀਆ ਦੀਆਂ ਸਿੱਖ ਜਥੇਬੰਦੀਆਂ ਦੀ ਇੱਕ ਪ੍ਰਮੁੱਖ ਇਕਾਈ 'ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨ' ਨੇ ਇਸ ਸਰਕਾਰੀ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦੇਣ ਦਾ ਐਲਾਨ ਕੀਤਾ ਹੈ। ਇਸ ਕਾਨੂੰਨੀ ਲੜਾਈ ਲਈ ਜਥੇਬੰਦੀ ਵੱਲੋਂ ਇੱਕ ਕਰਾਊਡ-ਫੰਡਿੰਗ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ ਤਾਂ ਜੋ ਕਾਨੂੰਨੀ ਖਰਚਿਆਂ ਲਈ ਲੋੜੀਂਦੇ ਫੰਡ ਜੁਟਾਏ ਜਾ ਸਕਣ। ਜ਼ਿਕਰਯੋਗ ਹੈ ਕਿ ਬਰਤਾਨੀਆ ਦੇ ਹਾਊਸਿੰਗ, ਕਮਿਊਨਿਟੀਜ਼ ਅਤੇ ਲੋਕਲ ਗੌਰਮਿੰਟ ਦੇ ਸੈਕਟਰੀ ਸਟੀਵ ਰੀਡ ਨੇ ਪਿਛਲੇ ਮਹੀਨੇ ਪਾਰਲੀਮੈਂਟ ਵਿੱਚ ਇੱਕ ਸਮਾਜਿਕ ਸਦਭਾਵਨਾ ਰਣਨੀਤੀ ਪੇਸ਼ ਕੀਤੀ ਸੀ। ਇਸ ਦੇ ਤਹਿਤ ਮੁਸਲਮਾਨਾਂ ਜਾਂ ਮੁਸਲਿਮ ਜਾਪਦੇ ਵਿਅਕਤੀਆਂ ਵਿਰੁੱਧ ਹੋਣ ਵਾਲੀ ਨਫ਼ਰਤ, ਵਿਤਕਰੇ ਅਤੇ ਪੱਖਪਾਤ ਨੂੰ ਰੋਕਣ ਲਈ ਇੱਕ ਨਵੀਂ ਪ੍ਰੀਭਾਸ਼ਾ ਤੈਅ ਕੀਤੀ ਗਈ ਹੈ। ਹਾਲਾਂਕਿ, ਬਰਤਾਨੀਆ ਦੇ ਸਿੱਖ ਅਤੇ ਹਿੰਦੂ ਭਾਈਚਾਰੇ ਨੇ ਇਸ ਪ੍ਰੀਭਾਸ਼ਾ ਨੂੰ ਲੈ ਕੇ ਗੰਭੀਰ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪ੍ਰੀਭਾਸ਼ਾ ਦੇਸ਼ ਵਿੱਚ ਧਾਰਮਿਕ ਸੁਤੰਤਰਤਾ ਅਤੇ ਬੋਲਣ ਦੀ ਆਜ਼ਾਦੀ 'ਤੇ ਮਾੜਾ ਅਸਰ ਪਾ ਸਕਦੀ ਹੈ। 'ਨੈੱਟਵਰਕ ਆਫ਼ ਸਿੱਖ ਆਰਗੇਨਾਈਜ਼ੇਸ਼ਨ' ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਪੇਸ਼ ਕੀਤੀ ਗਈ ਇਹ ਨਵੀਂ ਪ੍ਰੀਭਾਸ਼ਾ ਸਿੱਖਾਂ ਦੀ ਧਾਰਮਿਕ ਆਜ਼ਾਦੀ ਲਈ ਖਤਰਾ ਬਣ ਸਕਦੀ ਹੈ। ਜਥੇਬੰਦੀ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਅਸੀਂ ਸਰਕਾਰ ਦੇ ਇਸ ਕਦਮ ਵਿਰੁੱਧ ਜੁਡੀਸ਼ੀਅਲ ਰਿਵਿਊ (ਨਿਆਂਇਕ ਸਮੀਖਿਆ) ਦੀ ਮੰਗ ਕਰਨ ਲਈ ਮਜਬੂਰ ਹਾਂ। ਸਾਨੂੰ ਡਰ ਹੈ ਕਿ ਇਹ ਪਰਿਭਾਸ਼ਾ ਸਿੱਖਾਂ ਅਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੇ ਆਪਣੇ ਵਿਸ਼ਵਾਸਾਂ ਦਾ ਪ੍ਰਚਾਰ ਕਰਨ ਅਤੇ ਆਪਣੀਆਂ ਧਾਰਮਿਕ ਮਾਨਤਾਵਾਂ ਮੁਤਾਬਕ ਜੀਵਨ ਜਿਉਣ ਦੇ ਅਧਿਕਾਰ ਨੂੰ ਪ੍ਰਭਾਵਿਤ ਕਰੇਗੀ।

# ਗਲਤ ਪਾਰਕ ਕੀਤੇ ਟਰੱਕਾਂ ਦੇ ਕੱਟੇ ਚਲਾਨ



ਸ੍ਰੀ ਕੀਰਤਪੁਰ ਸਾਹਿਬ,16 ਅਪ੍ਰੈਲ (ਬੀ ਐਸ ਰਾਣਾ): ਸ੍ਰੀ ਕੀਰਤਪੁਰ ਸਾਹਿਬ ਟ੍ਰੈਫਿਕ ਪੁਲਿਸ ਵੱਲੋਂ ਪਿੰਡ ਕਲਿਆਣਪੁਰ ਅੰਬ ਵਾਲਾ ਚੌਂਕ ਨਜ਼ਦੀਕ ਸ੍ਰੀ ਕੀਰਤਪੁਰ ਸਾਹਿਬ -ਮਨਾਲੀ ਕੌਮੀ ਮਾਰਗ 'ਤੇ ਗਲਤ ਗੱਡੀਆਂ ਪਾਰਕ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਅੱਜ ਉਨ੍ਹਾਂ ਦੇ ਚਲਾਨ ਕੱਟੇ ਗਏ ਹਨ। ਜਿਸ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਟਰੈਫਿਕ ਪੁਲਿਸ ਕੀਰਤਪੁਰ ਸਾਹਿਬ ਦੇ ਇੰਚਾਰਜ ਏਐਸਆਈ ਬਲਵੰਤ ਸਿੰਘ ਨੇ ਦੱਸਿਆ ਕਿ ਅਕਸਰ ਹੀ ਦੇਖਣ ਵਿੱਚ ਆਉਂਦਾ ਹੈ ਕਿ ਕੀਰਤਪੁਰ ਸਾਹਿਬ ਦੇ ਅੰਬ ਵਾਲਾ ਚੌਂਕ ਨਜ਼ਦੀਕ ਕੌਮੀ ਮਾਰਗ 'ਤੇ ਬਹੁਤ ਜ਼ਿਆਦਾ ਟਰੱਕ ਸੜਕ ਦੇ ਵਿਚਕਾਰ ਹੀ ਪਾਰਕ ਕੀਤੇ ਹੋਏ ਹੁੰਦੇ ਹਨ। ਟਰੱਕ ਡਰਾਈਵਰਾਂ ਨੂੰ ਕਈ ਵਾਰ ਸਮਝਾਇਆ ਜਾ ਚੁੱਕਿਆ ਹੈ ਪਰ ਸਮਝਾਉਣ ਦੇ ਬਾਵਜੂਦ ਵੀ ਟਰੱਕਾਂ ਵਾਲੇ ਆਪਣੇ ਟਰੱਕ ਸੜਕ ਵਿਚਕਾਰ ਖੜ੍ਹੇ ਕਰਕੇ ਚੱਲ ਜਾਂਦੇ ਹਨ ਜਿਨਾਂ ਖਿਲਾਫ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

ਉਹਨਾਂ ਦੱਸਿਆ ਕਿ ਉਹਨਾਂ ਵੱਲੋਂ ਅੰਬ ਵਾਲੇ ਅੱਡੇ ਦੇ ਨਜ਼ਦੀਕ ਗਲਤ ਤੌਰ 'ਤੇ ਖੜੇ ਟਰੱਕਾਂ ਵਾਲਿਆਂ ਦੇ ਜਿੱਥੇ ਚਲਾਨ ਕੱਟੇ ਗਏ ਹਨ ਉੱਥੇ ਹੀ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਵੀ ਚਲਾਨ ਕੱਟੇ ਗਏ ਹਨ। ਉਹਨਾਂ ਦੱਸਿਆ ਕਿ ਅੰਬ ਵਾਲਾ ਚੌਂਕ ਨਜ਼ਦੀਕ ਸੜਕ 'ਤੇ ਖੜ੍ਹਦੇ ਟਰੱਕਾਂ ਕਾਰਨ ਕਈ ਵਾਰ ਸੜਕ ਹਾਦਸੇ ਵਾਪਰ ਚੁੱਕੇ ਹਨ ਜਿਸ ਕਰਕੇ ਇਹਨਾਂ ਖਿਲਾਫ ਹੁਣ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

ਉਹਨਾਂ ਦੱਸਿਆ ਕਿ ਅੱਜ ਉਹਨਾਂ ਵੱਲੋਂ ਆਪਣੇ ਸਹਿਯੋਗੀ ਏਐਸਆਈ ਕਮਲਜੀਤ ਸਿੰਘ ਦੇ ਨਾਲ ਮਿਲ ਕੇ ਦੋ ਦਰਜਨ ਚਲਾਨ ਕੱਟੇ ਗਏ ਹਨ ਅੱਗੇ ਤੋਂ ਵੀ ਇਹ ਕਾਰਵਾਈ ਨਿਰੰਤਰ ਜਾਰੀ ਰਹੇਗੀ।

ਦਮਨਦੀਪ ਸਿੰਘ ਪ੍ਰਿੰਟਰ, ਪਬਲਿਸ਼ਰ ਅਤੇ ਐਡੀਟਰ ਨੇ ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, 593, ਐਸ.ਐਸ.ਟੀ. ਨਗਰ, ਪਟਿਆਲਾ ਦੇ ਕੀਪਰ ਪਰਮਜੀਤ ਸਿੰਘ ਤੋਂ ਛਪਵਾ ਕੇ ਦਫ਼ਤਰ 'ਰੋਜ਼ਾਨਾ ਚੜ੍ਹਦੀਕਲਾ', 3205 ਸੈਕਟਰ 44-ਡੀ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ। ਮਾਲਕ: ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ, ਪ੍ਰਾਈਵੇਟ ਲਿਮਟਿਡ।
PRGI (RNI) Regd. No. CHPUN/25/A1790

Printed, Published & Edited by Damandeep Singh on behalf of Charhdikala Printing Press Pvt. Ltd. Printed at Charhdikala Printing Press, 593, SST Nagar, Patiala keeper Paramjit Singh, Published at Office Daily Charhdikala, 3205, Sector 44-D, Chandigarh.
PRGI (RNI) Regd. No. CHPUN/25/A1790

# ਇਰਾਨ ਨੂੰ ਹਥਿਆਰ ਨਾ ਦੇਣ ਲਈ ਸਹਿਮਤ ਹੋਇਆ ਚੀਨ

ਕਾਹਿਰਾ, 16 ਅਪ੍ਰੈਲ (ਚ. ਨ. ਸ.): ਡੋਨਾਲਡ ਟਰੰਪ ਨੇ ਬੁਧਵਾਰ ਨੂੰ ਦਾਅਵਾ ਕੀਤਾ ਕਿ/ਚੀਨ ਹੁਣ ਇਰਾਨ ਨੂੰ ਹਥਿਆਰ ਨਾ ਦੇਣ ਲਈ ਸਹਿਮਤ ਹੋ ਗਿਆ ਹੈ ਕਿਉਂਕਿ ਅਜਿਹੀਆਂ ਖਬਰਾਂ ਫੈਲ ਰਹੀਆਂ ਹਨ ਕਿ ਬੀਜਿੰਗ ਨੇ ਹਥਿਆਰ ਦੇਣ ਉਤੇ ਵਿਚਾਰ ਕੀਤਾ ਹੈ। ਟਰੰਪ ਨੇ ਸੋਸ਼ਲ ਮੀਡੀਆ ਉਤੇ ਇਕ ਪੋਸਟ 'ਚ ਲਿਖਿਆ) ਚੀਨ ਇਸ ਗੱਲ ਤੋਂ ਬਹੁਤ ਖੁਸ਼ ਹੈ ਕਿ ਮੈਂ ਹੋਰਮੁਜ਼ ਜਲਡਮਰੂਮੱਧ ਨੂੰ ਪੱਕੇ ਤੌਰ ਉਤੇ ਖੋਲ੍ਹ ਰਿਹਾ ਹਾਂ।

ਉਨ੍ਹਾਂ ਨੇ ਕਿਹਾ ਕਿ ਉਹ ਇਰਾਨ ਨੂੰ ਹਥਿਆਰ ਨਾ ਭੇਜਣ ਉਤੇ ਸਹਿਮਤ ਹੋਏ ਹਨ । ਰਾਸ਼ਟਰਪਤੀ ਨੇ ਮੰਗਲਵਾਰ ਇਕ ਨੂੰ ਇੰਟਰਵਿਊ ਦੇਣ ਵਾਲੇ ਨੂੰ ਦਸਿਆ ਸੀ ਕਿ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਇਰਾਨ ਨੂੰ ਹਥਿਆਰ ਭੇਜਣ ਤੋਂ/ਇਨਕਾਰ ਕੀਤਾ ਸੀ। ਚੀਨ ਦੇ ਵਿਦੇਸ਼ ਮੰਤਰਾਲੇ ਨੇ ਹਾਲ ਹੀ ਦੇ ਦਿਨਾਂ ਵਿਚ ਵਾਰ-ਵਾਰ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਦੇਸ਼ ਇਰਾਨ ਨੂੰ ਕਿਸੇ ਵੀ ਕਿਸਮ ਦੀ ਫੌਜੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

# ਸਕਾਰਪੀਓ ਗੱਡੀ 'ਚੋਂ ਮਿਲੀ ਨੌਜਵਾਨ ਕੱਪੜਾ ਵਪਾਰੀ ਦੀ ਲਾਸ਼, ਪਰਿਵਾਰ ਨੂੰ ਕਤਲ ਦਾ ਖ਼ਦਸ਼ਾ

ਧਰਮਕੋਟ/ਮੋਗਾ, 16 ਅਪ੍ਰੈਲ (ਚ. ਨ. ਸ.): ਮੋਗਾ ਜ਼ਿਲ੍ਹੇ ਦੇ ਕਸਬਾ ਧਰਮਕੋਟ ਵਿੱਚ ਬੁੱਧਵਾਰ ਦੁਪਹਿਰ ਨੂੰ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਇੱਕ 29 ਸਾਲਾ ਨੌਜਵਾਨ ਕੱਪੜਾ ਵਪਾਰੀ ਦੀ ਲਾਸ਼ ਉਸ ਦੀ ਆਪਣੀ ਹੀ ਸਕਾਰਪੀਓ ਗੱਡੀ ਵਿੱਚੋਂ ਬਰਾਮਦ ਹੋਈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ਼ ਗੈਰੀ ਵਜੋਂ ਹੋਈ ਹੈ, ਜੋ ਧਰਮਕੋਟ ਵਿੱਚ 'ਗੈਰੀ ਕੁਲੈਕਸ਼ਨ' ਨਾਮ ਦਾ ਰੈਡੀਮੇਡ ਗਾਰਮੈਂਟਸ ਦਾ ਸ਼ੋਅਰੂਮ ਚਲਾਉਂਦਾ ਸੀ। ਘਟਨਾ ਦੀ ਜਾਣਕਾਰੀ ਮਿਲਦੇ ਹੀ ਇਲਾਕੇ ਵਿੱਚ ਸਹਿਮ ਦਾ ਮਾਹੌਲ ਬਣ ਗਿਆ ਹੈ। ਪੁਲਿਸ ਨੇ ਮੁੱਢਲੀ ਜਾਂਚ ਤੋਂ ਬਾਅਦ ਇਸ ਨੂੰ ਖ਼ੁਦਕੁਸ਼ੀ ਦਾ ਮਾਮਲਾ ਦੱਸਿਆ ਹੈ, ਜਦਕਿ ਪਰਿਵਾਰਕ ਮੈਂਬਰਾਂ ਅਤੇ ਸਿਆਸੀ ਪਾਰਟੀਆਂ ਨੇ ਇਸ ਨੂੰ ਗੈਂਗਸਟਰਾਂ ਵੱਲੋਂ ਕੀਤਾ ਗਿਆ ਕਤਲ ਕਰਾਰ ਦਿੱਤਾ ਹੈ। ਪਰਿਵਾਰਕ ਮੈਂਬਰਾਂ ਅਨੁਸਾਰ ਗੈਰੀ ਬੁੱਧਵਾਰ ਦੁਪਹਿਰ ਕਰੀਬ 12 ਵਜੇ ਇਹ ਕਹਿ ਕੇ ਘਰੋਂ ਨਿਕਲਿਆ ਸੀ ਕਿ ਉਹ ਆਪਣੀ ਗੱਡੀ ਸਰਵਿਸ ਕਰਵਾਉਣ ਜਾ ਰਿਹਾ ਹੈ। ਕਾਫੀ ਦੇਰ ਤੱਕ ਜਦੋਂ ਉਹ ਵਾਪਸ ਨਾ ਆਇਆ ਅਤੇ ਪਰਿਵਾਰ ਵੱਲੋਂ ਵਾਰ-ਵਾਰ ਕੀਤੇ ਗਏ ਫ਼ੋਨਾਂ ਦਾ ਕੋਈ ਜਵਾਬ ਨਹੀਂ ਮਿਲਿਆ, ਤਾਂ ਉਨ੍ਹਾਂ ਨੂੰ ਚਿੰਤਾ ਹੋਈ। ਇਸ ਉਪਰੰਤ ਪਰਿਵਾਰ ਨੇ ਗੱਡੀ ਵਿੱਚ ਲੱਗੇ ਜੀਪੀਐਸ ਟਰੈਕਰ ਰਾਹੀਂ ਲੋਕੇਸ਼ਨ ਦੀ ਜਾਂਚ ਕੀਤੀ। ਗੱਡੀ ਦੀ ਲੋਕੇਸ਼ਨ ਜਲੰਧਰ-ਮੋਗਾ ਹਾਈਵੇਅ 'ਤੇ ਪੈਂਦੇ ਪਿੰਡ ਪੰਡੋਰੀ ਨੇੜੇ ਇੱਕ ਸੁੰਨਸਾਨ ਥਾਂ 'ਤੇ ਸਥਿਰ ਦਿਖਾਈ ਦੇ ਰਹੀ ਸੀ। ਜਦੋਂ ਪਰਿਵਾਰਕ ਮੈਂਬਰ ਅਤੇ ਸ਼ੋਅਰੂਮ ਦੇ ਕਰਿੰਦੇ ਉੱਥੇ ਪਹੁੰਚੇ ਤਾਂ ਗੈਰੀ ਡਰਾਈਵਰ ਸੀਟ 'ਤੇ ਖ਼ੂਨ ਨਾਲ ਲੱਥਪੱਥ ਹਾਲਤ ਵਿੱਚ ਮਿਲਿਆ। ਉਸ ਦੇ ਸਿਰ ਵਿੱਚ ਗੋਲੀ ਲੱਗੀ ਹੋਈ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮੋਗਾ ਦੇ ਐਸ.ਐਸ.ਪੀ. ਅਜੇ ਗਾਂਧੀ ਨੇ ਦੱਸਿਆ ਕਿ ਮੌਕਾ-ਏ-ਵਾਰਦਾਤ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਹੈ। ਪੁਲਿਸ ਅਨੁਸਾਰ ਗੱਡੀ ਦੇ ਅੰਦਰੋਂ ਮ੍ਰਿਤਕ ਦਾ ਲਾਇਸੈਂਸੀ .45 ਬੋਰ ਦਾ ਪਿਸਤੌਲ ਬਰਾਮਦ ਹੋਇਆ ਹੈ। ਐਸ.ਐਸ.ਪੀ. ਨੇ ਦਾਅਵਾ ਕੀਤਾ ਕਿ ਅਪਰਾਧ ਵਾਲੀ ਥਾਂ ਤੋਂ ਕੋਈ ਅਜਿਹਾ ਸਬੂਤ ਨਹੀਂ ਮਿਲਿਆ ਜੋ ਬਾਹਰੀ ਹਮਲੇ ਵੱਲ ਇਸ਼ਾਰਾ ਕਰਦਾ ਹੋਵੇ। ਧਰਮਕੋਟ ਦੇ ਐਸ.ਐਚ.ਓ. ਲਛਮਣ ਸਿੰਘ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਮ੍ਰਿਤਕ ਪਿਛਲੇ ਕੁਝ ਸਮੇਂ ਤੋਂ ਮਾਨਸਿਕ ਤਣਾਅ ਵਿੱਚ ਸੀ। ਪੁਲਿਸ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੂਜੇ ਪਾਸੇ ਮ੍ਰਿਤਕ ਦੇ ਪਿਤਾ ਕੁਲਵੰਤ ਸਿੰਘ ਨੇ ਪੁਲਿਸ ਦੀ ਥਿਊਰੀ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਦਾ ਪੁੱਤਰ ਬਹੁਤ ਖੁਸ਼ ਸੀ ਅਤੇ ਉਸ ਨੂੰ ਕੋਈ ਘਰੇਲੂ ਪਰੇਸ਼ਾਨੀ ਨਹੀਂ ਸੀ। ਉਨ੍ਹਾਂ ਦੱਸਿਆ ਕਿ ਗੈਰੀ ਨੂੰ ਪਿਛਲੇ ਸਾਲ ਅਗਸਤ ਮਹੀਨੇ ਵਿੱਚ ਗੈਂਗਸਟਰਾਂ ਵੱਲੋਂ ਫਿਰੌਤੀ ਲਈ ਧਮਕੀਆਂ ਮਿਲੀਆਂ ਸਨ, ਜਿਸ ਸਬੰਧੀ ਪੁਲਿਸ ਕੋਲ ਸ਼ਿਕਾਇਤ ਵੀ ਦਰਜ ਕਰਵਾਈ ਗਈ ਸੀ। ਉਸ ਸਮੇਂ ਪੁਲਿਸ ਨੇ ਉਸ ਨੂੰ ਇਕ ਗੰਨਮੈਨ ਵੀ ਮੁਹੱਈਆ ਕਰਵਾਇਆ ਸੀ। ਪਰਿਵਾਰ ਦਾ ਸਵਾਲ ਹੈ ਕਿ ਘਟਨਾ ਸਮੇਂ ਉਹ ਸਰਕਾਰੀ ਗੰਨਮੈਨ ਉਸ ਦੇ ਨਾਲ ਕਿਉਂ ਨਹੀਂ ਸੀ? ਉਨ੍ਹਾਂ ਸ਼ੱਕ ਜਤਾਇਆ ਹੈ ਕਿ ਇਹ ਕਾਰਾ ਕਿਸੇ ਗੈਂਗਸਟਰ ਗਰੁੱਪ ਦਾ ਹੋ ਸਕਦਾ ਹੈ।

# ਦਸਵੀਂ ਜਮਾਤ ਦੇ ਸ਼ਾਨਦਾਰ ਨਤੀਜੇ ਨੇ ਨੇਤਾ ਜੀ ਮਾਡਲ ਸਕੂਲ ਦਾ ਨਾਂ ਕੀਤਾ ਰੋਸ਼ਨ

ਰੂਪਨਗਰ,16 ਅਪ੍ਰੈਲ (ਅਮਿਤ ਅਰੋੜਾ): ਸ਼ਹਿਰ ਵਿੱਚ ਸਥਿਤ ਨੇਤਾ ਜੀ ਮਾਡਲ ਸਕੂਲ ਜੋ ਕਿ ਸ਼ਹਿਰ ਅੰਦਰ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਚੁੱਕਿਆ ਹੈ। ਇਸ ਸਬੰਧੀ ਨੇਤਾ ਜੀ ਮਾਡਲ ਸਕੂਲ ਦੀ ਨਿਰਦੇਸ਼ਕਾ ਭਾਰਤੀ ਸੈਣੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਸਵੀਂ ਜਮਾਤ ਦਾ ਨਤੀਜਾ ਸੀ.ਬੀ.ਐਸ.ਈ. ਵੱਲੋਂ ਐਲਾਨਿਆ ਗਿਆ ਜਿਸ ਵਿਚ ਨੇਤਾ ਜੀ ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨੰਬਰ ਹਾਸਲ ਕਰਕੇ ਆਪਣੇ ਮਾਪੇ, ਸਕੂਲ ਅਤੇ ਸਟਾਫ ਦਾ ਨਾਂ ਰੌਸ਼ਨ ਕਰਨ ਲਈ ਅਣਥੱਕ ਮਿਹਨਤ ਕਰਕੇ ਪਹਿਲੇ ਸਥਾਨ 'ਤੇ ਪੁੱਜਣ ਵਿੱਚ ਕੋਈ ਕਸਰ ਨਹੀਂ ਛੱਡੀ ਤੇ ਚੰਗੇ ਨੰਬਰ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ। ਇਸ ਮੌਕੇ ਸਕੂਲ ਦੀ ਨਿਰਦੇਸ਼ਕਾ ਭਾਰਤੀ ਸੈਣੀ ਨੇ ਕਿਹਾ ਕਿ ਸਮੂਹ ਸਟਾਫ ਦੀ ਕਾਬਲੀਅਤ ਤੇ ਅਣਥੱਕ ਮਿਹਨਤ ਸਦਕਾ ਹੀ ਨੇਤਾ ਜੀ ਮਾਡਲ ਸਕੂਲ ਨੇ ਇੱਕ ਵਾਰ ਫਿਰ ਤੋਂ ਸ਼ਾਨਦਾਰ ਨਤੀਜੇ ਹਾਸਿਲ ਕਰਕੇ ਸਕੂਲ ਦੀ ਕਾਬਲੀਅਤ ਨੂੰ ਦਰਸ਼ਾਇਆ ਹੈ।



ਉਹਨਾਂ ਦੱਸਿਆ ਕਿ ਦਸਵੀਂ ਜਮਾਤ ਦੇ ਵਿਦਿਆਰਥੀ ਅਵੀਜੋਤ ਸਿੰਘ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾਂ ਸਥਾਨ, ਈਸ਼ਪ੍ਰੀਤ ਸਿੰਘ ਨੇ 94.5% ਨੰਬਰ ਲੈਕੇ ਦੂਜਾ ਸਥਾਨ, ਰਮਨਜੀਤ ਕੌਰ ਨੇ 92.6% ਨੰਬਰ ਲੈ ਕੇ ਤੀਜਾ ਸਥਾਨ ਹਾਸਲ ਕੀਤਾ। ਇਸਦੇ ਨਾਲ ਹੀ ਤਨਿਸ਼ਕਾ ਨੇ 92%, ਹਰਸ਼ਦੀਪ ਸਿੰਘ ਨੇ 92%, ਖੁਸ਼ਨੀਤਕੌਰ ਨੇ 91.2%, ਜੈਸਮੀਨ ਕੌਰ ਨੇ 90.8%, ਜਸਮੀਨ ਕੌਰ ਨੇ 89.4%, ਕੋਮਲਪ੍ਰੀਤ ਤੇ ਗੁਰਕਿਰਤ ਨੇ 88.4%, ਚੇਤਨਾ ਨੇ 87% ਨੰਬਰ ਹਾਸਲ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ ਇਸ ਖੁਸ਼ੀ ਨੂੰ ਸਾਂਝੀ ਕਰਦੇ ਹੋਏ ਸਕੂਲ ਦੀ ਨਿਰਦੇਸ਼ੀ ਭਾਰਤੀ ਸੈਨੀ ਨੇ ਮਾਪਿਆਂ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਜਿੰਮ 'ਚ ਕਰਵਾਏ ਬੈਂਚ ਪ੍ਰੈਸ ਮੁਕਾਬਲੇ

## ਨੌਜਵਾਨਾਂ ਨੂੰ ਕਸਰਤ ਵੱਲ ਧਿਆਨ ਦੇਣਾ ਚਾਹੀਦੈ : ਮਨਪ੍ਰੀਤ ਸਿੰਘ



ਰਾਜਪੁਰਾ, 16 ਅਪ੍ਰੈਲ (ਸੰਜੀਵ ਕੁਮਾਰ) : ਇੱਥੋਂ ਦੇ ਅੰਡਰ ਬ੍ਰਿਜ ਰੋਡ 'ਤੇ ਸਥਿਤ ਦਾ ਆਇਰਨ ਹੱਬ ਜਿਮ ਵਿਖੇ ਨੌਜਵਾਨਾਂ ਲਈ ਵੇਟ ਲਿਫਟਿੰਗ ਅਤੇ ਬੈਂਚ ਪ੍ਰੈਸ ਮੁਕਾਬਲੇ ਕਰਵਾਏ ਗਏ। ਇਸ ਸਬੰਧੀ ਗੱਲਬਾਤ ਕਰਦਿਆਂ ਮੁੱਖ ਕੋਚ ਮਨਪ੍ਰੀਤ ਸਿੰਘ ਚਮਾਰੂ ਨੇ ਦੱਸਿਆ ਕਿ 60-65 ਕਿੱਲੋ ਦੇ ਵਰਗ 'ਚ ਹਾਰਦਿਕ ਕੁਮਾਰ ਨੇ 80 ਕਿਲੋ ਦਾ ਭਾਰ ਚੁੱਕ ਕੇ ਪਹਿਲਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਦੂਸਰਾ ਮੁਕਾਬਲਾ 75-80 ਦੀ ਦੂਸਰੇ ਵਰਗ 'ਚ ਯਸ਼ ਵਰਮਾ ਨੇ 90 ਕਿਲੋ ਭਾਰ ਚੁੱਕ ਕੇ ਪਹਿਲਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਮਨਦੀਪ ਮਨਦੀਪ ਨੇ 70-75 ਤੀਜੀ ਕੈਟਾਗਰੀ ਦੇ ਵਿਚ 105 ਕਿਲੋ ਦਾ ਭਾਰ ਚੁੱਕ ਕੇ ਪਹਿਲਾ ਸਥਾਨ ਹਾਸਿਲ ਕੀਤਾ ਹੈ। ਇਸ ਸਬੰਧੀ ਮਨਪ੍ਰੀਤ ਸਿੰਘ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਰਹਿ ਕੇ ਕਸਰਤ ਕਰਨ ਦੇ ਲਈ ਪ੍ਰੇਰਿਤ ਕੀਤਾ। ਉਹਨਾਂ ਦੱਸਿਆ ਕਿ ਹਰ ਮਹੀਨੇ ਇਸੇ ਤਰ੍ਹਾਂ ਮੁਕਾਬਲੇ ਕਰਵਾਏ ਜਾਣਗੇ। ਉਹਨਾਂ ਕਿਹਾ ਕਿ ਅੱਜ ਦੇ ਯੁੱਗ 'ਚ ਨੌਜਵਾਨਾਂ ਨੂੰ ਕਸਰਤ ਕਰਨੀ ਆਪਣੀ ਜਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਸ ਦੌਰਾਨ ਜੇਤੂ ਨੌਜਵਾਨਾਂ ਨੂੰ ਤਗਮੇ ਅਤੇ ਤੋਹਫੇ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਕੁਸ਼ਮਾਨ ਸਿੰਘ, ਸਾਹਿਬ ਸਿੰਘ ਬੇਦੀ, ਗੁਰਵਿੰਦਰ ਸਿੰਘ ਖਰਾਜਪੁਰ, ਮਾਨ ਸਿੰਘ, ਨਵੀ ਸ਼ਰਮਾ, ਗੁਰਜਿੰਦਰ ਸਿੰਘ ਬੜਿੰਗ, ਗੁਲਾਬ ਸਿੰਘ, ਗੁਰਜਿੰਦਰ ਸਿੰਘ ਸਮੇਤ ਹੋਰ ਮੌਜੂਦ ਸਨ।

# ਪਾਕਿਸਤਾਨ ਤੋਂ ਤਸਕਰੀ ਕੀਤੇ ਪਿਸਤੌਲਾਂ ਉੱਤੇ 'ਅਵਾਨ ਬਾਦਸ਼ਾਹ-222' ਅਤੇ 'ਭੱਟ-007' ਲਿਖਿਆ ਹੋਣ ਕਾਰਨ ਸੁਰੱਖਿਆ ਏਜੰਸੀਆਂ ਹੋਈਆਂ ਚੌਕਸ

ਅੰਮ੍ਰਿਤਸਰ, 16 ਅਪ੍ਰੈਲ (ਚ.ਨ.ਸ.) : ਪਾਕਿਸਤਾਨ ਤੋਂ ਤਸਕਰੀ ਕੀਤੇ ਗਏ ਉਨ੍ਹਾਂ ਪਿਸਤੌਲਾਂ ਦੇ ਮਿਲਣ ਤੋਂ ਬਾਅਦ ਪੰਜਾਬ ਦੀਆਂ ਸੁਰੱਖਿਆ ਏਜੰਸੀਆਂ ਬਹੁਤ ਚੌਕਸ ਹੋ ਗਈਆਂ ਹਨ, ਜਿਨ੍ਹਾਂ ਉੱਤੇ ਖ਼ਾਸ ਨਾਮ ਅਤੇ ਕੋਡ ਨੰਬਰ ਲਿਖੇ ਹੋਏ ਹਨ। ਸਰਹੱਦ ਪਾਰ ਤੋਂ ਹਥਿਆਰ ਭੇਜਣ ਦੇ ਇਸ ਨਵੇਂ ਤਰੀਕੇ ਨੂੰ ਤਸਕਰੀ ਦੀ ਰਣਨੀਤੀ ਵਿੱਚ ਇੱਕ ਬਹੁਤ ਵੱਡਾ ਬਦਲਾਅ ਮੰਨਿਆ ਜਾ ਰਿਹਾ ਹੈ।

ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਹਾਲ ਹੀ ਵਿੱਚ ਦੋ ਆਧੁਨਿਕ ਹਥਿਆਰ ਜ਼ਬਤ ਕੀਤੇ ਹਨ ਜਿਨ੍ਹਾਂ ਉੱਤੇ ਅਵਾਨ ਬਾਦਸ਼ਾਹ-222 ਅਤੇ ਭੱਟ-007 ਲਿਖਿਆ ਹੋਇਆ ਸੀ। ਇਹ ਹਥਿਆਰ ਭਿੰਡੀ ਸੈਦਾਂ ਪੁਲੀਸ ਸਟੇਸ਼ਨ 'ਤੇ ਹੋਏ ਗ੍ਰਨੇਡ ਹਮਲੇ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤੇ ਗਏ ਛੇ ਮੁਲਜ਼ਮਾਂ ਕੋਲੋਂ ਬਰਾਮਦ ਕੀਤੇ ਗਏ ਸਨ। ਇੱਕ ਹੋਰ ਮਾਮਲੇ ਵਿੱਚ ਅੰਮ੍ਰਿਤਸਰ ਸ਼ਹਿਰੀ ਪੁਲਿਸ ਨੇ ਵੀ ਭੱਟ-007 ਲਿਖਿਆ ਇੱਕ ਪਿਸਤੌਲ ਜ਼ਬਤ ਕੀਤਾ ਹੈ। ਪੁਲਿਸ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਨਿਸ਼ਾਨ ਜਾਣਬੁੱਝ ਕੇ ਲਗਾਏ ਗਏ ਹਨ। ਇਹ ਹਥਿਆਰ ਸਪਲਾਈ ਕਰਨ ਵਾਲਿਆਂ ਵੱਲੋਂ ਆਪਣੀ ਵੱਖਰੀ ਪਛਾਣ ਬਣਾਉਣ ਅਤੇ ਗੈਰ-ਕਾਨੂੰਨੀ ਗਿਰੋਹਾਂ ਵਿੱਚ ਆਪਣੀ ਹੋਂਦ ਦਿਖਾਉਣ ਦੀ ਇੱਕ ਚਾਲ ਦਾ ਹਿੱਸਾ ਹਨ। ਅੰਮ੍ਰਿਤਸਰ ਦਿਹਾਤੀ ਦੇ ਐਸ ਐਸ ਪੀ ਸੋਹੇਲ ਕਾਸਿਮ ਮੀਰ ਨੇ ਇਸ ਘਟਨਾ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਨਾਜਾਇਜ਼ ਹਥਿਆਰਾਂ ਦੇ ਕੰਮ ਵਿੱਚ ਬ੍ਰਾਂਡਿੰਗ (ਖ਼ਾਸ ਨਾਮ ਵਰਤਣ) ਵੱਲ ਵਧਣ ਦਾ ਇਸ਼ਾਰਾ ਹੈ, ਜੋ ਕਿ ਅਕਸਰ ਸੰਗਠਿਤ ਅਪਰਾਧਿਕ ਗਿਰੋਹਾਂ ਵੱਲੋਂ ਅਪਣਾਇਆ ਜਾਣ ਵਾਲਾ ਇੱਕ ਤਰੀਕਾ




ਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਨਿਸ਼ਾਨ ਹਥਿਆਰ ਪਹੁੰਚਾਉਣ ਦੀ ਪਛਾਣ ਵਜੋਂ, ਅਪਰਾਧੀਆਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਅਤੇ ਨਵੇਂ ਭਰਤੀ ਕੀਤੇ ਨੌਜਵਾਨਾਂ ਨੂੰ ਆਪਣੀ ਪਹੁੰਚ ਤੇ ਭਰੋਸੇਯੋਗਤਾ ਦਿਖਾ ਕੇ ਉਨ੍ਹਾਂ 'ਤੇ ਮਾਨਸਿਕ ਪ੍ਰਭਾਵ ਪਾਉਣ ਦੇ ਇੱਕ ਤਰੀਕੇ ਵਜੋਂ ਕੰਮ ਕਰ ਸਕਦੇ ਹਨ। ਪੁਲਿਸ ਸੂਤਰਾਂ ਨੇ ਖੁਲਾਸਾ ਕੀਤਾ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੇ ਨਿਸ਼ਾਨਾਂ ਵਾਲੇ ਹਥਿਆਰ ਸਰਹੱਦ ਪਾਰ ਤੋਂ ਡਰੋਨ ਰਾਹੀਂ ਭੇਜੇ ਜਾ ਰਹੇ ਹਨ। ਡਰੋਨ ਰਾਹੀਂ ਸਪਲਾਈ ਅਤੇ ਹਥਿਆਰਾਂ ਉੱਤੇ ਖ਼ਾਸ ਨਿਸ਼ਾਨਾਂ ਦਾ ਹੋਣਾ, ਆਪਣਾ ਦਬਦਬਾ ਵਧਾਉਣ ਅਤੇ ਆਪਣੇ ਨੈੱਟਵਰਕ ਨੂੰ ਮਜ਼ਬੂਤ ਰੱਖਣ ਦੀ ਇੱਕ ਸੋਚੀ-ਸਮਝੀ ਕੋਸ਼ਿਸ਼ ਵੱਲ ਇਸ਼ਾਰਾ ਕਰਦਾ ਹੈ। ਭਿੰਡੀ ਸੈਦਾਂ ਗ੍ਰਨੇਡ ਹਮਲੇ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਮੁਲਜ਼ਮਾਂ ਦੇ ਖੁਲਾਸੇ ਤੋਂ ਬਾਅਦ ਇਹ ਮਾਮਲਾ ਹੋਰ ਵੀ ਅਹਿਮ ਹੋ ਗਿਆ ਹੈ। ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਅਜਿਹੇ ਨਿਸ਼ਾਨਾਂ ਵਾਲੇ ਹਥਿਆਰ ਪਾਕਿਸਤਾਨ ਸਥਿਤ ਆਈ ਐਸ ਆਈ ਨਾਲ ਜੁੜੇ ਹੈਂਡਲਰਾਂ ਵੱਲੋਂ ਸਪਲਾਈ ਕੀਤੇ ਗਏ ਸਨ। ਸੁਰੱਖਿਆ ਏਜੰਸੀਆਂ ਦਾ ਮੰਨਣਾ ਹੈ ਕਿ ਇਹ ਰੁਝਾਨ ਖ਼ਾਸ ਕਰਕੇ ਪੇਂਡੂ ਖੇਤਰਾਂ ਅਤੇ ਜੇਲ੍ਹਾਂ ਵਿੱਚ ਭੋਲੇ-ਭਾਲੇ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਣ ਲਈ ਵੀ ਹੋ ਸਕਦਾ ਹੈ, ਤਾਂ ਜੋ ਉਨ੍ਹਾਂ ਨੂੰ ਇਹ ਅਹਿਸਾਸ ਕਰਵਾਇਆ ਜਾ ਸਕੇ ਕਿ ਉਨ੍ਹਾਂ ਦੇ ਪਿੱਛੇ ਇੱਕ ਵੱਡਾ ਸੰਗਠਿਤ ਗਿਰੋਹ ਅਤੇ ਸਰਹੱਦ ਪਾਰ ਦੀ ਮਦਦ ਮੌਜੂਦ ਹੈ। ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਹਾਲਾਂਕਿ ਕਈ ਗਿਰੋਹਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ, ਪਰ ਅਜਿਹੇ ਨਵੇਂ ਤਰੀਕਿਆਂ ਦਾ ਸਾਹਮਣੇ ਆਉਣਾ ਖ਼ਤਰੇ ਦੇ ਬਦਲਦੇ ਰੂਪ ਨੂੰ ਦਰਸਾਉਂਦਾ ਹੈ। ਪੰਜਾਬ ਪੁਲਿਸ ਹੁਣ ਇਨ੍ਹਾਂ ਨਿਸ਼ਾਨਾਂ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਸਪਲਾਈ ਦੀ ਲੜੀ ਦਾ ਪਤਾ ਲਗਾਇਆ ਜਾ ਸਕੇ।

# ਲੋਕ ਸਭਾ ਦੀਆਂ ਸੀਟਾਂ ਵਧਾਉਣ ਦੀ ਤਿਆਰੀ; ਬਦਲਣਗੇ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਸਿਆਸੀ ਸਮੀਕਰਨ

ਨਵੀਂ ਦਿੱਲੀ, 16 ਅਪ੍ਰੈਲ (ਚ.ਨ.ਸ.) : ਕੇਂਦਰ ਸਰਕਾਰ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਜਾਣ ਵਾਲੇ 'ਸੰਵਿਧਾਨ (131ਵੀਂ ਸੋਧ) ਬਿੱਲ, 2026' ਨੇ ਉੱਤਰੀ ਭਾਰਤ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਬਿੱਲ ਰਾਹੀਂ ਲੋਕ ਸਭਾ ਦੀਆਂ ਕੁੱਲ ਸੀਟਾਂ ਦੀ ਗਿਣਤੀ 543 ਤੋਂ ਵਧਾ ਕੇ 850 ਕਰਨ ਦੀ ਤਜਵੀਜ਼ ਹੈ। ਇਸ ਨਵੇਂ ਖਾਕੇ ਅਨੁਸਾਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਦੀਆਂ ਸੀਟਾਂ ਵਿੱਚ ਵੱਡਾ ਫੇਰਬਦਲ ਹੋਣ ਦੀ ਉਮੀਦ ਹੈ। ਸਰਕਾਰ ਦਾ ਤਰਕ ਹੈ ਕਿ ਵਧਦੀ ਆਬਾਦੀ ਦੇ ਅਨੁਪਾਤ ਵਿੱਚ ਸੀਟਾਂ ਦਾ ਵਾਧਾ ਲੋਕਤੰਤਰ ਨੂੰ ਮਜ਼ਬੂਤ ਕਰੇਗਾ ਅਤੇ 2029 ਦੀਆਂ ਚੋਣਾਂ ਵਿੱਚ ਮਹਿਲਾ ਰਾਖਵਾਂਕਰਨ ਲਾਗੂ ਕਰਨ ਦਾ ਰਾਹ ਪੱਧਰਾ ਕਰੇਗਾ। ਮੌਜੂਦਾ ਡਰਾਫਟ ਬਿੱਲ ਅਤੇ ਅੰਕੜਿਆਂ ਦੇ ਵਿਸ਼ਲੇਸ਼ਣ ਅਨੁਸਾਰ, ਜੇਕਰ 2011 ਦੀ ਮਰਦਮਸ਼ੁਮਾਰੀ ਨੂੰ ਆਧਾਰ ਮੰਨ ਕੇ ਨਵੀਂ ਹੱਦਬੰਦੀ ਕੀਤੀ ਜਾਂਦੀ ਹੈ, ਤਾਂ ਉੱਤਰੀ ਰਾਜਾਂ ਦੀ ਪ੍ਰਤੀਨਿਧਤਾ ਕਾਫੀ ਵਧ ਜਾਵੇਗੀ। ਪੰਜਾਬ ਵਿੱਚ ਮੌਜੂਦਾ ਸਮੇਂ ਲੋਕ ਸਭਾ ਦੀਆਂ 13 ਸੀਟਾਂ ਹਨ। ਨਵੇਂ 850 ਮੈਂਬਰੀ ਸਦਨ ਵਿੱਚ ਪੰਜਾਬ ਦੀਆਂ ਸੀਟਾਂ ਵਧ ਕੇ 19 ਹੋ ਸਕਦੀਆਂ ਹਨ। ਹਾਲਾਂਕਿ, ਅਨੁਪਾਤਕ ਪ੍ਰਤੀਨਿਧਤਾ ਦੇ ਆਧਾਰ 'ਤੇ ਇਹ ਗਿਣਤੀ 20 ਤੱਕ ਵੀ ਜਾ ਸਕਦੀ ਹੈ।

ਹਰਿਆਣਾ ਨੂੰ ਇਸ ਪ੍ਰਕਿਰਿਆ ਵਿੱਚ ਸਭ ਤੋਂ ਵੱਧ ਫਾਇਦਾ ਹੁੰਦਾ ਦਿਖਾਈ ਦੇ ਰਿਹਾ ਹੈ। ਇੱਥੇ ਮੌਜੂਦਾ 10 ਸੀਟਾਂ ਤੋਂ ਵਧ ਕੇ 18 ਸੀਟਾਂ ਹੋਣ ਦੀ ਸੰਭਾਵਨਾ ਹੈ। ਪਹਾੜੀ ਰਾਜ ਹਿਮਾਚਲ ਪ੍ਰਦੇਸ਼ ਦੀਆਂ ਸੀਟਾਂ 4 ਤੋਂ ਵਧ ਕੇ 5 ਜਾਂ 6 ਹੋ ਸਕਦੀਆਂ ਹਨ। ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਮੌਜੂਦਾ 5 ਸੀਟਾਂ ਦੀ ਥਾਂ 9 ਸੀਟਾਂ ਹੋਣ ਦਾ ਅਨੁਮਾਨ ਹੈ। ਸਰਕਾਰ ਵੱਲੋਂ ਤਿਆਰ ਕੀਤੇ ਗਏ ਫਾਰਮੂਲੇ ਅਨੁਸਾਰ, ਭਾਰਤ ਦੀ 2011 ਦੀ ਲਗਭਗ 1.2 ਬਿਲੀਅਨ (120 ਕਰੋੜ) ਆਬਾਦੀ ਨੂੰ ਜੇਕਰ 850 ਸੀਟਾਂ ਨਾਲ ਵੰਡਿਆ ਜਾਵੇ, ਤਾਂ ਹਰ 14 ਲੱਖ ਦੀ ਆਬਾਦੀ ਪਿੱਛੇ ਇੱਕ ਲੋਕ ਸਭਾ ਮੈਂਬਰ ਹੋਵੇਗਾ। ਇਸੇ ਅਧਾਰ 'ਤੇ ਉੱਤਰ ਪ੍ਰਦੇਸ਼ ਵਰਗੇ ਵੱਡੇ ਰਾਜ ਦੀਆਂ ਸੀਟਾਂ 80 ਤੋਂ ਵਧ ਕੇ 143 ਤੱਕ ਪਹੁੰਚ ਸਕਦੀਆਂ ਹਨ। ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਇਹ ਫਾਰਮੂਲਾ ਉਹਨਾਂ ਰਾਜਾਂ ਲਈ ਨੁਕਸਾਨਦੇਹ ਹੈ ਜਿਨ੍ਹਾਂ ਨੇ ਆਬਾਦੀ ਕੰਟਰੋਲ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਨਵੇਂ ਬਿੱਲ ਨੇ 'ਉੱਤਰ ਬਨਾਮ ਦੱਖਣ' ਦੀ ਸਿਆਸੀ ਜੰਗ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। ਵਿਰੋਧੀ ਪਾਰਟੀਆਂ ਦਾ ਦੋਸ਼ ਹੈ ਕਿ ਜੇਕਰ ਆਬਾਦੀ ਦੇ ਅਧਾਰ 'ਤੇ ਹੱਦਬੰਦੀ ਹੁੰਦੀ ਹੈ, ਤਾਂ ਉੱਤਰ ਭਾਰਤ ਦੇ ਪੰਜ ਰਾਜਾਂ ਦੀ ਹਿੱਸੇਦਾਰੀ ਸਦਨ ਵਿੱਚ 37 ਫੀਸਦੀ ਤੋਂ ਵਧ ਕੇ 43 ਫੀਸਦੀ ਹੋ ਜਾਵੇਗੀ। ਦੂਜੇ ਪਾਸੇ, ਦੱਖਣੀ ਭਾਰਤ ਦੇ ਰਾਜਾਂ ਦੀ ਪ੍ਰਤੀਨਿਧਤਾ 24 ਫੀਸਦੀ ਤੋਂ ਘਟ ਕੇ 20 ਫੀਸਦੀ ਰਹਿ ਜਾਣ ਦਾ ਖਦਸ਼ਾ ਹੈ। ਕਾਂਗਰਸ ਅਤੇ ਹੋਰ ਖੇਤਰੀ ਪਾਰਟੀਆਂ ਮੰਗ ਕਰ ਰਹੀਆਂ ਹਨ ਕਿ ਸੀਟਾਂ ਦੀ ਵੰਡ ਅਨੁਪਾਤਕ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਰਾਜ ਦੀ ਰਾਜਨੀਤਿਕ ਤਾਕਤ ਘੱਟ ਨਾ ਹੋਵੇ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਵੱਲੋਂ ਪੇਸ਼ ਕੀਤੇ ਜਾਣ ਵਾਲੇ ਇਸ ਬਿੱਲ ਦਾ ਮੁੱਖ ਉਦੇਸ਼ 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਮਹਿਲਾਵਾਂ ਲਈ 33 ਫੀਸਦੀ ਰਾਖਵਾਂਕਰਨ ਲਾਗੂ ਕਰਨਾ ਹੈ। ਸਰਕਾਰ ਦਾ ਮੰਨਣਾ ਹੈ ਕਿ ਜਦੋਂ ਤੱਕ ਸੀਟਾਂ ਦੀ ਗਿਣਤੀ ਨਹੀਂ ਵਧਾਈ ਜਾਂਦੀ, ਉਦੋਂ ਤੱਕ ਮੌਜੂਦਾ ਪੁਰਸ਼ ਸੰਸਦ ਮੈਂਬਰਾਂ ਦੀਆਂ ਸੀਟਾਂ ਪ੍ਰਭਾਵਿਤ ਹੋਣਗੀਆਂ, ਜਿਸ ਨਾਲ ਸਿਆਸੀ ਵਿਰੋਧ ਵਧ ਸਕਦਾ ਹੈ। 850 ਸੀਟਾਂ ਹੋਣ ਨਾਲ ਮਹਿਲਾਵਾਂ ਨੂੰ ਰਾਖਵਾਂਕਰਨ ਦੇਣਾ ਸੌਖਾ ਹੋ ਜਾਵੇਗਾ। ਮਾਹਿਰਾਂ ਅਨੁਸਾਰ, ਜਿੱਥੇ ਇਹ ਕਦਮ ਵੋਟਰਾਂ ਦੀ ਬਿਹਤਰ ਪ੍ਰਤੀਨਿਧਤਾ ਯਕੀਨੀ ਬਣਾਏਗਾ, ਉੱਥੇ ਹੀ ਪੰਜਾਬ ਵਰਗੇ ਰਾਜਾਂ ਵਿੱਚ ਨਵੇਂ ਹਲਕਿਆਂ ਦੀ ਕਾਇਮੀ ਨਾਲ ਸਿਆਸੀ ਸਮੀਕਰਨ ਪੂਰੀ ਤਰ੍ਹਾਂ ਬਦਲ ਜਾਣਗੇ। ਹੁਣ ਸਭ ਦੀਆਂ ਨਜ਼ਰਾਂ ਸੰਸਦ ਵਿੱਚ ਹੋਣ ਵਾਲੀ ਬਹਿਸ 'ਤੇ ਟਿਕੀਆਂ ਹੋਈਆਂ ਹਨ ਕਿ ਸਰਕਾਰ ਵਿਰੋਧੀ ਧਿਰਾਂ ਦੇ ਖਦਸ਼ਿਆਂ ਨੂੰ ਕਿਵੇਂ ਦੂਰ ਕਰਦੀ ਹੈ।

# 8100 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਕਾਬੂ

## ਯੂ.ਪੀ. ਤੋਂ ਲਿਆ ਕੇ ਗੋਬਿੰਦਗੜ੍ਹ ਦੀਆਂ ਫੈਕਟਰੀਆਂ ਵਿੱਚ ਵੇਚਣ ਦੀ ਸੀ ਯੋਜਨਾ

ਰਾਜਪੁਰਾ, 16 ਅਪ੍ਰੈਲ (ਮਦਨ ਲਾਲ) : ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਥਾਣਾ ਸਦਰ ਰਾਜਪੁਰਾ ਪੁਲਿਸ ਨੇ ਇੱਕ ਵਿਅਕਤੀ ਨੂੰ 8100 ਨਸ਼ੀਲੀਆਂ ਗੋਲੀਆਂ ਮਾਰਕਾ ਲੋਮੋਟੀਲ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਕਾਰਵਾਈ ਗੁਪਤ ਸੂਚਨਾ ਦੇ ਆਧਾਰ 'ਤੇ ਏ.ਜੀ.ਐਮ. ਰਿਜੋਰਟ ਨੇੜੇ ਪਿੰਡ ਬਸੰਤਪੁਰਾ ਵਿਖੇ ਨਾਕਾਬੰਦੀ ਦੌਰਾਨ ਕੀਤੀ ਗਈ।



ਇੰਸਪੈਕਟਰ ਕ੍ਰਿਪਾਲ ਸਿੰਘ ਨੇ ਦੱਸਿਆ ਕਿ ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ, ਐਸ.ਪੀ.ਡੀ. ਗੁਰਵੰਤ ਸਿੰਘ ਬੈਸ ਅਤੇ ਡੀ.ਐਸ.ਪੀ. ਮਨਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵੱਖ-ਵੱਖ ਟੀਮਾਂ ਬਣਾ ਕੇ ਇਲਾਕੇ ਨੂੰ ਸੀਲ ਕੀਤਾ ਗਿਆ ਸੀ। ਨਾਕੇ ਦੌਰਾਨ ਇੱਕ ਸ਼ੱਕੀ ਵਿਅਕਤੀ ਪੁਲਿਸ ਨੂੰ ਦੇਖ ਕੇ ਤੇਜ਼ੀ ਨਾਲ ਮੁੜਨ ਲੱਗਾ, ਜਿਸ ਨੂੰ ਕਾਬੂ ਕਰ ਲਿਆ ਗਿਆ। ਗ੍ਰਿਫ਼ਤਾਰ ਵਿਅਕਤੀ ਦੀ ਪਛਾਣ ਬੇਅੰਤ ਸਿੰਘ ਪੁੱਤਰ ਸਿੰਗਾਰ ਸਿੰਘ ਵਾਸੀ ਪਿੰਡ ਟੋਸਾ, ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਹੈ। ਉਸ ਦੇ ਪਿੱਠੂ ਬੈਗ ਦੀ ਤਲਾਸ਼ੀ ਦੌਰਾਨ 8100 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕਰਕੇ ਅਦਾਲਤ ਵਿੱਚ ਪੇਸ਼ ਕੀਤਾ, ਜਿਥੋਂ ਦੋ ਦਿਨ ਦਾ ਪੁਲਿਸ ਰਿਮਾਂਡ ਮਿਲਿਆ ਹੈ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਕਬੂਲਿਆ ਕਿ ਉਹ ਗੋਲੀਆਂ ਯੂ.ਪੀ. ਤੋਂ ਖਰੀਦ ਕੇ ਲਿਆਇਆ ਸੀ ਅਤੇ ਗੋਬਿੰਦਗੜ੍ਹ ਦੀਆਂ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਲੋਕਾਂ ਨੂੰ ਵੇਚਣ ਲਈ ਲਿਆਇਆ ਸੀ।

# ਭਵਿੱਖ ਵਿੱਚ ਹੋਣ ਵਾਲੀਆਂ ਨਗਰ ਕੌਂਸ਼ਲ ਚੋਣਾਂ ਸਬੰਧੀ ਵੋਟਰ ਸੂਚੀਆਂ ਜਾਰੀ

ਖਮਾਣੋਂ/ਬਸੀ ਪਠਾਣਾਂ, 16 ਅਪ੍ਰੈਲ (ਰਾਜੀਵ ਤਿਵਾੜੀ ) : ਚੋਣਕਾਰ ਰਜਿਸਟਰੇਸ਼ਨ ਅਫ਼ਸਰ-ਕਮ-ਉਪ ਮੰਡਲ ਮੈਜਿਸਟਰੇਟ, ਅਮਲੋਹ, ਸ੍ਰੀ ਚਰਨਜੋਤ ਸਿੰਘ ਵਾਲੀਆ, ਚੋਣਕਾਰ ਰਜਿਸਟਰੇਸ਼ਨ ਅਫ਼ਸਰ-ਕਮ-ਉਪ ਮੰਡਲ ਮੈਜਿਸਟਰੇਟ, ਬਸੀ ਪਠਾਣਾ ਸ੍ਰੀਮਤੀ ਹਰਵੀਰ ਕੌਰ ਅਤੇ ਚੋਣਕਾਰ ਰਜਿਸਟਰੇਸ਼ਨ ਅਫ਼ਸਰ-ਕਮ-ਉਪ ਮੰਡਲ ਮੈਜਿਸਟਰੇਟ ਖਮਾਣੋਂ ਸ੍ਰੀ ਅਰਵਿੰਦ ਕੁਮਾਰ ਗੁਪਤਾ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਜ ਚੋਣ ਕਮਿਸ਼ਨ, ਪੰਜਾਬ ਵੱਲੋਂ ਸੂਬੇ ਅੰਦਰ ਭਵਿੱਖ ਵਿੱਚ ਹੋਣ ਵਾਲੀਆਂ ਨਗਰ ਕੌਂਸ਼ਲ/ਨਗਰ ਪੰਚਾਇਤ ਚੋਣਾਂ ਲਈ ਵਾਰਡ ਵਾਇਜ਼ ਵੋਟਰ ਸੂਚੀਆਂ ਤਿਆਰ ਕਰਨ ਵਾਸਤੇ ਸ਼ੈਡਿਊਲ ਜਾਰੀ ਕੀਤਾ ਗਿਆ ਹੈ। ਜਿਸ ਤਹਿਤ ਵਿਧਾਨ ਸਭਾ ਦੀਆਂ ਵੋਟਾ ਨੂੰ ਨਗਰ ਕੌਂਸਲ/ਨਗਰ ਪੰਚਾਇਤ ਦੇ ਵਾਰਡ ਵਾਇਜ ਤਬਦੀਲ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆ ਹਨ।

ਉਨ੍ਹਾਂ ਦੱਸਿਆ ਕਿ ਇਸ ਸ਼ੈਡਿਊਲ ਵਿੱਚ ਦਰਜ ਪ੍ਰੋਗਰਾਮ ਅਨੁਸਾਰ ਹਰ ਇੱਕ ਬੂਥ/ਵਾਰਡ/ਪਬਲਿਕ ਸਥਾਨਾਂ ਤੇ ਵਾਰਡ ਵਾਇਜ ਤਿਆਰ ਕੀਤੀਆਂ ਵੋਟਰ ਸੂਚੀਆਂ ਚਸਪਾ ਕਰ ਦਿੱਤੀਆ ਗਈਆਂ ਹਨ। ਇਸ ਸਬੰਧ ਵਿੱਚ ਕਿਸੇ ਵੀ ਵਿਅਕਤੀ/ਕਿਸੇ ਵੀ ਰਾਜਨੀਤਿਕ ਪਾਰਟੀ ਨੂੰ ਕਿਸੇ ਵੀ ਕਿਸਮ ਦਾ ਕੋਈ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਲਿਖਤੀ ਰੂਪ ਵਿੱਚ ਦਫਤਰ ਨਗਰ ਕੌਂਸਲ/ਨਗਰ ਪੰਚਾਇਤ ਵਿਖੇ 23 ਅਪ੍ਰੈਲ 2026 ਸ਼ਾਮ 05.00 ਵਜੇ ਤੱਕ ਜਮ੍ਹਾਂ ਕਰਵਾ ਸਕਦਾ ਹੈ। ਤੈਅ ਸਮੇਂ ਤੋਂ ਬਾਅਦ ਕਿਸੇ ਵੀ ਇਤਰਾਜ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

# ਕੁਰਾਲੀ ਮੈਰਿਜ ਪੈਲੇਸ 'ਚ ਲੱਗੀ ਭਿਆਨਕ ਅੱਗ, ਲੱਖਾਂ ਰੁਪਏ ਦਾ ਸਮਾਨ ਸੜਿਆ

ਕੁਰਾਲੀ, 16 ਅਪ੍ਰੈਲ (ਅਸ਼ਵਨੀ ਗੌੜ) : ਕੁਰਾਲੀ ਵਿੱਚ ਅੱਜ ਇੱਕ ਮੈਰਿਜ ਪੈਲੇਸ ਦੇ ਵਿੱਚ ਭਿਆਨਕ ਅੱਗ ਲੱਗਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਲੱਗਣ ਕਾਰਨ ਲੱਖਾਂ ਰੁਪਏ ਦਾ ਸਾਮਾਨ ਸੜ ਕੇ ਸੁਆਹ ਹੋ ਗਿਆ ਹੈ। ਫਾਇਰ ਬ੍ਰਿਗੇਡ ਨੇ ਮੌਕੇ 'ਤੇ ਪਹੁੰਚ ਕੇ ਅੱਗ 'ਤੇ ਕਾਬੂ ਪਾਇਆ। ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਇਹ ਘਟਨਾ ਕਲਸੀ ਫਾਰਮ ਕੁਰਾਲੀ ਦੀ ਹੈ। ਦਮਕਲ ਵਿਭਾਗ ਦੇ ਕਰਮਚਾਰੀ ਨੇ ਦੱਸਿਆ ਕਿ ਅੱਗ ਲੱਗਣ ਦਾ ਕਾਰਨ ਸ਼ਾਰਟ ਸ਼ਰਕਟ ਹੈ। ਬਿਜਲੀ ਦੀਆਂ ਕੁਝ ਤਾਰਾਂ ਉਥੋਂ ਲੰਘ ਰਹੀਆਂ ਸਨ ਅਤੇ ਉਸ ਦੇ ਵਿੱਚ ਸ਼ਾਰਟ ਸਰਕਟ ਹੋਇਆ। ਕਲਸੀ ਫਾਰਮ ਦੇ ਹਾਲ ਦੇ ਬਾਹਰ ਜਿਹੜਾ ਟੈਂਟ ਵਾਲਾ ਸੈਡ ਸੀ, ਉਸ ਨੂੰ ਇਕਦਮ ਅੱਗ ਲੱਗ ਗਈ। ਅੱਗ ਲੱਗਣ ਕਾਰਨ ਮੈਰਿਜ



ਪੈਲੇਸ ਦਾ ਲੱਖਾਂ ਦਾ ਸਾਮਾਨ ਸੜ ਕੇ ਸਵਾਹ ਹੋ ਗਿਆ। ਮਾਲਕਾਂ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਤੁਰੰਤ ਦਮਕਲ ਵਿਭਾਗ ਨੂੰ ਦਿੱਤੀ ਗਈ। ਸੂਚਨਾ ਮਿਲਦੇ ਹੀ ਦਮਕਲ ਵਿਭਾਗ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ। ਫਾਇਰ ਬ੍ਰਿਗੇਡ ਦੀਆਂ ਲਗਭਗ ਚਾਰ ਗੱਡੀਆਂ ਨੇ ਪੈਲਿਸ ਵਿੱਚ ਲੱਗੀ ਅੱਗ 'ਤੇ ਕਾਬੂ ਪਾਇਆ। ਹਾਦਸੇ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਮਾਲੀ ਨੁਕਸਾਨ ਬਹੁਤ ਵੱਡੀ ਪੱਧਰ 'ਤੇ ਹੋਇਆ ਹੈ। ਉਹਨਾਂ ਆਖਿਆ ਕਿ ਪੈਲਿਸ ਥੋੜ੍ਹੀ ਦੇਰ ਪਹਿਲਾਂ ਹੀ ਰੈਨੋਵੇਟ ਕੀਤਾ ਗਿਆ ਸੀ।

# ਗੁਰਦੁਆਰਾ ਸਾਹਿਬ ਵਿਖੇ ਸ਼ਾਰਟ ਸਰਕਟ ਕਾਰਨ ਲੱਗੀ ਅੱਗ, ਸਿੰਘ ਸਾਹਿਬ ਵੱਲੋਂ ਦੌਰਾ

ਨਾਭਾ, 16 ਅਪ੍ਰੈਲ (ਬਲਜਿੰਦਰ ਮਾਨ): ਨੇੜਲੇ ਪਿੰਡ ਖੇੜੀ ਜੱਟਾਂ ਵਿਖੇ ਗੁਰਦੁਆਰਾ ਸਾਹਿਬ ਵਿਖੇ ਸ਼ਾਰਟ ਸਰਕਟ ਕਾਰਨ ਅੱਗ ਲੱਗਣ ਤੋਂ ਬਾਅਦ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਆਪਣੀ ਟੀਮ ਸਮੇਤ ਘਟਨਾ ਸਥਾਨ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨੇ ਸਾਰੀ ਜਾਣਕਾਰੀ ਹਾਸਲ ਕੀਤੀ ਕਿ ਅਚਨਚੇਤ ਗੁਰਦੁਆਰਾ ਸਾਹਿਬ ਵਿਖੇ ਅੱਗ ਕਿਵੇਂ ਲੱਗ ਗਈ। ਇਸ ਘਟਨਾ ਦੌਰਾਨ ਅਣਸੁਖਾਵੀਂ ਘਟਨਾ ਤੋਂ ਬਚਾਅ ਰਿਹਾ। ਇਸ ਦੌਰਾਨ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਕਿਹਾ ਕਿ ਅਕਸਰ ਗੁਰੂ ਘਰਾਂ ਵਿਚ ਅਚਨਚੇਤ ਸ਼ਾਰਟ ਸਰਕਟ ਕਾਰਨ ਘਟਨਾਵਾਂ ਸਾਹਮਣੇ ਆਉਂਦੀਆਂ



ਹਨ, ਜਿਨ੍ਹਾਂ ਪ੍ਰਤੀ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਗੁਰੂ ਮਹਾਰਾਜ ਦੇ ਸੁੱਖ ਆਸਾਨ ਤੋਂ ਬਾਅਦ ਗੁਰੂ ਘਰ ਵਿਖੇ ਚੱਲਦੀਆਂ ਲਾਈਟਾਂ, ਪੱਖੇ ਆਦਿ ਮੁਕੰਮਲ ਤੌਰ 'ਤੇ ਬੰਦ ਰੱਖੇ ਜਾਣ। ਗੁਰਦੁਆਰਾ ਸਾਹਿਬ ਵਿਖੇ ਜਾਇਜ਼ਾ ਲੈਣ ਉਪਰੰਤ ਪਤਾ ਲੱਗਿਆ ਹੈ ਕਿ ਦਰਬਾਰ ਸਾਹਿਬ ਦੀ ਇਮਾਰਤ ਦਾ ਕਾਫ਼ੀ ਨੁਕਸਾਨ ਹੋਇਆ। ਇਸ ਦੌਰਾਨ ਸਿੰਘ ਸਾਹਿਬ ਬਾਬਾ ਟੇਕ ਸਿੰਘ ਧਨੌਲਾ ਨੇ ਪਿੰਡ ਨੂੰ ਪੰਜਾਹ ਹਜ਼ਾਰ ਰੁਪਏ ਸਹਾਇਤਾ ਦੇਣ ਦੀ ਹਲਕਾ ਇੰਚਾਰਜ ਨੂੰ ਅਪੀਲ ਵੀ ਕੀਤੀ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਮੱਖਣ ਸਿੰਘ ਲਾਲਕਾ, ਮਾਲਵਾ ਜ਼ੋਨ ਧਰਮ ਪ੍ਰਚਾਰ ਦੇ ਇੰਚਾਰਜ ਭੋਲਾ ਸਿੰਘ, ਪ੍ਰਚਾਰਕ ਜਸਵੀਰ ਸਿੰਘ, ਭਾਈ ਲਖਵਿੰਦਰ ਸਿੰਘ ਜੌਹਰ, ਬੀਬੀ ਚਰਨਜੀਤ ਕੌਰ ਪ੍ਰਧਾਨ ਗੁਰਦੁਆਰਾ ਸਾਹਿਬ, ਹਰਪ੍ਰੀਤ ਸਿੰਘ ਗ੍ਰੰਥੀ ਸਿੰਘ ਆਦਿ ਵੀ ਹਾਜ਼ਰ ਸਨ।

# ਗੁਃ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਦੁਕਾਨਦਾਰਾਂ ਨਾਲ ਇਕੱਤਰਤਾ



ਪਟਿਆਲਾ, 16 ਅਪ੍ਰੈਲ (ਰੁਪਾਣਾ) : ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਪ੍ਰਬੰਧ ਅਧੀਨ ਦੁਕਾਨਦਾਰਾਂ ਨਾਲ ਇਕੱਤਰਤਾ ਕੀਤੀ ਗਈ। ਇਸ ਦੌਰਾਨ ਹੈਡ ਗ੍ਰੰਥੀ ਭਾਈ ਪ੍ਰਨਾਮ ਸਿੰਘ ਅਤੇ ਮੈਨੇਜਰ ਭਾਗ ਸਿੰਘ ਨੇ ਦੁਕਾਨਦਾਰਾਂ ਨੂੰ ਹਦਾਇਤਾਂ ਕੀਤੀਆਂ ਦੁਕਾਨਾਂ ਵਿਚ ਮਿਆਰੀ ਸਾਮਾਨ ਵੇਚਿਆ ਜਾਵੇ। ਮੈਨੇਜਰ ਭਾਗ ਸਿੰਘ ਨੇ ਦੱਸਿਆ ਕਿ ਵੇਖਣ ਵਿਚ ਆਇਆ ਹੈ ਕਿ ਦੁਕਾਨਦਾਰ ਰੁਮਾਲਾ ਸਾਹਿਬ ਦਾ ਅਦਬ ਸਤਿਕਾਰ ਰੱਖਣ, ਨਿਸ਼ਾਨ ਸਾਹਿਬ ਦਾ ਚੋਲਾ ਸਾਹਿਬ ਤੋਂ ਇਲਾਵਾ ਜੋਤ ਵਿਚ ਪੈਣ ਵਾਲਾ ਘਿਓ ਆਦਿ ਸਾਮਾਨ ਸਮੇਤ ਮਿਆਰੀ ਰੱਖਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਣ ਆਉਂਦੀਆਂ ਹਨ ਅਤੇ ਸੰਗਤਾਂ ਦੀ ਆਸਥਾ ਨੂੰ ਵੇਖਦੇ ਹੋਏ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਗਈ ਅਤੇ ਅਪੀਲ ਕੀਤੀ ਹੈ ਕਿ ਦੁਕਾਨਦਾਰ ਮਿਆਰੀ ਸਾਮਾਨ ਵੇਚਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵੱਖ-ਵੱਖ ਦੁਕਾਨਦਾਰਾਂ ਦੇ ਕਿਰਾਏਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਦਾ ਅਧਿਕਾਰੀ ਅਤੇ ਸਟਾਫ਼ ਮੈਂਬਰ ਆਦਿ ਸ਼ਾਮਲ ਸਨ।

# ਸੇਫ ਸਕੂਲ ਵਾਹਨ ਪਾਲਿਸੀਤਹਿਤ 22 ਬੱਸਾਂ ਦੀ ਜਾਂਚ, ਇੱਕ ਬੱਸ ਦਾ ਕੀਤਾ ਚਲਾਨ

ਮਲੇਰਕੋਟਲਾ, 16 ਅਪ੍ਰੈਲ (ਬਲਜੀਤ ਸਿੰਘ ਟਿੱਬਾ) : ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਦੀਆਂ ਹਦਾਇਤਾਂ ਅਨੁਸਾਰ ਬਾਲ ਸੁਰੱਖਿਆ ਵਿਭਾਗ ਵੱਲੋਂ ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲੀ ਬੱਸਾਂ ਦੀ ਵਿਸ਼ੇਸ਼ ਚੈਕਿੰਗ ਮੁਹਿੰਮ ਜਾਰੀ ਹੈ। ਇਸ ਮੁਹਿੰਮ ਤਹਿਤ ਸੇਫ ਸਕੂਲ ਵਾਹਨ ਪਾਲਿਸੀ ਦੇ ਨਿਯਮਾਂ ਅਧੀਨ ਵੱਖ-ਵੱਖ ਸਕੂਲੀ ਬੱਸਾਂ ਦੀ ਜਾਂਚ ਕੀਤੀ ਗਈ, ਤਾਂ ਜੋ ਬੱਚਿਆਂ ਦੀ ਆਵਾਜਾਈ ਨੂੰ ਹੋਰ ਵੀ ਸੁਰੱਖਿਅਤ ਬਣਾਇਆ ਜਾ ਸਕੇ। ਇਸ ਚੈਕਿੰਗ ਦੌਰਾਨ ਕੁੱਲ 22 ਸਕੂਲੀ ਬੱਸਾਂ ਦੀ ਪੜਤਾਲ ਕੀਤੀ ਗਈ। ਟੀਮ ਵੱਲੋਂ ਵਾਹਨਾਂ ਦੇ ਅਹਿਮ ਦਸਤਾਵੇਜ਼ਾਂ ਜਿਵੇਂ ਰਜਿਸਟ੍ਰੇਸ਼ਨ ਸਰਟੀਫਿਕੇਟ, ਇਨਸ਼ੋਰੈਂਸ, ਫਿਟਨੈਸ ਸਰਟੀਫਿਕੇਟ, ਪ੍ਰਦੂਸ਼ਨ ਪ੍ਰਮਾਣ ਪੱਤਰ ਅਤੇ ਡਰਾਈਵਰਾਂ ਦੇ ਡ੍ਰਾਈਵਿੰਗ ਲਾਇਸੰਸ ਦੀ ਜਾਂਚ ਕੀਤੀ ਗਈ। ਇਸ ਦੇ ਨਾਲ ਹੀ ਬੱਸਾਂ ਵਿੱਚ ਲਾਜ਼ਮੀ ਸੁਰੱਖਿਆ ਸਹੂਲਤਾਂ ਜਿਵੇਂ



ਫਸਟ ਏਡ ਬਾਕਸ, ਫਾਇਰ ਐਕਸਟਿੰਗਵਿਸ਼ਰ, ਐਮਰਜੈਂਸੀ ਏਗਜ਼ਿਟ ਅਤੇ ਸਪੀਡ ਗਵਰਨਰ ਦੀ ਵੀ ਚੈਕਿੰਗ ਕੀਤੀ ਗਈ। ਇਸ ਕਾਰਵਾਈ ਦੌਰਾਨ ਇੱਕ ਬੱਸ ਇਨਸ਼ੋਰੈਂਸ ਪ੍ਰਮਾਣ ਪੱਤਰ ਨਾ ਹੋਣ ਕਾਰਨ ਚਲਾਨ ਕੀਤਾ ਗਿਆ ਅਤੇ ਸਬੰਧਿਤ ਪ੍ਰਬੰਧਕਾਂ ਨੂੰ ਤੁਰੰਤ ਦਸਤਾਵੇਜ਼ ਪੂਰੇ ਕਰਨ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਗਈਆਂ। ਇਸ ਮੌਕੇ ਆਰ.ਟੀ.ਓ. ਸ਼ਹਿਨਾਜ਼ ਪ੍ਰਵੀਨ ਵੱਲੋਂ ਸਕੂਲ ਪ੍ਰਬੰਧਕਾਂ ਅਤੇ ਡਰਾਈਵਰਾਂ ਨੂੰ ਨਿਰਦੇਸ਼ ਦਿੱਤੇ ਗਏ ਕਿ ਸੇਫ ਸਕੂਲ ਵਾਹਨ ਪਾਲਿਸੀ ਦੇ ਸਾਰੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਬੱਚਿਆਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਵੱਲ ਇੱਕ ਅਹਿਮ ਕਦਮ ਹੈ ਅਤੇ ਅਗਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀਆਂ ਚੈਕਿੰਗ ਮੁਹਿੰਮਾਂ ਲਗਾਤਾਰ ਜਾਰੀ ਰਹਿਣਗੀਆਂ। ਇਸ ਮੌਕੇ ਲੀਗਲ ਅਫ਼ਸਰ (ਬਾਲ ਸੁਰੱਖਿਆ ਵਿਭਾਗ) ਬਬੀਤਾ ਕੁਮਾਰੀ, ਐਸ.ਐਚ.ਓ. ਬਲਵੀਰ ਸਿੰਘ, ਸਿੱਖਿਆ ਵਿਭਾਗ ਤੋਂ ਗੁਰਜੰਟ ਸਿੰਘ, ਲਵਪ੍ਰੀਤ ਸਿੰਘ, ਸੋਸ਼ਲ ਵਰਕਰ ਗੁਰਜੰਟ ਸਿੰਘ ਅਤੇ ਮੀਡੀਆ ਸਹਾਇਕ ਪਰਗਟ ਸਿੰਘ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਕਾਨੂੰਨ 'ਚ ਸੋਧ ਤੋਂ ਬਾਅਦ ਵੀ ਸਮਾਣਾ 'ਚ ਧਰਨਾ ਰਿਹਾ ਜਾਰੀ

ਸਮਾਣਾ, 16 ਅਪ੍ਰੈਲ (ਵਿਜੇ ਕੁਮਾਰ) : ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸਬੰਧੀ ਸੋਧ ਕਾਨੂੰਨ ਮਤਾ ਪਾਸ ਕਰਨ ਤੋਂ ਬਾਅਦ ਵੀ ਸਮਾਣਾ ਵਿਖੇ ਕਰੀਬ ਇਕ ਮਹੀਨੇ ਤੋਂ ਚੱਲ ਰਿਹਾ ਧਰਨਾ ਜਾਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਗ੍ਰੰਥਾਂ ਦੀ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸਖਤ ਕਾਨੂੰਨ ਬਣਾਉਣ ਦੀ ਮੰਗ ਨੂੰ ਲੈ ਕੇ 18 ਮਹੀਨਿਆਂ ਤੋਂ ਗੁਰਜੀਤ ਸਿੰਘ ਫੌਜੀ 400 ਫੁੱਟ ਉਚੇ ਟਾਵਰ 'ਤੇ ਚੜ੍ਹੇ ਹੋਏ ਹਨ। ਇਸੇ ਮੰਗ ਨੂੰ ਲੈ ਕੇ ਪਿਛਲੇ 24 ਮਾਰਚ ਤੋਂ ਬਾਬਾ ਬੰਦਾ ਸਿੰਘ ਬਹਾਦਰ ਚੌਕ ਵਿਖੇ ਧਰਮ ਯੁੱਧ ਮੋਰਚਾ ਲੱਗਿਆ ਹੋਇਆ ਹੈ। ਸੋਮਵਾਰ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੱਦੇ ਵਿਧਾਨ ਸਭਾ ਸੈਸ਼ਨ ਦੌਰਾਨ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਬਿੱਲ 2026 ਪਾਸ ਕੀਤਾ ਗਿਆ ਹੈ। ਬੀਤੇ ਕੱਲ ਵਿਧਾਨ ਸਭਾ ਦੇ ਸਪੀਕਰ ਕਰਤਾਰ ਸਿੰਘ ਸੰਧਵਾ ਨੇ ਪੰਜਾਬ ਸਰਕਾਰ ਵੱਲੋਂ ਕਾਨੂੰਨ ਵਿਚ ਸੋਧ ਕਰਕੇ ਉਸ ਦੀ ਕਾਪੀ ਧਰਮ ਯੁੱਧ ਮੋਰਚੇ ਦੇ ਆਗੂਆਂ ਨੂੰ ਵੀ ਸੌਂਪ ਦਿੱਤੀ ਹੈ। ਪ੍ਰੰਤੂ ਉਸ ਤੋਂ ਬਾਅਦ ਵੀ ਬਾਬਾ ਬੰਦਾ ਸਿੰਘ ਬਹਾਦਰ ਚੌਕ 'ਚ ਧਰਨਾ ਤੇ ਗੁਰਜੀਤ ਸਿੰਘ ਫੌਜੀ ਟਾਵਰ 'ਤੇ ਡਟੇ ਹੋਏ ਹਨ। ਧਰਮ ਯੁੱਧ ਮੋਰਚੇ ਦੇ ਆਗੂਆਂ ਕੋਆਰਡੀਨੇਟਰ ਗੁਰਪ੍ਰੀਤ ਸਿੰਘ, ਬਾਬਾ ਗੁਰਦੀਪ ਸਿੰਘ, ਅਮਿਤੋਜ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਨੇ ਇਹ ਮਤਾ ਪਾਸ ਕੀਤਾ ਹੈ ਪਰ ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਇਸ 'ਤੇ ਰਾਜਪਾਲ ਦੇ ਦਸਤਖ਼ਤ ਹੋ ਕੇ ਨੋਟੀਫਿਕੇਸ਼ਨ ਲਾਗੂ ਨਹੀ ਹੋ ਜਾਂਦਾ।

# ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਲੈਕਚਰ ਭਲਕੇ

ਪਟਿਆਲਾ, 16 ਅਪ੍ਰੈਲ (ਚ.ਨ.ਸ.) : ਡਾ. ਰਵੀ ਖੋਜ ਸਕੂਲ ਪਟਿਆਲਾ ਵੱਲੋਂ ਫਰੈਂਡਜ਼ ਆਫ਼ ਸੋਸਲਿਜ਼ਮ ਪਟਿਆਲਾ ਦੇ ਸਹਿਯੋਗ ਨਾਲ ਭਲਕੇ 18 ਅਪ੍ਰੈਲ ਦਿਨ ਸ਼ਨੀਵਾਰ ਨੂੰ ਦੁਪਹਿਰ 2.30 ਵਜੇ ਸੈਮੀਨਾਰ ਹਾਲ, ਭਾਸ਼ਾ ਵਿਭਾਗ, ਸ਼ੇਰਾਂ ਵਾਲਾ ਗੇਟ ਪਟਿਆਲਾ ਵਿਖੇ ਡਾ. ਰਵਿੰਦਰ ਸਿੰਘ ਰਵੀ ਯਾਦਗਾਰੀ ਲੈਕਚਰ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਾ. ਰਵੀ ਖੋਜ ਕੇਂਦਰ ਦੇ ਪ੍ਰਧਾਨ ਡਾ. ਪਰਮਜੀਤ ਸਿੰਘ ਅਤੇ ਫਰੈਂਡਜ ਆਫ ਸੋਸਲਿਜ਼ਮ ਦੇ ਆਗੂ ਡਾ. ਕੁਲਦੀਪ ਸਿੰਘ ਨੇ ਦੱਸਿਆ ਕਿ ਮੌਜੂਦਾ ਦੌਰ ਵਿੱਚ ਖਾੜੀ ਖੇਤਰ ਵਿੱਚ ਚੱਲ ਰਹੀ ਨਹੱਕੀ ਜੰਗ ਦੌਰਾਨ ਦੁਨੀਆਂ ਭਰ ਦੀਆਂ ਸੱਭਿਅਤਾਵਾਂ ਪ੍ਰਭਾਵਿਤ ਹੋਣ ਜਾ ਰਹੀਆਂ ਹਨ ਅਤੇ ਇਸ ਮਸਲੇ ਨੂੰ ਸੰਜੀਦਗੀ ਨਾਲ ਸਮਝਣ ਲਈ ਡੂੰਘੀ ਵਿਚਾਰ ਚਰਚਾ ਦੀ ਸਖ਼ਤ ਜ਼ਰੂਰਤ ਹੈ। ਖਾੜੀ ਖੇਤਰ ਦੇ ਮਾਹਿਰ ਵਿਦਵਾਨ ਜਨਾਬ ਕਮਰ ਆਗਾ,'ਖਾੜੀ ਜੰਗ ਨੂੰ ਸਮਝਦਿਆਂ ਆਰਥਿਕ, ਰਾਜਨੀਤੀ ਅਤੇ ਸੱਭਿਅਤਾ ਦੇ ਸਵਾਲ' ਵਿਸ਼ੇ ? ਉੱਤੇ ਡਾਕਟਰ ਰਵੀ ਯਾਦਗਾਰੀ ਲੈਕਚਰ ਪੇਸ਼ ਕਰਨਗੇ। ਉਪਰੰਤ ਇਸ ਭਖਦੇ ਵਿਸ਼ੇ ਉੱਤੇ ਭਰਪੂਰ ਸੰਵਾਦ ਰਚਾਇਆ ਜਾਵੇਗਾ ਅਤੇ ਜਗਿਆਸੂ ਦਰਸ਼ਕਾਂ ਦੇ ਇਸ ਅਹਿਮ ਮਸਲੇ ਨਾਲ਼ ਸੰਬੰਧਿਤ ਸਵਾਲ ਜਵਾਬ ਦਾ ਸਿਲਸਿਲਾ ਚਲਾਇਆ ਜਾਵੇਗਾ।

# ਸੜਕ ਹਾਦਸੇ 'ਚ ਜ਼ਖ਼ਮੀ

ਪਟਿਆਲਾ, 16 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪੁਲਿਸ ਕੋਲ ਦੇਵਿੰਦਰ ਕੁਮਾਰ ਵਰਮਾ ਪੁੱਤਰ ਸ਼ਾਮ ਲਾਲ ਵਾਸੀ ਗੁਰੂ ਨਾਨਕ ਨਗਰ ਪਟਿਆਲਾ ਨੇ ਕਥਿਤ ਦੋਸ਼ੀ ਮਹਿੰਦਰਾ ਪਿੱਕ ਅੱਪ ਗੱਡੀ ਦੇ ਡਰਾਇਵਰ ਸਾਹਿਲ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦਾ ਵੱਡਾ ਬੇਟਾ ਤਨਿਸ਼ਕ ਵਰਮਾ ਸਵੇਰੇ ਕ੍ਰਿਕਟ ਖੇਡਣ ਲਈ ਪਰਸ਼ੁਰਾਮ ਚੌਂਕ ਨੇੜੇ ਸਰਹੰਦੀ ਗੇਟ ਪਾਸ ਜਾ ਰਿਹਾ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਗੱਡੀ ਬੜ੍ਹੀ ਤੇਜੀ ਤੇ ਲਾਪ੍ਰਵਾਹੀ ਦੇ ਨਾਲ ਲਿਆ ਕੇ ਉਸ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਸਵਰਨ ਮਠਾੜੂ ਜ਼ਿਲ੍ਹਾ ਕਾਂਗਰਸ ਕਮੇਟੀ ਦਿਹਾਤੀ ਪਟਿਆਲਾ ਦੇ ਜਨਰਲ ਸਕੱਤਰ ਨਿਯੁਕਤ

ਸਮਾਣਾ, 16 ਅਪ੍ਰੈਲ (ਜਵੰਦਾ) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਤੇ ਪਟਿਆਲਾ ਜ਼ਿਲ੍ਹਾ ਦਿਹਾਤੀ ਦੀ ਪ੍ਰਧਾਨ ਮੈਡਮ ਗੁਰਸ਼ਰਨ ਕੌਰ ਰੰਧਾਵਾ ਵੱਲੋਂ ਸਵਰਨ ਮਠਾੜੂ ਨੂੰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦਿਹਾਤੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਸਵਰਨ ਮਠਾੜੂ ਨੇ ਆਪਣੇ ਆਗੂਆਂ ਦਾ ਧੰਨਵਾਦ ਕਰਦਿਆਂ



ਕਿਹਾ ਕਿ ਉਹ ਪਾਰਟੀ ਹਾਈਕਮਾਨ ਦੇ ਵਿਸ਼ਵਾਸ਼ 'ਤੇ ਖਰੇ ਉਤਰਨ ਲਈ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ। ਜ਼ਿਕਰਯੋਗ ਹੈ ਕਿ ਸਵਰਨ ਮਠਾੜੂ ਇਸ ਤੋਂ ਪਹਿਲਾਂ ਵੀ ਸਮਾਜਿਕ ਤੇ ਧਾਰਮਿਕ ਖੇਤਰ ਵਿੱਚ ਸਰਗਰਮ ਰਹੇ ਹਨ ਅਤੇ ਉਹ ਸਮਾਣਾ ਵਿਖੇ ਸ਼੍ਰੀ ਵਿਸ਼ਵਕਰਮਾ ਮੰਦਿਰ ਅਤੇ ਧਰਮਸ਼ਾਲਾ ਕਮੇਟੀ ਦੇ ਜਨਰਲ ਸਕੱਤਰ ਵਜੋਂ ਵੀ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ।

# ਟੈਗੋਰ ਇੰਟਰਨੈਸ਼ਨਲ ਸਕੂਲ ਦਾ 10ਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ



ਦੇਵੀਗੜ੍ਹ, 16 ਅਪ੍ਰੈਲ (ਗੁਰਜੀਤ ਸਿੰਘ ਢੋਟ) : ਟੈਗੋਰ ਇੰਟਰਨੈਸ਼ਨਲ ਸਕੂਲ ਅਕਬਰਪੁਰ ਦਾ 10ਵੀਂ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਹੁਤ ਸ਼ਾਨਦਾਰ ਰਿਹਾ। ਕੁੱਲ 92 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਜਿਨ੍ਹਾਂ ਵਿੱਚੋਂ 28 ਵਿਦਿਆਰਥੀ ਮੈਰਿਟ ਵਿੱਚ ਆਏ ਤੇ ਬਾਕੀ ਬੱਚੇ ਚੰਗੇ ਅੰਕ ਲੈ ਕੇ ਪਾਸ ਹੋਏ।ਇਸ ਸ਼ਾਨਦਾਰ ਨਤੀਜੇ ਆਉਣ 'ਤੇ ਸਕੂਲ ਡਾਇਰੈਕਟਰ ਸ੍ਰੀ ਗੌਰਵ ਗੁਲਾਟੀ , ਪ੍ਰੈਜੀਡੈਂਟ ਸਲੋਨੀ ਗੁਲਾਟੀ ਨੇ ਸਾਰਿਆਂ ਨੂੰ ਵਧਾਈਆਂ ਦਿੱਤੀਆਂ। ਸ਼੍ਰੀਮਤੀ ਮੈਡਮ ਸਲੋਨੀ ਗੁਲਾਟੀ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਟੈਗੋਰ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਸਕੂਲ ਦੇ ਟਾਪਰ ਰਹੇ ਕਰਨਜੋਤ ਨੇ 95.6% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਦੂਜੇ ਸਥਾਨ 'ਤੇ ਕਿਰਤੀ ਨੇ 93%, ਤੀਜੇ 'ਤੇ ਸੇਜਲ ਨੇ 92.8%, ਚੌਥੇ 'ਤੇ ਚਾਹਤ ਨੇ 92% ਅਤੇ ਪੰਜਵੇਂ 'ਤੇ ਜਸ਼ਨਦੀਪ ਨੇ 91.6% ਅੰਕ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਮੈਨੇਜਮੈਂਟ,ਮੈਨੇਜਰ ਸ੍ਰੀ ਸੁਸ਼ੀਲ ਮਿਸ਼ਰਾ ਅਤੇ ਪ੍ਰਿੰਸੀਪਲ ਮੀਨਾਕਸ਼ੀ ਸੂਦ ਨੇ ਅਧਿਆਪਕਾਂ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ।

# ਸਰਕਾਰੀ ਮੈਡੀਕਲ ਕਾਲਜ ਵਿਖੇ ਖ਼ੂਨਦਾਨ ਕੈਂਪ ਲਗਾਇਆ

ਪਟਿਆਲਾ, 16 ਅਪ੍ਰੈਲ (ਰੁਪਾਣਾ/ਦੀਪਕ ਜੈਦਕਾ) : ਡਾ. ਬੀ. ਆਰ. ਅੰਬੇਡਕਰ ਜਯੰਤੀ ਮੌਕੇ ਸਰਕਾਰੀ ਮੈਡੀਕਲ ਕਾਲਜ ਪਟਿਆਲਾ ਦੇ ਫੈਕਲਟੀ ਮੈਂਬਰਾਂ, ਡਾਕਟਰਾਂ, ਵਿਦਿਆਰਥੀਆਂ ਅਤੇ ਸਟਾਫ ਵੱਲੋਂ ਹੈਲਥ ਆਉਟਲੈਟ ਫਾਰ ਪ੍ਰੋਮੋਸ਼ਨ ਆਫ ਐਜੂਕੇਸ਼ਨ (ਹੋਪ), ਪਟਿਆਲਾ ਦੀ ਅਗਵਾਈ ਰਾਜਿੰਦਰਾ ਹਸਪਤਾਲ ਦੇ ਬਲੱਡ ਸੈਂਟਰ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 70 ਤੋਂ ਵੱਧ ਸਵੈ-ਇੱਛੁਕ ਖ਼ੂਨਦਾਨੀਆਂ ਨੇ ਖ਼ੂਨ ਦਾਨ ਕਰਕੇ ਮਨੁੱਖਤਾ ਦੀ ਸੇਵਾ ਵਿੱਚ ਯੋਗਦਾਨ ਪਾਇਆ। ਕੈਂਪ ਦਾ ਉਦਘਾਟਨ ਸਰਕਾਰੀ ਮੈਡੀਕਲ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਆਰ.




ਪੀ. ਐਸ. ਸਿਬੀਆ ਨੇ ਕੀਤਾ। ਇਸ ਮੌਕੇ ਸਾਬਕਾ ਡਾਇਰੈਕਟਰ ਖੋਜ ਡਾ. ਜੈ ਕਿਸ਼ਨ ਅਤੇ ਡਾਕਟਰੀ ਸਿੱਖਿਆ ਅਤੇ ਸਾਬਕਾ ਪ੍ਰਿੰਸੀਪਲ ਡਾ. ਸੁਰਿੰਦਰ ਸਿੰਘ ਵੀ ਮੌਜੂਦ ਰਹੇ।ਡਾ. ਸਿਬੀਆ ਨੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਖ਼ੂਨਦਾਨ ਇਕ ਮਹਾਨ ਅਤੇ ਮਨੁੱਖਤਾ ਭਰਿਆ ਕਾਰਜ ਹੈ ਜੋ ਅਨੇਕਾਂ ਕੀਮਤੀ ਜ਼ਿੰਦਗੀਆਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਖ਼ੂਨਦਾਨ ਕਰਨ ਵਾਲੇ ਮੁੱਖ ਫੈਕਲਟੀ ਮੈਂਬਰਾਂ ਵਿੱਚ ਡਾ. ਵਿਸ਼ਾਲ ਚੋਪੜਾ, ਮੈਡੀਕਲ ਸੁਪਰਡੈਂਟ, ਡਾ. ਲਵਲੀਨ ਭਾਟੀਆ, ਡਾ. ਅਸ਼ੀਸ਼ ਭਗਤ, ਡਾ. ਰਾਜੇਸ਼ ਕੁਮਾਰ ਬੱਧਨ, ਡਾ. ਮਲਕੀਤ ਸਿੰਘ, ਡਾ. ਜਸਬੀਰ, ਡਾ. ਸੁਨੀਲ ਪਵਾਰ, ਡਾ. ਦਿਨੇਸ਼ ਕੁਮਾਰ ਪਾਸੀ, ਡਾ. ਕੁਲਦੀਪ ਸਿੰਘ, ਡਾ. ਸੁਦੇਸ਼ ਪ੍ਰਤਾਪ ਸਿੰਘ ਅਤੇ ਡਾ. ਪਰਮਿੰਦਰਪਾਲ ਸਿੰਘ ਸ਼ਾਮਲ ਸਨ। ਹੋਪ ਸੰਸਥਾ ਦੇ ਪ੍ਰਧਾਨ ਡਾ. ਹਰਪਾਲ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਕੈਂਪ ਨੂੰ ਮਿਲੇ ਭਰਪੂਰ ਹੁੰਗਾਰੇ ਨੇ ਸਵੈ-ਇੱਛੁਕ ਖ਼ੂਨਦਾਨ ਪ੍ਰਤੀ ਲੋਕਾਂ ਦੀ ਜਾਗਰੂਕਤਾ ਨੂੰ ਉਜਾਗਰ ਕੀਤਾ ਹੈ। ਇਸ ਮੌਕੇ ਪ੍ਰੋਫੈਸਰ ਅਤੇ ਮੁਖੀ, ਸਰਜਰੀ ਡਾ. ਅਸ਼ਵਨੀ ਕੁਮਾਰ ਦੀ ਦੇਖ-ਰੇਖ ਹੇਠ ਪੋਸਟਰ-ਮੇਕਿੰਗ ਮੁਕਾਬਲਾ ਵੀ ਕਰਵਾਇਆ ਗਿਆ, ਜਿਸ ਵਿੱਚ ਡਾ. ਬੀ. ਆਰ. ਅੰਬੇਡਕਰ ਦੇ ਸਮਾਜਿਕ ਸਮਾਨਤਾ ਅਤੇ ਨਿਆਂ ਲਈ ਜੀਵਨ ਭਰ ਦੇ ਯੋਗਦਾਨ ਨੂੰ ਦਰਸਾਇਆ ਗਿਆ। ਇਸ ਮੌਕੇ ਡਾ. ਪ੍ਰਮੋਦ ਕੁਮਾਰ, ਡਾ. ਸੰਜੀਵ ਭਗਤ, ਡਾ. ਬਲਵਿੰਦਰ ਕੌਰ ਰੇਖੀ, ਡਾ. ਮਨਜੀਤ ਕੌਰ (ਐਸ.ਐਮ.ਓ.), ਡਾ. ਨਿੰਦਰ ਕੁਮਾਰ, ਡਾ. ਜਸਵਿੰਦਰ ਸਿੰਘ, ਡਾ. ਲਵਕੇਸ਼ ਕੁਮਾਰ (ਐਸ.ਐਮ.ਓ.), ਡਾ. ਜਸਪ੍ਰੀਤ ਭੱਟੀ, ਡਾ. ਮੋਨਿਕਾ ਗਰਗ, ਡਾ. ਅਰਾਧਨਾ ਸ਼ਰਮਾ, ਡਾ. ਦਲਜਿੰਦਰ ਸਿੰਘ ਅਤੇ ਡਾ. ਰਿੱਪਲ ਵੀ ਮੌਜੂਦ ਰਹੇ।

# ਆਲਮਾਈਟੀ ਪਬਲਿਕ ਸਕੂਲ ਦਾ ਨਤੀਜਾ 100 ਫੀਸਦੀ ਰਿਹਾ

ਮਲੇਰਕੋਟਲਾ, 16 ਅਪ੍ਰੈਲ ( ਅਸ਼ਰਫ ਅਨਸਾਰੀ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਘੋਸ਼ਿਤ 8ਵੀਂ ਜਮਾਤ ਦੇ ਨਤੀਜੇ ਵਿੱਚ ਆਲਮਾਈਟੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜਮਾਲਪੁਰਾ, ਮਾਲੇਰਕੋਟਲਾ ਦਾ ਨਤੀਜਾ 100 ਫੀਸਦੀ ਰਿਹਾ। ਅਮੀਮਾ ਪੁੱਤਰੀ ਮੁਹੰਮਦ ਸਲੀਮ ਨੇ 600 ਵਿੱਚੋਂ 540 ਨੰਬਰ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਆਫੀਆ ਪੁੱਤਰੀ ਮੁਹੰਮਦ ਯੂਨਸ ਨੇ 509/600 ਨੰਬਰ ਲੈ ਕੇ ਦੂਜਾ ਅਤੇ ਸੁਫਿਆਨ ਪੁੱਤਰ ਅਬਦੁਲ ਮਾਜਿਦ ਅਤੇ ਆਇਸ਼ਾ ਇਰਸ਼ਾਦ ਪੁੱਤਰੀ ਇਰਸ਼ਾਦ ਅਹਿਮਦ ਨੇ 480/600 ਨੰਬਰਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਮੁਹੰਮਦ ਸ਼ਫੀਕ ਨੇ ਦੱਸਿਆ ਕਿ ਸਕੂਲ ਦੇ 78% ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿੱਚ 8ਵੀਂ ਜਮਾਤ ਪਾਸ ਕੀਤੀ ਹੈ।



ਇਸ ਮੌਕੇ 'ਤੇ ਪ੍ਰਿੰਸੀਪਲ ਮੁਹੰਮਦ ਸ਼ਫੀਕ ਨੇ ਇਸ ਨਤੀਜੇ ਦਾ ਸਿਹਰਾ ਸਕੂਲ ਦੇ ਸਟਾਫ ਅਤੇ ਬੱਚਿਆਂ ਦੇ ਮਾਪਿਆਂ ਨੂੰ ਦਿੱਤਾ। ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਚੇਅਰਪਰਸਨ ਮੈਡਮ ਸ਼ਗੁਫਤਾ, ਪ੍ਰਿੰਸੀਪਲ ਮੁਹੰਮਦ ਸ਼ਫੀਕ ਅਤੇ ਵਾਈਸ ਪ੍ਰਿੰਸੀਪਲ ਮੈਡਮ ਸ਼ਹਿਨਾਜ਼ ਵੱਲੋਂ ਸਰਟੀਫਿਕੇਟ ਅਤੇ ਟ੍ਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।

# ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ ਦਾ ਨਤੀਜਾ 100 ਪ੍ਰਤੀਸ਼ਤ ਰਿਹਾ

ਦੇਵੀਗੜ੍ਹ, 16 ਅਪ੍ਰੈਲ (ਗੁਰਜੀਤ ਸਿੰਘ ਢੋਟ) : ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੱਚਿਆਂ ਨੇ ਮਾਤਾ ਗੁਜਰੀ ਸਕੂਲ ਦਾ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਮਾਤਾ ਗੁਜਰੀ ਸਕੂਲ ਦੇ ਡਾਇਰੈਕਟਰ ਸਰਦਾਰ ਭੁਪਿੰਦਰ ਸਿੰਘ ਨੇ ਮਾਤਾ ਗੁਜਰੀ ਸਕੂਲ ਦਾ 100% ਨਤੀਜਾ ਆਉਣ ਦੀ ਖੁਸ਼ੀ ਦੌਰਾਨ ਪੱਤਰਕਾਰਾਂ ਦੇ ਰੂਬਰੂ ਹੁੰਦੇ ਹੋਏ



ਕੀਤਾ। ਉਹਨਾਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੀ.ਬੀ.ਐਸ.ਈ. ਬੋਰਡ ਵੱਲੋਂ ਦਸਵੀਂ ਕਲਾਸ ਦਾ ਨਤੀਜਾ ਐਲਾਨਿਆ ਗਿਆ ਤੇ ਇਸ ਸਾਲ 2025-26 ਵਿੱਚ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਦੇਵੀਗੜ੍ਹ, ਪਟਿਆਲਾ ਦੇ ਕੁੱਲ 100 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਤੇ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਉਹਨਾਂ ਕਿਹਾ ਕਿ ਵਿਦਿਆਰਥੀਆਂ ਵਿੱਚ ਰੂਪਰੀਤ ਕੌਰ ਨੇ 96.2% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਜਪਨੀਤ ਕੌਰ ਨੇ 95.2% ਅੰਕ ਲੈ ਕੇ ਦੂਜਾ ਸਥਾਨ ਅਤੇ ਐਸ਼ਪ੍ਰੀਤ ਸਿੰਘ ਨੇ 91% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਜ਼ਿਕਰਯੋਗ ਹੈ ਕਿ 6 ਵਿਦਿਆਰਥੀਆਂ ਨੇ 90% ਤੋਂ ਵੱਧ ਅਤੇ 33 ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ।

# ਡਾ. ਅੰਬੇਡਕਰ ਦੇ ਜਨਮ ਦਿਨ 'ਤੇ ਸਹਿਕਾਰ ਭਾਰਤੀ ਟੀਮ ਵੱਲੋਂ ਸ਼ਰਧਾਂਜਲੀ ਭੇਟ

ਭਾਦਸੋਂ, 16 ਅਪ੍ਰੈਲ (ਭਰਪੂਰ ਸਿੰਘ ਮੱਟਰਾਂ) : ਸਾਡੇ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਉਨ੍ਹਾਂ ਦੀ 136ਵੀਂ ਜਯੰਤੀ ਮੌਕੇ ਸਹਿਕਾਰ ਭਾਰਤੀ ਵੱਲੋ ਜ਼ਿਲ੍ਹਾ ਪਟਿਆਲਾ ਦੀ ਸਹਿਕਾਰ ਭਾਰਤੀ ਟੀਮ ਨੇ ਨਿਮਰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਦੇ ਸਿਧਾਂਤਾ ਨੇ ਸਾਡੇ ਸੰਵਿਧਾਨ ਨੂੰ ਮਜ਼ਬੂਤ ਬਣਾਇਆ, ਜਿਸਦਾ ਪਾਲਣ ਕਰਨਾ ਤੇ ਉਨ੍ਹਾਂ ਦੇ ਸੁਪਨਿਆਂ ਦੇ ਭਾਰਤ ਨੂੰ ਹਕੀਕਤ ਬਣਾਉਣਾ ਸਾਡਾ ਸਾਰਿਆਂ ਦਾ ਮੁਢਲਾ ਫਰਜ਼ ਹੈ।

## ਸੰਪਾਦਕੀ

# ਵੱਧ ਸਕਦੀ ਹੈ ਗਰੀਬੀ

ਜੇਕਰ ਪੱਛਮੀ ਏਸ਼ੀਆ ਵਿੱਚ ਟਕਰਾਅ ਤੋਂ ਪੈਦਾ ਹੋਏ ਵਿਸ਼ਵਵਿਆਪੀ ਸੰਕਟ ਦਾ ਹੱਲ ਜਲਦੀ ਨਹੀਂ ਲੱਭਿਆ ਜਾਂਦਾ, ਤਾਂ ਇਸਦੇ ਵਿਆਪਕ ਅਤੇ ਦੂਰਗਾਮੀ ਨਤੀਜੇ ਹੋ ਸਕਦੇ ਹਨ। ਇਸ ਨਾਲ ਨਾ ਸਿਰਫ਼ ਊਰਜਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਬਹੁਤ ਮੁਸ਼ਕਲ ਹੋ ਜਾਵੇਗਾ, ਸਗੋਂ ਖੁਰਾਕ ਸੁਰੱਖਿਆ ਸੰਕਟ ਦੀ ਸੰਭਾਵਨਾ ਵੀ ਕਾਫ਼ੀ ਵੱਧ ਜਾਵੇਗੀ, ਜਿਸ ਨਾਲ ਆਮ ਲੋਕਾਂ ਦੇ ਜੀਵਨ ਪੱਧਰ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਣਗੇ। ਇਸਦਾ ਸਭ ਤੋਂ ਵੱਧ ਪ੍ਰਭਾਵ ਭਾਰਤ ਸਮੇਤ ਉਨ੍ਹਾਂ ਦੇਸ਼ਾਂ 'ਤੇ ਪਵੇਗਾ, ਜੋ ਆਪਣੀਆਂ ਜ਼ਰੂਰਤਾਂ ਲਈ ਦਰਾਮਦਾਂ 'ਤੇ ਬਹੁਤ ਜ਼ਿਆਦਾ ਨਿਰਭਰ ਹਨ। ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੁਆਰਾ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਤੋਂ ਪੈਦਾ ਹੋਈ ਸਥਿਤੀ ਕਾਰਨ ਭਾਰਤ ਵਿੱਚ 2.5 ਮਿਲੀਅਨ ਲੋਕ ਗਰੀਬੀ ਵਿੱਚ ਡਿੱਗਣ ਦੇ ਜੋਖਮ ਵਿੱਚ ਹਨ। ਇਹ ਮੁਲਾਂਕਣ ਇਸ ਤੱਥ 'ਤੇ ਅਧਾਰਤ ਹੈ ਕਿ ਹੋਰਮੁਜ਼ ਜਲਡਮਰੂ ਦੀ ਰੁਕਾਵਟ ਬਾਲਣ, ਮਾਲ ਢੋਆ-ਢੁਆਈ ਅਤੇ ਕੱਚੇ ਮਾਲ ਦੀ ਕੀਮਤ ਵਧਾ ਰਹੀ ਹੈ, ਰੋਜ਼ੀ-ਰੋਟੀ ਕਮਜ਼ੋਰ ਕਰ ਰਹੀ ਹੈ, ਘਰੇਲੂ ਖਰੀਦ ਸ਼ਕਤੀ ਘਟਾ ਰਹੀ ਹੈ ਅਤੇ ਭੋਜਨ ਅਸੁਰੱਖਿਆ ਵਧਾ ਰਹੀ ਹੈ। ਇਹ ਧਿਆਨ ਦੇਣ ਯੋਗ ਹੈ ਕਿ ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਟਕਰਾਅ ਦਾ ਸਥਾਈ ਬੰਦ ਹੋਣਾ ਇਸ ਸਮੇਂ ਅਸੰਭਵ ਹੈ। ਜਦੋਂ ਕਿ ਇਸਲਾਮਾਬਾਦ, ਪਾਕਿਸਤਾਨ ਵਿੱਚ ਦੋਵਾਂ ਧਿਰਾਂ ਵਿਚਕਾਰ ਹਾਲ ਹੀ ਵਿੱਚ ਹੋਈ ਸ਼ਾਂਤੀ ਵਾਰਤਾ, ਦੋ ਹਫ਼ਤਿਆਂ ਦੀ ਜੰਗਬੰਦੀ ਦੇ ਐਲਾਨ ਦੇ ਬਾਵਜੂਦ, ਅਸਫਲ ਰਹੀ ਹੈ, ਅਮਰੀਕਾ ਫਿਰ ਹਮਲਾਵਰ ਹੋ ਗਿਆ ਹੈ, ਅਤੇ ਈਰਾਨ ਬਦਲਾ ਲੈਣ ਲਈ ਤਿਆਰ ਜਾਪਦਾ ਹੈ। ਜੇਕਰ ਹੋਰਮੁਜ਼ ਜਲਡਮਰੂ ਲੰਬੇ ਸਮੇਂ ਤੱਕ ਬੰਦ ਰਹਿੰਦਾ ਹੈ, ਤਾਂ ਇਸਦਾ ਪ੍ਰਭਾਵ ਇੱਕ ਗੰਭੀਰ ਵਿਸ਼ਵਵਿਆਪੀ ਊਰਜਾ ਸੰਕਟ ਹੋਵੇਗਾ। ਭਾਰਤ ਆਪਣੀਆਂ 90% ਤੋਂ ਵੱਧ ਤੇਲ ਜ਼ਰੂਰਤਾਂ ਲਈ ਦਰਾਮਦਾਂ 'ਤੇ ਨਿਰਭਰ ਕਰਦਾ ਹੈ, ਜਿਸ ਵਿੱਚ 40% ਤੋਂ ਵੱਧ ਕੱਚਾ ਤੇਲ ਅਤੇ 90% LPG ਪੱਛਮੀ ਏਸ਼ੀਆ ਤੋਂ ਆਯਾਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, 45% ਤੋਂ ਵੱਧ ਖਾਦ ਦਰਾਮਦ ਵੀ ਇਸੇ ਖੇਤਰ ਤੋਂ ਆਉਂਦੀ ਹੈ। ਇਹ ਵੀ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਭਾਰਤ ਦੇ ਕੁੱਲ ਨਿਰਯਾਤ ਦਾ 14% ਅਤੇ ਇਸਦੀਆਂ ਦਰਾਮਦਾਂ ਦਾ ਲਗਭਗ 21% ਪੱਛਮੀ ਏਸ਼ੀਆ ਨਾਲ ਜੁੜਿਆ ਹੋਇਆ ਹੈ। ਨਤੀਜੇ ਵਜੋਂ, ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਦੇਸ਼ ਵਿੱਚ ਕਿਸ ਤਰ੍ਹਾਂ ਦੀ ਸਥਿਤੀ ਪੈਦਾ ਹੋ ਸਕਦੀ ਹੈ। ਅਮਰੀਕਾ ਅਤੇ ਈਰਾਨ ਦੇ ਜ਼ਿੱਦੀ ਰੁਖ਼ ਕਾਰਨ ਪੱਛਮੀ ਏਸ਼ੀਆ ਵਿੱਚ ਜੰਗ ਦੇ ਮੋਰਚਿਆਂ ਦੇ ਮੁੜ ਖੁੱਲ੍ਹਣ ਦੇ ਡਰ ਦੇ ਵਿਚਕਾਰ, ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਗਰੀਬੀ ਦਰ 23.9 ਪ੍ਰਤੀਸ਼ਤ ਤੋਂ ਵੱਧ ਕੇ 24.2 ਪ੍ਰਤੀਸ਼ਤ ਹੋ ਸਕਦੀ ਹੈ। ਵਿਸ਼ਵ ਪੱਧਰ 'ਤੇ 8.8 ਮਿਲੀਅਨ ਲੋਕ ਗਰੀਬੀ ਦੇ ਜੋਖਮ ਵਿੱਚ ਹੋ ਸਕਦੇ ਹਨ, ਜਿਸ ਵਿੱਚ ਭਾਰਤ ਸਮੇਤ ਦੱਖਣੀ ਏਸ਼ੀਆ ਸਭ ਤੋਂ ਵੱਧ ਗਿਣਤੀ ਵਿੱਚ ਹੈ। ਇਸ ਸੰਕਟ ਤੋਂ ਬਾਅਦ, ਦੇਸ਼ ਵਿੱਚ ਗਰੀਬੀ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ 354 ਮਿਲੀਅਨ ਤੱਕ ਪਹੁੰਚ ਸਕਦੀ ਹੈ, ਜੋ ਪਹਿਲਾਂ 351.5 ਮਿਲੀਅਨ ਸੀ। ਸਪੱਸ਼ਟ ਤੌਰ 'ਤੇ, ਦੇਸ਼ ਦੀ ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਰੋਜ਼ੀ-ਰੋਟੀ ਦੀਆਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਜਦੋਂ ਕਿ ਸਰਕਾਰ ਬਿਨਾਂ ਸ਼ੱਕ ਮੌਜੂਦਾ ਸਥਿਤੀ ਨੂੰ ਹੱਲ ਕਰਨ ਲਈ ਯਤਨ ਕਰ ਰਹੀ ਹੈ, ਇਹ ਯਕੀਨੀ ਤੌਰ 'ਤੇ ਸਰਕਾਰੀ ਬਜਟ 'ਤੇ ਵਾਧੂ ਦਬਾਅ ਪਾ ਰਿਹਾ ਹੈ, ਜਿਸ ਨਾਲ ਸਥਿਤੀ ਨੂੰ ਲੰਬੇ ਸਮੇਂ ਤੱਕ ਸੰਭਾਲਣਾ ਮੁਸ਼ਕਲ ਹੋ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਇਹ ਜ਼ਰੂਰੀ ਹੈ ਕਿ ਸਰਕਾਰ ਊਰਜਾ ਦੇ ਨਵੇਂ ਸਰੋਤਾਂ ਅਤੇ ਜ਼ਰੂਰੀ ਵਸਤੂਆਂ ਦੀ ਸਪਲਾਈ ਲਈ ਵਿਕਲਪਕ ਸਾਧਨਾਂ ਦੀ ਭਾਲ 'ਤੇ ਗੰਭੀਰਤਾ ਨਾਲ ਕੰਮ ਕਰੇ, ਤਾਂ ਜੋ ਸੰਭਾਵੀ ਸੰਕਟ ਦੇ ਪ੍ਰਭਾਵ ਨੂੰ ਘੱਟ ਕੀਤਾ ਜਾ ਸਕੇ। ਕਿਸੇ ਵੀ ਗੁੰਝਲਦਾਰ ਅੰਤਰਰਾਸ਼ਟਰੀ ਵਿਵਾਦ ਨੂੰ ਹੱਲ ਕਰਨ ਲਈ ਪਹਿਲਾਂ ਵਿਸ਼ਵਾਸ ਸਥਾਪਤ ਕਰਨ ਦੀ ਲੋੜ ਹੁੰਦੀ ਹੈ, ਤਾਂ ਹੀ ਇੱਕ ਅਰਥਪੂਰਨ ਅਤੇ ਸਥਾਈ ਹੱਲ ਸੰਭਵ ਹੋ ਸਕਦਾ ਹੈ। ਪਾਕਿਸਤਾਨ ਦੇ ਇਸਲਾਮਾਬਾਦ ਵਿੱਚ ਈਰਾਨ ਅਤੇ ਅਮਰੀਕਾ ਵਿਚਕਾਰ ਗੱਲਬਾਤ ਦੀ ਅਸਫਲਤਾ ਦਾ ਇੱਕ ਵੱਡਾ ਕਾਰਨ ਇਹ ਸੀ ਕਿ ਦੋਵਾਂ ਦੇਸ਼ਾਂ ਵਿਚਕਾਰ ਪਹਿਲਾਂ ਤੋਂ ਮੌਜੂਦ ਡੂੰਘੇ ਅਵਿਸ਼ਵਾਸ ਨੂੰ ਦੂਰ ਕਰਨ ਲਈ ਕਾਫ਼ੀ ਯਤਨ ਨਹੀਂ ਕੀਤੇ ਗਏ ਸਨ। ਈਰਾਨ ਅਤੇ ਅਮਰੀਕਾ ਵਿਚਕਾਰ ਸਬੰਧ ਲੰਬੇ ਸਮੇਂ ਤੋਂ ਤਣਾਅਪੂਰਨ ਰਹੇ ਹਨ, ਰਾਜਨੀਤਿਕ, ਰਣਨੀਤਕ ਅਤੇ ਵਿਚਾਰਧਾਰਕ ਮੱਤਭੇਦਾਂ ਵਿੱਚ ਡੂੰਘੀਆਂ ਜੜ੍ਹਾਂ ਹਨ। ਇਸ ਲਈ, ਜਦੋਂ ਕਿ ਪਹਿਲਾਂ ਪਰਦੇ ਪਿੱਛੇ ਕੂਟਨੀਤਕ ਅਤੇ ਛੋਟੇ ਸਮਝੌਤਿਆਂ ਨੂੰ ਅੱਗੇ ਵਧਾਉਣਾ ਜ਼ਰੂਰੀ ਸੀ, ਰਸਮੀ ਗੱਲਬਾਤ ਸਿੱਧੇ ਤੌਰ 'ਤੇ ਸ਼ੁਰੂ ਕੀਤੀ ਗਈ ਸੀ, ਇਸੇ ਕਰਕੇ, ਲੰਬੀ ਗੱਲਬਾਤ ਦੇ ਬਾਵਜੂਦ, ਗੱਲਬਾਤ ਸਕਾਰਾਤਮਕ ਦਿਸ਼ਾ ਵਿੱਚ ਅੱਗੇ ਵਧਣ ਵਿੱਚ ਅਸਫਲ ਰਹੀ।

-ਜਗਜੀਤ ਸਿੰਘ ਦਰਦੀ

### ਲੋਕ ਸਭਾ ਵਿੱਚ ਮਹਿਲਾ ਰਾਖਵਾਂ ਕਾਨੂੰਨ ਬਹਿਸ ਜਾਰੀ

# ਲੋਕ ਸਭਾ ਸੀਟਾਂ ਵੱਧ ਕੇ ਹੋਣਗੀਆਂ 850, 33% ਤੋਂ ਲੈ ਕੇ ਅੱਧੀ ਆਬਾਦੀ ਤੱਕ ਔਰਤਾਂ ਲਈ ਰਾਖਵਾਂਕਰਨ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਆਰਤੀ ਸੰਸਦ ਲੋਕ ਸਭਾ ਅੱਜ ਇੱਕ ਇਨਕਲਾਬੀ ਤਬਦੀਲੀ ਵੱਲ ਵੱਧ ਰਹੀ ਹੈ। ਭਾਰਤੀ ਸੰਸਦ ਦੀ ਬਹਿਸ ਵਿੱਚ ਅਤੇ ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਇੱਕ ਵੱਡੀ ਤਬਦੀਲੀ ਦੀ ਘੜੀ ਆ ਗਈ ਹੈ। ਲੋਕ ਸਭਾ ਵਿੱਚ ਮਹਿਲਾਵਾਂ ਲਈ 33 ਫੀਸਦੀ ਰਾਖਵੀਆਂ ਸੀਟਾਂ ਨੂੰ ਲਾਗੂ ਕਰਨ ਲਈ ਸੰਸਦ ਵਿੱਚ ਵਿਸ਼ੇਸ਼ ਸੈਸ਼ਨ ਚੱਲ ਰਿਹਾ ਹੈ। ਇਸ ਤਹਿਤ ਲੋਕ ਸਭਾ ਦੀਆਂ ਸੀਟਾਂ ਨੂੰ ਵਧਾ ਕੇ ਵੱਧ ਤੋਂ ਵੱਧ 850 ਕਰਨ ਦਾ ਪ੍ਰਸਤਾਵ ਹੈ।

ਅੱਜ ਇਸ ਨਾਲ ਔਰਤਾਂ ਨੂੰ ਸਿਰਫ਼ ਇੱਕ ਤਿਹਾਈ ਹਿੱਸਾ ਹੀ ਨਹੀਂ, ਬਲਕਿ ਭਵਿੱਖ ਵਿੱਚ ਅੱਧੀ ਆਬਾਦੀ ਦਾ ਸੰਵਿਧਾਨਕ ਰਾਖਵਾਂਕਰਨ ਮਿਲਣ ਵੱਲ ਵੀ ਇੱਕ ਵੱਡਾ ਕਦਮ ਉਠਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣ ਵਿੱਚ ਇਸ ਮੁੱਦੇ ਨੂੰ ਬਿਲਕੁਲ ਸਾਫ਼ ਕਰ ਦਿੱਤਾ ਹੈ। ਉਨ੍ਹਾਂ ਨੇ ਇਸ ਨੂੰ 21ਵੀਂ ਸਦੀ ਦਾ ਸਭ ਤੋਂ ਮਹੱਤਵਪੂਰਨ ਫੈਸਲਾ ਅਤੇ ਨਾਰੀ ਸ਼ਕਤੀ ਵੱਲ ਸਮਰਪਿਤ ਐਲਾਨਿਆ ਹੈ। ਇਸ ਬਿੱਲ ਦੀ ਪ੍ਰਸੰਗਤਤਾ, ਇਸ ਨਾਲ ਹੋਣ ਵਾਲੇ ਫਾਇਦੇ, ਰਾਜਨੀਤਿਕ ਪ੍ਰਭਾਵ ਅਤੇ ਔਰਤਾਂ ਦੇ 33% ਹੱਕ ਨਾਲ ਆਉਣ ਵਾਲੇ ਸਮਾਜਿਕ-ਰਾਜਨੀਤਿਕ ਪਰਿਵਰਤਨਾਂ ਬਾਰੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ।

ਅੱਜ ਮਹਿਲਾ ਰਾਖਵਾਂ ਬਿੱਲ ਦੀ ਪਿਛੋਕੜ ਅਤੇ ਇਤਿਹਾਸਕ ਯਾਤਰਾ ਮਹਿਲਾਵਾਂ ਲਈ ਰਾਜਨੀਤਿਕ ਰਾਖਵੀਆਂ ਸੀਟਾਂ ਦੀ ਮੰਗ ਭਾਰਤ ਵਿੱਚ ਦਹਾਕਿਆਂ ਤੋਂ ਚੱਲ ਰਹੀ ਹੈ। 1996 ਵਿੱਚ ਪਹਿਲੀ ਵਾਰ ਇਸ ਬਿੱਲ ਨੂੰ ਲਿਆਂਦਾ ਗਿਆ ਸੀ, ਪਰ ਵਿਵਾਦਾਂ ਕਾਰਨ ਇਹ ਲੰਬੇ ਸਮੇਂ ਤੱਕ ਲਟਕਿਆ ਰਿਹਾ। 2023 ਵਿੱਚ 'ਨਾਰੀ ਸ਼ਕਤੀ ਵੰਦਨ ਅਧਿਨਿਯਮ' (106ਵੀਂ ਸੰਵਿਧਾਨਿਕ ਸੋਧ) ਪਾਸ ਹੋਇਆ, ਜਿਸ ਨੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ 33% ਰਾਖਵੀਆਂ ਸੀਟਾਂ ਦਾ ਪ੍ਰਬੰਧ ਕੀਤਾ। ਪਰ ਇਸ ਨੂੰ ਲਾਗੂ ਕਰਨ ਲਈ ਡੀਲਿਮੀਟੇਸ਼ਨ (ਸੀਟਾਂ ਦੀ ਨਵੀਂ ਵੰਡ) ਅਤੇ ਜਨਗਣਨਾ ਦੀ ਲੋੜ ਸੀ।

ਅਪ੍ਰੈਲ 2026 ਵਿੱਚ ਚੱਲ ਰਹੇ ਵਿਸ਼ੇਸ਼ ਸੈਸ਼ਨ ਵਿੱਚ ਤਿੰਨ ਮੁੱਖ ਬਿੱਲ ਲਿਆਂਦੇ ਗਏ ਹਨ — ਸੰਵਿਧਾਨ (131ਵੀਂ ਸੋਧ) ਬਿੱਲ, ਡੀਲਿਮੀਟੇਸ਼ਨ ਬਿੱਲ ਅਤੇ ਯੂਨੀਅਨ ਟੈਰੀਟਰੀਜ਼ ਲਈ ਵਿਸ਼ੇਸ਼ ਪ੍ਰਬੰਧ। ਇਸ ਨਾਲ 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਰਾਖਵੀਆਂ ਸੀਟਾਂ ਲਾਗੂ ਹੋ ਸਕਣਗੀਆਂ।ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਫੈਸਲਾ ਨਾਰੀ ਸ਼ਕਤੀ ਦੀ ਪੂਜਾ ਅਤੇ ਭਾਰਤੀ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣ ਵਾਲਾ ਹੈ।

ਉਨ੍ਹਾਂ ਯਾਦ ਕਰਵਾਇਆ ਕਿ ਪੰਚਾਇਤੀ ਰਾਜ ਵਿੱਚ ਔਰਤਾਂ ਦੀ ਭਾਗੀਦਾਰੀ ਪਹਿਲਾਂ ਹੀ 50% ਤੱਕ ਪਹੁੰਚ ਚੁੱਕੀ ਹੈ ਅਤੇ ਇਸ ਨਾਲ ਗਰਾਮੀਣ ਵਿਕਾਸ ਵਿੱਚ ਬਦਲਾਅ ਆਇਆ ਹੈ। ਹੁਣ ਇਸ ਨੂੰ ਰਾਸ਼ਟਰੀ ਪੱਧਰ ਤੱਕ ਲੈ ਜਾਣ ਦਾ ਸਮਾਂ ਆ ਗਿਆ ਹੈ।ਲੋਕ ਸਭਾ ਸੀਟਾਂ 543 ਤੋਂ ਵਧ ਕੇ 850—ਡੀਲਿਮੀਟੇਸ਼ਨ ਦਾ ਗਣਿਤ ਵਰਤਮਾਨ ਵਿੱਚ ਲੋਕ ਸਭਾ ਵਿੱਚ 543 ਸੀਟਾਂ ਹਨ। ਨਵੀਂ ਤਜਵੀਜ਼ ਅਨੁਸਾਰ ਇਸ ਨੂੰ ਵਧਾ ਕੇ ਵੱਧ ਤੋਂ ਵੱਧ 850 ਕੀਤਾ ਜਾਵੇਗਾ।(815 ਰਾਜਾਂ ਲਈ ਅਤੇ 35 ਯੂਨੀਅਨ ਟੈਰੀਟਰੀਜ਼ ਲਈ) ਇਸ ਵਿੱਚੋਂ ਲੱਗਭੱਗ 273 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ (33%)।

ਅੱਜ ਸਰਕਾਰ ਦਾ ਦਾਅਵਾ ਹੈ ਕਿ ਇਹ ਵਾਧਾ 50% ਵਧਾਅ ਵਾਲੇ ਫਾਰਮੂਲੇ ਤਹਿਤ ਹੋ ਰਿਹਾ ਹੈ, ਜਿਸ ਨਾਲ ਕਿਸੇ ਵੀ ਰਾਜ ਨੂੰ ਨੁਕਸਾਨ ਨਹੀਂ ਹੋਵੇਗਾ। ਹਰ ਰਾਜ ਦੀਆਂ ਸੀਟਾਂ ਵੀ ਲੱਗਭੱਗ 50% ਵਧਣਗੀਆਂ ਅਤੇ ਉਨ੍ਹਾਂ ਦਾ ਅਨੁਪਾਤ ਬਰਕਰਾਰ ਰਹੇਗਾ। ਇਸ ਨਾਲ ਦੱਖਣੀ ਰਾਜਾਂ (ਜਿਨ੍ਹਾਂ ਨੇ ਆਬਾਦੀ ਨਿਯੰਤਰਣ ਵਿੱਚ ਚੰਗਾ ਕੰਮ ਕੀਤਾ ਹੈ) ਦੀਆਂ ਚਿੰਤਾਵਾਂ ਨੂੰ ਘਟਾਉਣ ਦੀ ਕੋਸ਼ਿਸ਼ ਹੈ।ਪਰ ਵਿਪੱਖੀ ਧਿਰਾਂ ਇਸ ਡੀਲਿਮੀਟੇਸ਼ਨ ਨੂੰ 2011 ਜਨਗਣਨਾ 'ਤੇ ਆਧਾਰਿਤ ਕਰਨ ਤੋਂ ਚਿੰਤਤ ਹਨ।

ਅੱਜ ਉਨ੍ਹਾਂ ਦਾ ਕਹਿਣਾ ਹੈ ਕਿ ਇਸ ਨਾਲ ਉੱਤਰੀ ਰਾਜਾਂ (ਉੱਚ ਆਬਾਦੀ ਵਾਲੇ) ਨੂੰ ਵਧੇਰੇ ਲਾਭ ਹੋਵੇਗਾ ਅਤੇ ਦੱਖਣੀ ਰਾਜਾਂ ਦਾ ਰਾਜਨੀਤਿਕ ਵਜ਼ਨ ਘੱਟ ਸਕਦਾ ਹੈ। ਸਰਕਾਰ ਇਸ ਨੂੰ ਖਾਰਜ ਕਰਦੀ ਹੈ ਅਤੇ ਕਹਿੰਦੀ ਹੈ ਕਿ ਇਹ ਤਬਦੀਲੀ ਔਰਤਾਂ ਦੇ ਹੱਕ ਲਈ ਹੈ, ਨਾ ਕਿ ਰਾਜੀਆਂ ਵਿਚਾਲੇ ਟੱਕਰ ਲਈ।ਪ੍ਰਧਾਨ ਮੰਤਰੀ ਦਾ ਭਾਸ਼ਣ: ਸਪੱਸ਼ਟਤਾ ਅਤੇ ਰਾਸ਼ਟਰੀ ਫਰਜ਼ ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਵਿੱਚ ਇਸ ਬਿੱਲ ਨੂੰ ਇਤਿਹਾਸ ਰਚਣ ਵਾਲਾ ਐਲਾਨਿਆ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਰੀਆਂ ਪਾਰਟੀਆਂ ਦੇ ਸਹਿਯੋਗ ਨਾਲ ਲਿਆ ਜਾਣਾ ਚਾਹੀਦਾ ਹੈ, ਕਿਉਂਕਿ ਇਹ ਰਾਜਨੀਤੀ ਤੋਂ ਉੱਪਰ ਉੱਠ ਕੇ ਔਰਤਾਂ ਦੀ ਤਾਕਤ ਨੂੰ ਮਾਨਤਾ ਦੇਣ ਵਾਲਾ ਹੈ।ਉਨ੍ਹਾਂ ਯਾਦ ਕਰਵਾਇਆ ਕਿ ਪਿਛਲੇ 40 ਸਾਲਾਂ ਵਿੱਚ ਔਰਤਾਂ ਨੇ ਸਿੱਖਿਆ, ਰੋਜ਼ਗਾਰ, ਉੱਦਮੀ ਬਣਨ ਅਤੇ ਸਥਾਨਕ ਰਾਜਨੀਤੀ ਵਿੱਚ ਬਦਲਾਅ ਲਿਆਂਦਾ ਹੈ। ਹੁਣ ਉਨ੍ਹਾਂ ਨੂੰ ਰਾਸ਼ਟਰੀ ਰਾਜਨੀਤੀ ਵਿੱਚ ਵੀ ਬਰਾਬਰੀ ਵਾਲਾ ਹੱਕ ਮਿਲਣਾ ਚਾਹੀਦਾ ਹੈ।



ਇਸ ਬਿੱਲ ਨਾਲ ਔਰਤਾਂ ਦੀ ਆਵਾਜ਼ ਮਜ਼ਬੂਤ ਹੋਵੇਗੀ, ਨੀਤੀ ਨਿਰਮਾਣ ਵਿੱਚ ਉਨ੍ਹਾਂ ਦਾ ਯੋਗਦਾਨ ਵਧੇਗਾ ਅਤੇ ਲਿੰਗ ਭੇਦਭਾਵ ਘਟਾਉਣ ਵਿੱਚ ਮੱਦਦ ਮਿਲੇਗੀ।ਇਸ ਬਿੱਲ ਨਾਲ ਹੋਣ ਵਾਲੇ ਫਾਇਦੇ ਰਾਜਨੀਤਿਕ ਸਮਾਨਤਾ: ਔਰਤਾਂ ਨੂੰ ਰਾਜਨੀਤੀ ਵਿੱਚ ਵਧੇਰੇ ਭਾਗੀਦਾਰੀ ਮਿਲੇਗੀ। ਇਸ ਨਾਲ ਔਰਤਾਂ ਨਾਲ ਜੁੜੇ ਮੁੱਦੇ (ਸਿਹਤ, ਸਿੱਖਿਆ, ਸੁਰੱਖਿਆ, ਘਰੇਲੂ ਹਿੰਸਾ ਆਦਿ) ਵਧੇਰੇ ਤਰਜੀਹ ਲੈਣਗੇ। ਸਮਾਜਿਕ ਤਬਦੀਲੀ ਰਾਹੀਂ ਔਰਤਾਂ ਨੂੰ ਰੋਲ ਮਾਡਲ ਬਣਨ ਦਾ ਮੌਕਾ ਮਿਲੇਗਾ। ਇਸ ਨਾਲ ਲੜਕੀਆਂ ਦੀ ਸਿੱਖਿਆ ਅਤੇ ਆਤਮ-ਨਿਰਭਰਤਾ ਵਧੇਗੀ।

ਵਿਕਾਸ ਵਿੱਚ ਤੇਜ਼ੀ ਔਰਤਾਂ ਵਧੇਰੇ ਭਾਗੀਦਾਰੀ ਨਾਲ ਵਿਕਾਸ ਯੋਜਨਾਵਾਂ ਵਧੇਰੇ ਸੰਤੁਲਿਤ ਬਣਨਗੀਆਂ। ਪੰਚਾਇਤੀ ਰਾਜ ਵਿੱਚ ਇਸ ਦਾ ਉਦਾਹਰਨ ਪਹਿਲਾਂ ਹੀ ਦਿਖਾਈ ਦੇ ਰਿਹਾ ਹੈ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਇੱਕ ਵੱਡੀ ਆਬਾਦੀ (ਔਰਤਾਂ) ਨੂੰ ਵਧੇਰੇ ਨੁਮਾਇੰਦਗੀ ਮਿਲਣ ਨਾਲ ਲੋਕਤੰਤਰ ਹੋਰ ਸਮਾਵੇਸ਼ੀ ਬਣੇਗਾ।

ਔਰਤਾਂ ਦੀ ਆਵਾਜ਼ ਮਜ਼ਬੂਤ ਭਵਿੱਖ ਵਿੱਚ 50% ਵੱਲ ਵਧਾਅ: 33% ਤੋਂ ਸ਼ੁਰੂਆਤ ਕਰਕੇ ਭਵਿੱਖ ਵਿੱਚ ਇਸ ਨੂੰ 50% ਤੱਕ ਲੈ ਜਾਣ ਦੀ ਗੱਲ ਵੀ ਹੋ ਰਹੀ ਹੈ, ਜੋ ਅੱਧੀ ਆਬਾਦੀ ਨੂੰ ਪੂਰਾ ਸੰਵਿਧਾਨਕ ਹੱਕ ਦੇਵੇਗਾ।

ਅੱਜ ਰਾਜਨੀਤਿਕ ਪ੍ਰਭਾਵ ਅਤੇ ਚੁਣੌਤੀਆਂ ਅਤੇ ਇਸ ਬਿੱਲ ਨਾਲ ਰਾਜਨੀਤਿਕ ਤਾਕਤ ਦਾ ਸੰਤੁਲਨ ਬਦਲ ਸਕਦਾ ਹੈ। ਔਰਤਾਂ ਲਈ ਰਾਖਵੀਆਂ ਸੀਟਾਂ ਰੋਟੇਸ਼ਨ ਵਾਲੀ ਪ੍ਰਣਾਲੀ ਤਹਿਤ ਹੋਣਗੀਆਂ, ਜਿਸ ਨਾਲ ਹਰ ਚੋਣ ਵਿੱਚ ਵੱਖ-ਵੱਖ ਸੀਟਾਂ ਰਾਖਵੀਆਂ ਹੋਣਗੀਆਂ।ਇਸ ਨਾਲ ਪਾਰਟੀਆਂ ਨੂੰ ਔਰਤ ਉਮੀਦਵਾਰਾਂ ਤਿਆਰ ਕਰਨੀਆਂ ਪੈਣਗੀਆਂ।ਵਿਪੱਖ ਦੀ ਚਿੰਤਾ ਹੈ ਕਿ ਡੀਲਿਮੀਟੇਸ਼ਨ ਨਾਲ ਉੱਤਰੀ ਰਾਜਾਂ (ਯੂਪੀ, ਬਿਹਾਰ ਆਦਿ) ਨੂੰ ਵਧੇਰੇ ਲਾਭ ਹੋਵੇਗਾ ਅਤੇ ਦੱਖਣੀ ਰਾਜਾਂ (ਤਮਿਲਨਾਡੂ, ਕੇਰਲਾ, ਕਰਨਾਟਕ) ਦਾ ਪ੍ਰਤੀਨਿਧੀਵ ਘਟ ਸਕਦਾ ਹੈ।

ਹੁਣ ਸਰਕਾਰ ਇਸ ਨੂੰ ਖਾਰਜ ਕਰਦੀ ਹੈ ਅਤੇ ਕਹਿੰਦੀ ਹੈ ਕਿ ਸਾਰੀਆਂ ਰਾਜਾਂ ਲਈ ਸੀਟਾਂ ਵਧਣਗੀਆਂ।ਇਸ ਤੋਂ ਇਲਾਵਾ, ਔਰਤਾਂ ਵਿੱਚ ਵੀ ਵੱਖ-ਵੱਖ ਵਰਗਾਂ (ਓਬੀਸੀ, ਐਸਸੀ/ਐਸਟੀ) ਲਈ ਉਪ-ਰਾਖਵੀਆਂ ਸੀਟਾਂ ਦੀ ਮੰਗ ਉੱਠ ਰਹੀ ਹੈ, ਜਿਸ ਬਾਰੇ ਭਵਿੱਖ ਵਿੱਚ ਚਰਚਾ ਹੋ ਸਕਦੀ ਹੈ।ਆਉਣ ਵਾਲੇ ਸਮੇਂ ਵਿੱਚ ਹੋ ਰਹੀਆਂ ਤਬਦੀਲੀਆਂ 'ਤੇ ਝਾਤ33% ਰਾਖਵੀਆਂ ਸੀਟਾਂ ਨਾਲ ਭਵਿੱਖ ਵਿੱਚ ਭਾਰਤੀ ਰਾਜਨੀਤੀ ਵਿੱਚ ਇੱਕ ਇਨਕਲਾਬੀ ਤਬਦੀਲੀ ਆਉਣ ਵਾਲੀ ਹੈ।

ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਦੀ ਗਿਣਤੀ ਵਧਣ ਨਾਲ ਔਰਤਾਂ ਨਾਲ ਜੁੜੀਆਂ ਯੋਜਨਾਵਾਂ (ਬੇਟੀ ਬਚਾਓ ਬੇਟੀ ਪੜ੍ਹਾਓ, ਉਜਵਲਾ ਯੋਜਨਾ, ਲਾਡਲੀ ਬਹਿਨ ਆਦਿ) ਹੋਰ ਤੇਜ਼ੀ ਨਾਲ ਲਾਗੂ ਹੋਣਗੀਆਂ। ਸਮਾਜਿਕ ਬਦਲਾਅ ਨਾਲ ਲਿੰਗ ਭੇਦਭਾਵ ਘਟੇਗਾ। ਲੜਕੀਆਂ ਨੂੰ ਰਾਜਨੀਤੀ ਵਿੱਚ ਕਰੀਅਰ ਬਣਾਉਣ ਦੀ ਪ੍ਰੇਰਨਾ ਮਿਲੇਗੀ। ਆਰਥਿਕ ਪ੍ਰਭਾਵ ਹੇਠ ਔਰਤਾਂ ਵਧੇਰੇ ਉੱਦਮੀ ਬਣਨਗੀਆਂ ਅਤੇ ਆਰਥਿਕ ਵਿਕਾਸ ਵਿੱਚ ਯੋਗਦਾਨ ਵਧਾਉਣਗੀਆਂ। ਪੰਚਾਇਤੀ ਰਾਜ ਤੋਂ ਰਾਸ਼ਟਰੀ ਪੱਧਰ ਤੱਕ ਸਥਾਨਕ ਪੱਧਰ ਤੇ ਸਫਲਤਾ ਨੂੰ ਰਾਸ਼ਟਰੀ ਰਾਜਨੀਤੀ ਵਿੱਚ ਲਾਗੂ ਕਰਨ ਨਾਲ ਗਰਾਮੀਣ ਅਤੇ ਸ਼ਹਿਰੀ ਔਰਤਾਂ ਦੋਵਾਂ ਨੂੰ ਲਾਭ ਹੋਵੇਗਾ।

50% ਵੱਲ ਵਧਾਅ ਇਸ ਨੂੰ ਇੱਕ ਸ਼ੁਰੂਆਤੀ ਕਦਮ ਮੰਨਿਆ ਜਾ ਰਿਹਾ ਹੈ। ਭਵਿੱਖ ਵਿੱਚ ਔਰਤਾਂ ਲਈ 50% ਰਾਖਵੀਆਂ ਸੀਟਾਂ ਦੀ ਮੰਗ ਉੱਠ ਸਕਦੀ ਹੈ, ਜੋ ਅੱਧੀ ਆਬਾਦੀ ਨੂੰ ਪੂਰਾ ਹੱਕ ਦੇਵੇਗੀ।

ਅੱਜ ਇਸ ਤਬਦੀਲੀ ਨਾਲ ਭਾਰਤ ਨਾਰੀ ਵਿਕਾਸ ਤੋਂ ਨਾਰੀ ਨੇਤ੍ਰਿਤਵ ਵੱਲ ਵੱਧ ਰਿਹਾ ਹੈ। ਇਹ ਇੱਕ ਇਨਕਲਾਬੀ ਕਦਮ ਹੈ ਜੋ ਭਾਰਤ ਨੂੰ ਵਿਸ਼ਵ ਪੱਧਰ 'ਤੇ ਔਰਤਾਂ ਦੀ ਭਾਗੀਦਾਰੀ ਵਿੱਚ ਇੱਕ ਉਦਾਹਰਨ ਬਣਾ ਸਕਦਾ ਹੈ।ਨਿਗਾਹ ਅੱਗੇ ਵੱਲਵਿਸ਼ੇਸ਼ ਸੈਸ਼ਨ ਵਿੱਚ ਬਿੱਲ ਪਾਸ ਹੋਣ ਤੋਂ ਬਾਅਦ ਡੀਲਿਮੀਟੇਸ਼ਨ ਕਮਿਸ਼ਨ ਆਪਣਾ ਕੰਮ ਸ਼ੁਰੂ ਕਰੇਗਾ। 2029 ਤੱਕ ਇਸ ਨੂੰ ਲਾਗੂ ਕਰਨ ਦਾ ਟੀਚਾ ਹੈ। ਇਸ ਵਿੱਚ ਸਾਰੀਆਂ ਧਿਰਾਂ ਦਾ ਸਹਿਯੋਗ ਜ਼ਰੂਰੀ ਹੈ ਤਾਂ ਜੋ ਇਹ ਰਾਸ਼ਟਰੀ ਏਕਤਾ ਅਤੇ ਔਰਤਾਂ ਦੇ ਸਸ਼ਕਤੀਕਰਨ ਦਾ ਪ੍ਰਤੀਕ ਬਣ ਸਕੇ।ਪ੍ਰਧਾਨ ਮੰਤਰੀ ਨੇ ਆਖਿਆ ਹੈ ਕਿ ਇਹ ਫੈਸਲਾ ਦੇਸ਼ ਦੀ ਭਾਵਨਾ ਹੈ।

ਅੱਜ ਜੇਕਰ ਸਾਰੀਆਂ ਪਾਰਟੀਆਂ ਇਸ ਨੂੰ ਰਾਜਨੀਤੀ ਤੋਂ ਉੱਪਰ ਉੱਠ ਕੇ ਸਮਰਥਨ ਦੇਣਗੀਆਂ ਤਾਂ ਭਾਰਤੀ ਲੋਕਤੰਤਰ ਇੱਕ ਨਵੀਂ ਉਚਾਈ ਛੂਹ ਲਵੇਗਾ।ਇਹ ਤਬਦੀਲੀ ਸਿਰਫ਼ ਸੀਟਾਂ ਵਧਾਉਣ ਤੱਕ ਸੀਮਤ ਨਹੀਂ — ਇਹ ਭਾਰਤੀ ਸਮਾਜ ਵਿੱਚ ਔਰਤਾਂ ਦੀ ਭੂਮਿਕਾ ਨੂੰ ਮੁੜ-ਪਰਿਭਾਸ਼ਿਤ ਕਰਨ ਵਾਲੀ ਹੈ। 33% ਤੋਂ ਸ਼ੁਰੂਆਤ ਕਰਕੇ ਅੱਧੀ ਆਬਾਦੀ ਤੱਕ ਪਹੁੰਚਣ ਵਾਲਾ ਇਹ ਯਾਤਰਾ ਭਾਰਤ ਨੂੰ ਇੱਕ ਵਧੇਰੇ ਸਮਾਵੇਸ਼ੀ ਅਤੇ ਨਿਆਂਪੂਰਨ ਰਾਸ਼ਟਰ ਬਣਾਉਣ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗਾ।

# ਮੁਲਕ ਦੇ ਨਕਸ਼ੇ ਦਾ ਬਦਲੇਗਾ ਮੁਹਾਂਦਰਾ

ਕਮਲਜੀਤ ਸਿੰਘ ਬਨਵੈਤ
98147 34035



- ☛ ਭਾਰਤ ਦੀ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਅੱਜ ਤੋਂ, ਤਿੰਨ ਬਿੱਲ ਹੋਣਗੇ ਪੇਸ਼ , ਭਾਜਪਾ ਕੋਲ ਲੋਕ ਸਭਾ ਵਿੱਚ ਬਹੁਮਤ
- ☛ ਲੋਕ ਸਭਾ ਦੀਆਂ ਸੀਟਾਂ ਹੋ ਸਕਦੀਆਂ ਨੇ 543 ਤੋਂ ਵੱਧ ਕੇ 850 , ਔਰਤਾਂ ਲਈ 33 ਫ਼ੀਸਦੀ ਸੀਟਾਂ ਰਾਖਵੀਆਂ ਹੋਣਗੀਆਂ
- ☛ ਚੋਣ ਨਕਸ਼ਾ ਬਦਲਿਆ ਤਾਂ ਵਧਣਗੀਆਂ ਵਿਧਾਨ ਸਭਾ ਦੀਆਂ ਸੀਟਾਂ , ਹਲਕਿਆਂ ਦੀ ਨਵੀਂ ਹੋਵੇਗੀ ਵਾਰਡਬੰਦੀ
- ☛ ਪੰਜਾਬ ਵਿੱਚ ਵਿਧਾਨ ਸਭਾ ਦੀ 140 ਤੇ ਲੋਕ ਸਭਾ ਦੀਆਂ ਹੋਣਗੀਆਂ 18 ਸੀਟਾਂ , ਹਰਿਆਣਾ 'ਚ ਵੀ ਵਧਣਗੀਆਂ ਸੀਟਾਂ

ਮੁਲਕ ਦੀ ਪਾਰਲੀਮੈਂਟ ਅੱਜ ਤੋਂ ਫਿਰ ਤਿੰਨ ਦਿਨਾਂ ਲਈ ਜੁੜ ਰਹੀ ਹੈ। ਮਹਿਲਾਵਾਂ ਲਈ ਲੋਕ ਸਭਾ ਅਤੇ ਵਿਧਾਨ ਸਭਾ ਵਿੱਚ 33 ਫ਼ੀਸਦੀ ਸੀਟਾਂ ਰਾਖਵੀਆਂ ਕਰਨ ਤੋਂ ਪਹਿਲਾਂ ਮੁਲਕ ਦਾ ਚੋਣ ਨਕਸ਼ਾ ਬਦਲਣ ਦੀ ਤਿਆਰੀ ਸ਼ੁਰੂ ਹੋ ਗਈ ਹੈ। ਮਹਿਲਾਵਾਂ ਲਈ ਸੀਟਾਂ ਰਾਖਵੀਆਂ ਹੋ ਜਾਂਦੀਆਂ ਹਨ ਤਾਂ ਪੰਜਾਬ ਵਿਧਾਨ ਸਭਾ ਦੀਆਂ ਸੀਟਾਂ 117 ਤੋਂ ਵੱਧ ਕੇ 140 ਹੋ ਜਾਣਗੀਆਂ, ਜਦਕਿ ਲੋਕ ਸਭਾ ਸੀਟਾਂ ਦੀ ਗਿਣਤੀ 13 ਤੋਂ 18 ਹੋ ਜਾਵੇਗੀ। ਗੁਆਂਢੀ ਰਾਜ ਹਰਿਆਣਾ ਵਿੱਚ ਇਸ ਵੇਲੇ ਲੋਕ ਸਭਾ ਦੀਆਂ 10 ਸੀਟਾਂ ਹਨ ਅਤੇ ਜਿਨ੍ਹਾਂ ਨੂੰ ਵਧਾ ਕੇ 14 ਕਰਨ ਉੱਤੇ ਵਿਚਾਰ ਹੋ ਰਿਹਾ ਹੈ, ਜਦ ਕਿ ਵਿਧਾਨ ਸਭਾ ਦੀਆਂ 90 ਸੀਟਾਂ ਤੋਂ ਵੱਧ ਕੇ 126 ਹੋ ਜਾਣਗੀਆਂ।

ਤੇਰ੍ਹਵਾਂ ਸੰਵਿਧਾਨ ਸੋਧ ਬਿੱਲ ਵਿੱਚ ਲੋਕ ਸਭਾ ਦੀਆਂ ਕੁੱਲ ਸੀਟਾਂ 850 ਕਰਨ ਦਾ ਪ੍ਰਸਤਾਵ ਹੈ, ਜਦੋਂ ਕਿ ਇਸ ਵੇਲੇ ਸੀਟਾਂ ਦੀ ਗਿਣਤੀ 543 ਹੈ। ਰਾਜਾਂ ਦੀਆਂ 815 ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 35 ਤੱਕ ਸੀਟਾਂ ਹੋਣਗੀਆਂ। ਸੀਟਾਂ ਦੀ ਗਿਣਤੀ ਨੂੰ ਅੰਤਿਮ ਰੂਪ ਦੇਣ ਲਈ ਇੱਕ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।

ਸਿਆਸਤ ਨਾਲ ਜੁੜੇ ਸੂਤਰਾਂ ਮੁਤਾਬਿਕ ਲੋਕ ਸਭਾ ਸੀਟਾਂ ਦੀ ਗਿਣਤੀ 816 ਤੱਕ ਵਧਾਈ ਜਾ ਸਕਦੀ ਹੈ, ਜਿਨ੍ਹਾਂ ਵਿੱਚੋਂ 2003 ਸੀਟਾਂ ਮਹਿਲਾਵਾਂ ਲਈ ਰਾਖਵੀਆਂ ਹੋਣਗੀਆਂ। ਕਿਸ ਰਾਜ ਵਿੱਚ ਕਿੰਨੇ ਸੀਟਾਂ ਵਧਾਈਆਂ ਜਾਣਗੀਆਂ, ਇਹ ਹੱਕ ਕਮਿਸ਼ਨ ਕੋਲ ਰਾਖਵਾਂ ਰਹੇਗਾ। ਇਸ ਕਵਾਇਤ ਦੇ ਪਿੱਛੇ ਸਰਕਾਰ ਦਾ ਤਰਕ ਹੈ ਕਿ ਅਗਲੀ ਮਰਦਮਸ਼ੁਮਾਰੀ ਨੂੰ ਹਾਲੇ ਥੋੜ੍ਹਾ ਸਮਾਂ ਲੱਗ ਸਕਦਾ ਹੈ।ਹਾਲ ਦੀ ਘੜੀ ਮਹਿਲਾ ਰਾਖਵਾਂਕਰਨ 15 ਸਾਲਾਂ ਦੀ ਲਾਗੂ ਹੋਵੇਗਾ, ਜਦ ਕਿ ਇਸ ਤੋਂ ਬਾਅਦ ਵਧਾਇਆ ਵੀ ਸਕਦਾ ਹੈ। ਅਤੇ ਸੀਟਾਂ ਦੀ ਰੋਟੇਸ਼ਨ ਵੀ ਬਣਾਈ ਜਾ ਸਕਦੀ ਹੈ।

ਮੌਜੂਦਾ ਲੋਕ ਸਭਾ ਵਿੱਚ 74 ਮਹਿਲਾ ਸਾਂਸਦ ਹਨ, ਇਹ ਕੁੱਲ ਦਾ 13.6 ਫੀਸਦੀ ਬਣਦਾ ਹੈ। ਮੁਲਕ ਦੀ ਪਹਿਲੀ ਲੋਕ ਸਭਾ ਭਾਵ 1952 ਵਿੱਚ ਕੁੱਲ 24 ਮਹਿਲਾਂ ਸੰਸਦ ਹੀ ਸਨ। ਉਸ ਸਮੇਂ ਸਦਨ ਵਿੱਚ ਮਹਿਲਾਵਾਂ ਦੀ ਪ੍ਰਤੀਸ਼ਤ ਤੱਕ ਕੇਵਲ ਚਾਰ ਪੁਆਇੰਟ ਚਾਰ ਸੀ। ਇਸੇ ਤਰ੍ਹਾਂ ਮੁਲਕ ਦੀਆਂ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਦੀ ਗਿਣਤੀ ਕੇਵਲ 10 ਫ਼ੀਸਦੀ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਮਹਿਲਾ ਰਾਖਵਾਂ ਕਰਨ ਨੂੰ ਲੈ ਕੇ ਦੇਸ਼ ਦੀਆਂ ਮਹਿਲਾਵਾਂ ਦੇ ਨਾਂ ਇੱਕ ਖੱਤ ਲਿਖਿਆ ਹੈ।ਉਹਨਾਂ ਨੇ ਕਿਹਾ ਹੈ ਕਿ ਮਹਿਲਾਵਾਂ ਦਾ ਅਧਿਕਾਰ ਹੁਣ ਹੋਰ ਟਾਲਿਆ ਨਹੀਂ ਜਾ ਸਕਦਾ ਅਤੇ 129 ਦੀਆਂ ਚੋਣਾਂ ਵਿੱਚ ਇਸ ਨੂੰ ਲਾਗੂ ਕੀਤਾ ਜਾਵੇਗਾ।ਸਾਰੀਆਂ ਵਿਰੋਧੀ ਧਿਰਾਂ ਨੂੰ ਵੀ ਬਿੱਲ ਦਾ ਸਮੱਰਥਨ ਕਰਨ ਦੀ ਅਪੀਲ ਕੀਤੀ ਗਈ ਹੈ।


ਕੇਂਦਰ ਸਰਕਾਰ 2029 ਵਿੱਚ ਲੋਕ ਸਭਾ ਚੋਣਾਂ ਤੱਕ ਸੰਸਦ ਅਤੇ ਵਿਧਾਨ ਸਭਾ ਵਿੱਚ 33 ਫ਼ੀਸਦੀ ਰਾਖਵਾਂਕਰਨ ਕਰਨ ਮਹਿਲਾਵਾਂ ਲਈ ਲਾਗੂ ਕਰਨ ਦੀ ਤਿਆਰੀ ਵਿੱਚ ਹੈ।ਦੂਜੇ ਬੰਨੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਸਰਕਾਰ ਜਿੰਨੇ ਮਰਜ਼ੀ ਦਾਅਵੇ ਕਰਦੀ, ਪਰ ਇਹ 2024 ਤੋਂ ਪਹਿਲਾਂ ਸੰਭਵ ਨਹੀਂ ਹੈ। ਸਰਕਾਰ ਕਾਹਲੀ ਵਿੱਚ ਹੈ ਇਸ ਕਰਕੇ ਹੀ ਤਿੰਨ ਦਿਨਾਂ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾ ਰਿਹਾ ਹੈ।

ਮੌਜੂਦਾ ਸੀਟਾਂ 55 ਸਾਲ ਪਹਿਲਾਂ ਮਰਦਮਸ਼ੁਮਾਰੀ ਨੂੰ ਸਾਹਮਣੇ ਰੱਖ ਕੇ ਮੁਕਟ ਕੀਤੀਆਂ ਗਈਆਂ ਸਨ।ਪਿਛਲੇ ਪੰਜ ਦਹਾਕਿਆਂ ਦੌਰਾਨ ਜਨਸੰਖਿਆ ਸ਼ਹਿਰੀਕਰਨ ਅਤੇ ਹੋਰ ਕਈ ਕਾਰਨਾਂ ਕਰਕੇ ਸੰਤੁਲਨ ਵਿਗੜਿਆ ਹੈ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸੀਟਾਂ ਵਿੱਚ ਵਾਧਾ ਕਰਨ ਦੀ ਲੋੜ ਹੈ ਤਾਂ ਕਿ ਪੁਰਸ਼ਾਂ ਦੀਆਂ ਸੀਟਾਂ ਵਿੱਚ ਵੱਡੀ ਕਟੌਤੀ ਕਰਨ ਬਗੈਰ ਹੀ ਮਹਿਲਾਵਾਂ ਨੂੰ ਬਣਦੀ ਥਾਂ ਮਿਲ ਸਕੇ।

ਸੰਵਿਧਾਨ ਸੋਧ ਬਿੱਲ ਪਾਸ ਕਰਨ ਲਈ ਲੋਕ ਸਭਾ ਵਿੱਚ ਸਰਕਾਰ ਨੂੰ ਬਹੁਮਤ ਦੀ ਲੋੜ ਹੈ, ਭਾਵ ਇਹ ਕਿ 50 ਫੀਸਦੀ ਤੋਂ ਵੱਧ ਲੋਕ ਸਭਾ ਦੇ ਮੈਂਬਰ ਸਰਕਾਰ ਦੇ ਹੱਕ ਵਿੱਚ ਭੁਗਤਣੇ ਚਾਹੀਦੇ ਹਨ। ਭਾਰਤੀ ਜਨਤਾ ਪਾਰਟੀ ਗੱਠਜੋੜ ਕੋਲ 292 ਮੈਂਬਰ ਹਨ, ਜਦੋਂ ਕਿ ਬਿੱਲ ਪਾਸ ਕਰਨ ਲਈ 272 ਦੀ ਲੋੜ ਹੈ।

ਇਸੇ ਦੌਰਾਨ ਪੰਜਾਬ ਵਿੱਚ ਵਿਧਾਨ ਸਭਾ ਦੀਆਂ ਅਗਲੇ ਚੋਣਾਂ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ। ਪਾਰਲੀਮੈਂਟ ਵਿੱਚ ਪਾਸ ਕੀਤਾ ਜਾਣ ਵਾਲਾ ਬਿੱਲ ਕਾਨੂੰਨ ਬਣ ਜਾਂਦਾ ਹੈ ਤਾਂ ਪੰਜਾਬ ਵਿਧਾਨ ਸਭਾ ਦੀਆਂ ਸੀਟਾਂ ਵਿੱਚ ਵੱਡਾ ਬਦਲਾ ਦੇਖਣ ਨੂੰ ਮਿਲ ਸਕਦਾ ਹੈ। ਜਿਸ ਦੇ ਚੱਲਦਿਆਂ ਸਿਆਸੀ ਪਾਰਟੀਆਂ ਨੂੰ ਹੋਰ ਸਖ਼ਤ ਮਿਹਨਤ ਕਰਨੀ ਪੈ ਸਕਦੀ ਹੈ। ਸੰਭਾਵਨਾ ਦੱਸੀ ਜਾ ਰਹੀ ਹੈ ਕਿ ਵਿਧਾਨ ਸਭਾ ਦੀਆਂ ਸੀਟਾਂ 117 ਤੋਂ ਵਧਾ ਕੇ 140 ਹੋ ਸਕਦੀਆਂ ਹਨ। ਇਸ ਦਾ ਮਤਲਬ ਇਹ ਵੀ ਹੋਇਆ ਕਿ ਆਬਾਦੀ ਦੇ ਹਿਸਾਬ ਨਾਲ ਵਿਧਾਨ ਸਭਾ ਦਾ ਸੀਟਾਂ ਦਾ ਖੇਤਰ ਵੀ ਛੋਟਾ ਵੱਡਾ ਹੋ ਸਕਦਾ ਹੈ। ਲੋਕ ਸਭਾ ਦੀਆਂ ਇਸ ਵੇਲੇ 13 ਸੀਟਾਂ ਹਨ ਜਦੋਂ ਕਿ ਵੱਧ ਕੇ 18 ਤੱਕ ਪਹੁੰਚਣ ਦਾ ਅੰਦਾਜ਼ਾ ਹੈ।

ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਮਹਿਲਾਵਾਂ ਦੇ ਹੱਕ ਵਿੱਚ ਵੱਡਾ ਫੈਸਲਾ ਲੈ ਕੇ ਆਪਣਾ ਵੋਟ ਬੈਂਕ ਪੱਕਾ ਕਰਨ ਦੀ ਮਜਬੂਤ ਚਾਲ ਚੱਲ ਰਹੀ ਹੈ।ਬਿਨਾਂ ਸ਼ੱਕ ਭਾਰਤੀ ਜਨਤਾ ਪਾਰਟੀ ਨੂੰ ਇਸ ਦਾ ਲਾਭ ਪੁੱਜੇਗਾ। ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਰਿਉੜੀਆਂ ਵੰਡਣ ਵੇਲੇ ਵੀ ਮਹਿਲਾਵਾਂ ਨੂੰ ਅੱਗੇ ਰੱਖਿਆ ਜਾ ਰਿਹਾ ਹੈ। ਮਹਿਲਾਵਾਂ ਨੂੰ ਹੋਰ ਤਾਕਤ ਦੇਣ ਦੇ ਨਾਂ ਉੱਤੇ ਭਰਮਾਇਆ ਜਾ ਰਿਹਾ ਹੈ। ਮਹਿਲਾਵਾਂ ਲਈ ਸਰਕਾਰ ਵਿੱਚ 33 ਫ਼ੀਸਦੀ ਰਾਖਵਾਂਕਰਨ ਦਾ ਫੈਸਲਾ ਸਵਾਗਤਯੋਗ ਹੈ। ਪਰ ਹੁਣ ਤੱਕ ਕਿੰਨੀਆਂ ਕੁ ਮਹਿਲਾ ਸਰਪੰਚਾਂ, ਮਹਿਲਾ ਵਿਧਾਇਕਾਂ ਤੇ ਮਹਿਲਾ ਵਜ਼ੀਰਾਂ ਨੂੰ ਉਹਨਾਂ ਦੇ ਪਤੀ ਆਪਣੀ ਤਾਕਤ ਦੇ ਹੱਕ ਦੀ ਵਰਤੋਂ ਕਰਨ ਦਾ ਅਧਿਕਾਰ ਦਿੰਦੇ ਹਨ। ਸਰਪੰਚਣੀ ਦੀ ਮੋਹਰ ਦੇ ਪਤੀ ਦੇ ਖੀਸੇ ਵਿੱਚ ਹੁੰਦੀ ਹੈ, ਜਦ ਕਿ ਮਹਿਲਾ ਵਜ਼ੀਰਾਂ ਦੀ ਕੁਰਸੀ ਉਹਨਾਂ ਦੇ ਪਤੀ ਜਾਂ ਬਾਪ ਮੱਲ ਲੈਂਦੇ ਹਨ। ਔਰਤ ਦੀ ਆਜ਼ਾਦੀ ਘਰੋਂ ਸ਼ੁਰੂ ਹੋਣੀ ਚਾਹੀਦੀ ਹੈ, ਤਦ ਹੀ ਉਹ ਆਪਣੇ ਸਮਾਜ, ਹਲਕੇ ਅਤੇ ਮੁਲਕ ਵਿੱਚ ਖੁੱਲ੍ਹ ਕੇ ਵਿਚਰ ਸਕੇਗੀ।



ਵਿੰਕਲਜੀਤ ਸਿੰਘ ਸਰਾ
9501477889

### ਭਾਰਤੀ ਸੰਸਦੀ ਪ੍ਰਣਾਲੀ ਦਾ ਨਵਾਂ ਮਹਾਂ-ਅਧਿਆਏ

# ਲੋਕ ਸਭਾ ਦਾ ਵਿਸਤਾਰ, ਸੀਟਾਂ ਦੀ ਮੁੜ-ਵੰਡ ਅਤੇ ਲੋਕਤੰਤਰੀ ਚੁਣੌਤੀਆਂ

**ਭਾਰਤੀ ਲੋਕਤੰਤਰ ਦੀ ਨਵੀਂ ਇਬਾਰਤ** : ਭਾਰਤ, ਜਿਸ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਅਤੇ ਜੀਵੰਤ ਲੋਕਤੰਤਰ ਵਜੋਂ ਜਾਣਿਆ ਜਾਂਦਾ ਹੈ, ਅੱਜ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਇਸ ਦੇ ਸੰਸਦੀ ਢਾਂਚੇ ਵਿੱਚ ਬੁਨਿਆਦੀ ਤਬਦੀਲੀਆਂ ਦੀ ਤਿਆਰੀ ਕੀਤੀ ਜਾ ਰਹੀ ਹੈ। ਸਾਲ 2026 ਭਾਰਤੀ ਸਿਆਸਤ ਵਿੱਚ ਇੱਕ ਇਤਿਹਾਸਕ ਸਾਲ ਵਜੋਂ ਦਰਜ ਹੋਣ ਜਾ ਰਿਹਾ ਹੈ, ਕਿਉਂਕਿ ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਗਏ ਨਵੇਂ ਬਿੱਲ ਖ਼ਾਸ ਕਰਕੇ ਸੰਵਿਧਾਨ (131ਵਾਂ ਸੋਧ) ਬਿੱਲ ਲੋਕ ਸਭਾ ਦੀਆਂ ਸੀਟਾਂ ਦੀ ਗਿਣਤੀ ਨੂੰ ਮੌਜੂਦਾ 543 ਤੋਂ ਵਧਾ ਕੇ 850 ਕਰਨ ਦੀ ਤਜਵੀਜ਼ ਰੱਖਦੇ ਹਨ। ਇਹ ਸਿਰਫ਼ ਅੰਕੜਿਆਂ ਦਾ ਵਾਧਾ ਨਹੀਂ ਹੈ, ਸਗੋਂ ਇਹ ਭਾਰਤ ਦੇ ਸੰਘੀ ਢਾਂਚੇ, ਰਾਜਨੀਤਿਕ ਪ੍ਰਤੀਨਿਧਤਾ ਅਤੇ ਆਬਾਦੀ ਦੇ ਅਧਾਰ 'ਤੇ ਤਾਕਤ ਦੇ ਬਟਵਾਰੇ ਨੂੰ ਮੁੜ ਪਰਿਭਾਸ਼ਿਤ ਕਰਨ ਦੀ ਇੱਕ ਕੋਸ਼ਿਸ਼ ਹੈ।

ਲੋਕ ਸਭਾ ਦੀਆਂ ਸੀਟਾਂ ਦੀ ਗਿਣਤੀ ਪਿਛਲੇ ਪੰਜ ਦਹਾਕਿਆਂ ਤੋਂ ਲੱਗਭੱਗ ਸਥਿਰ ਰਹੀ ਹੈ।1971 ਦੀ ਜਨਗਣਨਾ ਤੋਂ ਬਾਅਦ ਰਾਜਾਂ ਵਿਚਕਾਰ ਸੀਟਾਂ ਦੀ ਵੰਡ ਨੂੰ ਇਸ ਡਰੋਂ ਫ੍ਰੀਜ਼ ਕਰ ਦਿੱਤਾ ਗਿਆ ਸੀ, ਕਿ ਜਿਨ੍ਹਾਂ ਰਾਜਾਂ ਨੇ ਆਬਾਦੀ ਨਿਯੰਤਰਣ ਵਿੱਚ ਵਧੀਆ ਕੰਮ ਕੀਤਾ ਹੈ ਉਨ੍ਹਾਂ ਦੀ ਰਾਜਨੀਤਿਕ ਤਾਕਤ ਘੱਟ ਨਾ ਹੋ ਜਾਵੇ। ਪਰ ਹੁਣ ਜਦੋਂ ਭਾਰਤ ਦੀ ਆਬਾਦੀ 1.4 ਬਿਲੀਅਨ (140 ਕਰੋੜ) ਨੂੰ ਪਾਰ ਕਰ ਚੁੱਕੀ ਹੈ, ਇੱਕ ਸੰਸਦ ਮੈਂਬਰ ਲਈ 25 ਤੋਂ 30 ਲੱਖ ਲੋਕਾਂ ਦੀ ਨੁਮਾਇੰਦਗੀ ਕਰਨਾਦ ਪ੍ਰਸ਼ਾਸਨਿਕ ਅਤੇ ਲੋਕਤੰਤਰੀ ਤੌਰ 'ਤੇ ਅਸੰਭਵ ਹੁੰਦਾ ਜਾ ਰਿਹਾ ਹੈ। ਇਸੇ ਲਈ ਇਹ ਨਵੀਂ ਪਹਿਲਕਦਮੀ ਇੱਕ ਵੋਟ, ਇੱਕ ਮੁੱਲ ਦੇ ਸਿਧਾਂਤ ਨੂੰ ਮੁੜ ਸੁਰਜੀਤ ਕਰਨ ਦੀ ਕੋਸ਼ਿਸ਼ ਵਜੋਂ ਦੇਖੀ ਜਾ ਰਹੀ ਹੈ।

**ਸੰਵਿਧਾਨਕ ਸੁਧਾਰ ਅਤੇ ਨਵੇਂ ਪੇਸ਼ ਕੀਤੇ ਗਏ 3 ਮੁੱਖ ਬਿੱਲ** : ਸੰਸਦ ਵਿੱਚ ਪੇਸ਼ ਕੀਤੇ ਗਏ ਤਿੰਨ ਬਿੱਲ ਭਵਿੱਖ ਦੀ ਸਿਆਸਤ ਦੀ ਨੀਂਹ ਰੱਖਣਗੇ। ਇਨ੍ਹਾਂ ਬਿੱਲਾਂ ਦਾ ਸੁਮੇਲ ਇਹ ਤੈਅ ਕਰੇਗਾ ਕਿ 2029 ਦੀਆਂ ਆਮ ਚੋਣਾਂ ਵਿੱਚ ਭਾਰਤ ਦਾ ਚੋਣ ਨਕਸ਼ਾ ਕਿਹੋ ਜਿਹਾ ਹੋਵੇਗਾ।

**1. ਸੰਵਿਧਾਨ (131ਵਾਂ ਸੋਧ) ਬਿੱਲ, 2026**: ਇਹ ਬਿੱਲ ਸੰਵਿਧਾਨ ਦੀ ਉਸ ਸੀਮਾ ਨੂੰ ਹਟਾਉਣ ਲਈ ਲਿਆਂਦਾ ਗਿਆ ਹੈ, ਜਿਸ ਨੇ ਲੋਕ ਸਭਾ ਦੀਆਂ ਸੀਟਾਂ ਦੀ ਸੰਖਿਆ ਨੂੰ ਬੰਨ੍ਹਿਆ ਹੋਇਆ ਸੀ। ਨਵੀਂ ਸੰਸਦ ਭਵਨ ਦੀ ਇਮਾਰਤ ਜਿਸ ਵਿੱਚ 888 ਮੈਂਬਰਾਂ ਦੇ ਬੈਠਣ ਦੀ ਸਮਰੱਥਾ ਹੈ ਪਹਿਲਾਂ ਹੀ ਇਸ ਵਿਸਤਾਰ ਦਾ ਸੰਕੇਤ ਦੇ ਚੁੱਕੀ ਸੀ। ਇਸ ਬਿੱਲ ਰਾਹੀਂ ਲੋਕ ਸਭਾ ਨੂੰ ਵਧੇਰੇ ਸਮਾਵੇਸ਼ੀ ਬਣਾਉਣ ਦੀ ਯੋਜਨਾ ਹੈ।

**2. ਡੀਲਿਮਿਟੇਸ਼ਨ (ਸੀਮਾਵੰਡ) ਬਿੱਲ**: ਡੀਲਿਮਿਟੇਸ਼ਨ ਦਾ ਅਰਥ ਹੈ ਚੋਣ ਹਲਕਿਆਂ ਦੀਆਂ ਹੱਦਾਂ ਨੂੰ ਮੁੜ ਤੋਂ ਨਿਰਧਾਰਿਤ ਕਰਨਾ। ਇਹ ਬਿੱਲ ਤੈਅ ਕਰੇਗਾ ਕਿ ਕਿਸੇ ਰਾਜ ਵਿੱਚ ਕਿੰਨੀਆਂ ਸੀਟਾਂ ਵਧਣਗੀਆਂ ਅਤੇ ਉਨ੍ਹਾਂ ਦੇ ਭੂਗੋਲਿਕ ਘੇਰੇ ਕੀ ਹੋਣਗੇ। ਅਖ਼ਬਾਰੀ ਰਿਪੋਰਟਾਂ ਅਨੁਸਾਰ ਇਹ ਵੰਡ 2011 ਦੀ ਜਨਗਣਨਾ ਦੇ ਅਧਾਰ 'ਤੇ ਕੀਤੀ ਜਾ ਸਕਦੀ ਹੈ ਕਿਉਂਕਿ 2021 ਦੀ ਜਨਗਣਨਾ ਕੋਵਿਡ ਅਤੇ ਹੋਰ ਕਾਰਨਾਂ ਕਰਕੇ ਦੇਰੀ ਦਾ ਸ਼ਿਕਾਰ ਰਹੀ ਹੈ।

**3. ਮਹਿਲਾ ਰਿਜ਼ਰਵੇਸ਼ਨ ਦੇ ਲਾਗੂਕਰਨ ਦਾ ਮਾਰਗ**: ਸਰਕਾਰ ਨੇ ਪਹਿਲਾਂ ਹੀ ਮਹਿਲਾ ਰਿਜ਼ਰਵੇਸ਼ਨ ਬਿੱਲ ਪਾਸ ਕਰ ਦਿੱਤਾ ਹੈ ਪਰ ਇਸ ਦੇ ਲਾਗੂ ਹੋਣ ਦੀ ਸ਼ਰਤ ਡੀਲਿਮਿਟੇਸ਼ਨ ਨਾਲ ਜੁੜੀ ਹੋਈ ਹੈ। ਜਦੋਂ ਤੱਕ ਸੀਟਾਂ ਦੀ ਗਿਣਤੀ ਨਹੀਂ ਵਧਦੀ ਉਦੋਂ ਤੱਕ ਮੌਜੂਦਾ ਮੈਂਬਰਾਂ ਦੀਆਂ ਸੀਟਾਂ ਨੂੰ ਰਾਖਵਾਂ ਕਰਨਾ ਸਿਆਸੀ ਤੌਰ 'ਤੇ ਚੁਣੌਤੀਪੂਰਨ ਸੀ। ਸੀਟਾਂ ਵਧਣ ਨਾਲ ਪੁਰਸ਼ ਮੈਂਬਰਾਂ ਦੇ ਹਿੱਤਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਔਰਤਾਂ ਨੂੰ 33% ਹਿੱਸੇਦਾਰੀ ਦੇਣੀ ਸੌਖੀ ਹੋ ਜਾਵੇਗੀ।

**ਉੱਤਰੀ ਭਾਰਤ 'ਤੇ ਪ੍ਰਭਾਵ; ਪੰਜਾਬ, ਹਰਿਆਣਾ ਅਤੇ ਗੁਆਂਢੀ ਰਾਜ** : ਇਸ ਪ੍ਰਸਤਾਵ ਦਾ ਸਭ ਤੋਂ ਵੱਧ ਪ੍ਰਭਾਵ ਉੱਤਰੀ ਭਾਰਤ ਦੇ ਰਾਜਾਂ 'ਤੇ ਪੈਣ ਦੀ ਉਮੀਦ ਹੈ। ਇੱਥੇ ਆਬਾਦੀ ਦੇ ਵਾਧੇ ਦੀ ਦਰ ਦੱਖਣੀ ਰਾਜਾਂ ਦੇ ਮੁਕਾਬਲੇ ਜ਼ਿਆਦਾ ਰਹੀ ਹੈ ਜਿਸ ਕਾਰਨ ਇਨ੍ਹਾਂ ਰਾਜਾਂ ਨੂੰ ਨਵੀਂ ਵੰਡ ਵਿੱਚ ਵੱਡਾ ਫਾਇਦਾ ਮਿਲ ਸਕਦਾ ਹੈ।

**ਪੰਜਾਬ ਦਾ ਨਵਾਂ ਸਿਆਸੀ ਕੱਦ**: ਪੰਜਾਬ, ਜਿਸ ਦੀਆਂ ਇਸ ਵੇਲੇ 13 ਲੋਕ ਸਭਾ ਸੀਟਾਂ ਹਨ, ਨਵੀਂ ਵੰਡ ਤੋਂ ਬਾਅਦ 19 ਸੀਟਾਂ ਵਾਲਾ ਰਾਜ ਬਣ ਸਕਦਾ ਹੈ। ਇਹ ਵਾਧਾ ਪੰਜਾਬ ਨੂੰ ਕੇਂਦਰੀ ਰਾਜਨੀਤੀ ਵਿੱਚ ਵਧੇਰੇ ਮਜ਼ਬੂਤ ਬਣਾਏਗਾ। ਇਸ ਨਾਲ ਪੰਜਾਬ ਦੇ ਸਰਹੱਦੀ ਖੇਤਰਾਂ, ਮਾਲਵਾ, ਮਾਝਾ ਅਤੇ ਦੋਆਬਾ ਵਿੱਚ ਨਵੇਂ ਚੋਣ ਹਲਕੇ ਬਣਨਗੇ, ਜਿਸ ਨਾਲ ਲੋਕਾਂ ਤੱਕ ਸਰਕਾਰੀ ਨੀਤੀਆਂ ਦੀ ਪਹੁੰਚ ਬਿਹਤਰ ਹੋਵੇਗੀ। ਇੱਕ ਸੰਸਦ ਮੈਂਬਰ ਲਈ ਛੋਟੇ ਹਲਕੇ ਦੀ ਸੇਵਾ ਕਰਨਾ ਸੌਖਾ ਹੋਵੇਗਾ।

**ਹਰਿਆਣਾ ਵਿੱਚ ਵੱਡੀ ਤਬਦੀਲੀ**: ਹਰਿਆਣਾ ਵਿੱਚ ਸਭ ਤੋਂ ਹੈਰਾਨੀਜਨਕ ਵਾਧਾ ਦੇਖਣ ਨੂੰ ਮਿਲ ਸਕਦਾ ਹੈ। ਮੌਜੂਦਾ 10 ਸੀਟਾਂ ਤੋਂ ਵੱਧ ਕੇ ਇਹ ਅੰਕੜਾ 18 ਤੱਕ ਪਹੁੰਚਣ ਦੀ ਸੰਭਾਵਨਾ ਹੈ। ਹਰਿਆਣਾ ਦੀ ਤੇਜ਼ੀ ਨਾਲ ਵਧਦੀ ਆਬਾਦੀ ਅਤੇ ਦਿੱਲੀ ਦੇ ਨੇੜਲੇ ਇਲਾਕਿਆਂ (NCR) ਵਿੱਚ ਸ਼ਹਿਰੀਕਰਨ ਕਾਰਨ ਇਹ ਵਾਧਾ ਲਾਜ਼ਮੀ ਮੰਨਿਆ ਜਾ ਰਿਹਾ ਹੈ।

**ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼**: **ਜੰਮੂ**-ਕਸ਼ਮੀਰ ਦੀਆਂ 5 ਸੀਟਾਂ ਵੱਧ ਕੇ 9 ਅਤੇ ਹਿਮਾਚਲ ਦੀਆਂ 4 ਸੀਟਾਂ ਵੱਧ ਕੇ 5 ਹੋ ਸਕਦੀਆਂ ਹਨ। ਇਹ ਵਾਧਾ ਪਹਾੜੀ ਖੇਤਰਾਂ ਦੀਆਂ ਵਿਲੱਖਣ ਸਮੱਸਿਆਵਾਂ ਨੂੰ ਸੰਸਦ ਵਿੱਚ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣ ਵਿੱਚ ਮੱਦਦਗਾਰ ਸਾਬਤ ਹੋਵੇਗਾ।

**ਸੀਟਾਂ ਦੀ ਵੰਡ ਦੇ ਦੋ ਮਾਡਲ; ਤਰਕ ਅਤੇ ਵਿਵਾਦ** : ਇਸ ਵੇਲੇ ਦੋ ਪ੍ਰਮੁੱਖ ਵਿਚਾਰਧਾਰਾਵਾਂ ਕੰਮ ਕਰ ਰਹੀਆਂ ਹਨ, ਆਬਾਦੀ ਅਧਾਰਿਤ ਡੀਲਿਮਿਟੇਸ਼ਨ ਅਤੇ ਅਨੁਪਾਤਕ ਪ੍ਰਤੀਨਿਧਤਾ (Proportional Representation)। **ਆਬਾਦੀ ਅਧਾਰਿਤ ਮਾਡਲ (The Population Argument)**: ਇਸ ਮਾਡਲ ਦਾ ਅਧਾਰ ਬਰਾਬਰ ਪ੍ਰਤੀਨਿਧਤਾ ਹੈ। ਜੇਕਰ ਦੇਸ਼ ਦੀ ਕੁੱਲ ਆਬਾਦੀ (2011 ਦੇ ਅੰਕੜਿਆਂ ਅਨੁਸਾਰ ਲੱਗਭੱਗ 121 ਕਰੋੜ) ਨੂੰ 850 ਸੀਟਾਂ ਨਾਲ ਵੰਡਿਆ ਜਾਵੇ ਤਾਂ ਹਰ 14 ਲੱਖ ਲੋਕਾਂ 'ਤੇ ਇੱਕ ਸੰਸਦ ਮੈਂਬਰ ਹੋਣਾ ਚਾਹੀਦਾ ਹੈ। ਤਰਕ: ਲੋਕਤੰਤਰ ਵਿੱਚ ਹਰ ਨਾਗਰਿਕ ਦੀ ਵੋਟ ਦਾ ਮੁੱਲ ਬਰਾਬਰ ਹੋਣਾ ਚਾਹੀਦਾ ਹੈ। ਅੱਜ ਯੂਪੀ ਦੇ ਇੱਕ ਸੰਸਦ ਮੈਂਬਰ ਹੇਠ 30 ਲੱਖ ਲੋਕ ਹਨ, ਜਦਕਿ ਕੁਝ ਛੋਟੇ ਰਾਜਾਂ ਵਿੱਚ ਇਹ ਸੰਖਿਆ ਬਹੁਤ ਘੱਟ ਹੈ। ਇਹ ਅਸਮਾਨਤਾ ਲੋਕਤੰਤਰ ਦੇ ਖ਼ਿਲਾਫ਼ ਹੈ। ਪ੍ਰਭਾਵ: ਇਸ ਮਾਡਲ ਨਾਲ ਉੱਤਰ ਪ੍ਰਦੇਸ਼ ਦੀਆਂ ਸੀਟਾਂ 80 ਤੋਂ ਵਧ ਕੇ 143 ਤੱਕ ਜਾ ਸਕਦੀਆਂ ਹਨ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਬਿਹਾਰ ਨੂੰ ਵੀ ਵੱਡਾ ਲਾਭ ਹੋਵੇਗਾ।

**ਅਨੁਪਾਤਕ ਪ੍ਰਤੀਨਿਧਤਾ (The Proportional Argument)**: ਵਿਰੋਧੀ ਧਿਰ ਅਤੇ ਦੱਖਣੀ ਰਾਜਾਂ ਦੀ ਮੰਗ ਹੈ ਕਿ ਸੀਟਾਂ ਦਾ ਵਾਧਾ ਤਾਂ ਹੋਵੇ ਪਰ ਰਾਜਾਂ ਦਾ ਮੌਜੂਦਾ ਸ਼ੇਅਰ (Percentage Share) ਨਾ ਬਦਲੇ। **ਤਰਕ**: ਦੱਖਣੀ ਰਾਜਾਂ ਜਿਵੇਂ ਕਿ ਤਮਿਲਨਾਡੂ ਅਤੇ ਕੇਰਲ ਨੇ ਪਿਛਲੇ 50 ਸਾਲਾਂ ਵਿੱਚ ਪਰਿਵਾਰ ਨਿਯੋਜਨ ਅਤੇ ਸਿੱਖਿਆ 'ਤੇ ਬਹੁਤ ਕੰਮ ਕੀਤਾ ਹੈ। ਜੇਕਰ ਸਿਰਫ਼ ਆਬਾਦੀ ਦੇ ਅਧਾਰ 'ਤੇ ਸੀਟਾਂ ਦਿੱਤੀਆਂ ਗਈਆਂ ਤਾਂ ਇਨ੍ਹਾਂ ਰਾਜਾਂ ਦੀ ਸੰਸਦ ਵਿੱਚ ਤਾਕਤ ਘਟ ਜਾਵੇਗੀ। ਇਹ ਉਹਨਾਂ ਨੂੰ ਵਧੀਆ ਕੰਮ ਕਰਨ ਦੀ ਸਜ਼ਾ ਦੇਣ ਵਾਂਗ ਹੋਵੇਗਾ। **ਪ੍ਰਭਾਵ**: ਇਸ ਮਾਡਲ ਵਿੱਚ ਪੰਜਾਬ ਦਾ 2.4% ਹਿੱਸਾ ਬਰਕਰਾਰ ਰਹੇਗਾ ਜਿਸ ਨਾਲ ਉਸ ਨੂੰ ਲਗਭਗ 20 ਸੀਟਾਂ ਮਿਲਣਗੀਆਂ ਪਰ ਯੂਪੀ ਦਾ ਦਬਦਬਾ ਓਨਾ ਨਹੀਂ ਵਧੇਗਾ ਜਿੰਨਾ ਆਬਾਦੀ ਅਧਾਰਿਤ ਮਾਡਲ ਵਿੱਚ ਹੋਵੇਗਾ।

**ਵਿਵਹਾਰਕ ਲਾਭ; ਲੋਕਤੰਤਰ ਦੀ ਮਜ਼ਬੂਤੀ (The Pros)** : ਇਸ ਵਿਸਤਾਰ ਦੇ ਕਈ ਦੂਰਗਾਮੀ ਫਾਇਦੇ ਹਨ ਜੋ ਭਾਰਤੀ ਰਾਜਨੀਤੀ ਦੀ ਗੁਣਵੱਤਾ ਨੂੰ ਸੁਧਾਰ ਸਕਦੇ ਹਨ: **ਬਿਹਤਰ ਜਨਤਕ ਸੰਪਰਕ**: ਇੱਕ ਸੰਸਦ ਮੈਂਬਰ ਲਈ 25 ਲੱਖ ਲੋਕਾਂ ਦੇ ਦੁੱਖ-ਸੁਖ ਵਿੱਚ ਸ਼ਾਮਲ ਹੋਣਾ ਲੱਗਭੱਗ ਅਸੰਭਵ ਹੈ। ਜਦੋਂ ਸੀਟਾਂ ਵਧਣਗੀਆਂ ਅਤੇ ਹਲਕੇ ਛੋਟੇ ਹੋਣਗੇ, ਤਾਂ ਪ੍ਰਤੀਨਿਧ ਅਤੇ ਜਨਤਾ ਵਿਚਕਾਰ ਦੂਰੀ ਘਟੇਗੀ। ਖੇਤਰੀ ਮੁੱਦਿਆਂ ਨੂੰ **ਅਹਿਮੀਅਤ**: ਨਵੇਂ ਹਲਕੇ ਬਣਨ ਨਾਲ ਅਜਿਹੇ ਪਛੜੇ ਇਲਾਕੇ ਵੀ ਸਾਹਮਣੇ ਆਉਣਗੇ ਜਿਨ੍ਹਾਂ ਨੂੰ ਹੁਣ ਤੱਕ ਵੱਡੇ ਹਲਕਿਆਂ ਵਿੱਚ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਮਹਿਲਾਵਾਂ ਦੀ ਸਿਆਸੀ ਚੜ੍ਹਤ: 850 ਸੀਟਾਂ ਵਿੱਚੋਂ ਲੱਗਭੱਗ 280 ਸੀਟਾਂ ਔਰਤਾਂ ਲਈ ਰਾਖਵੀਆਂ ਹੋਣਗੀਆਂ। ਇਹ ਭਾਰਤੀ ਸੰਸਦ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਸਮਾਜਿਕ ਪਰਿਵਰਤਨ ਹੋਵੇਗਾ। ਨੌਜਵਾਨ ਲੀਡਰਸ਼ਿਪ: ਸੀਟਾਂ ਦੀ ਵੰਡ ਨਵੇਂ ਚਿਹਰਿਆਂ ਲਈ ਰਾਹ ਖੋਲ੍ਹੇਗੀ, ਜਿਸ ਨਾਲ ਰਾਜਨੀਤੀ ਵਿੱਚ ਪੀੜ੍ਹੀਗਤ ਤਬਦੀਲੀ (Generational Shift) ਆਵੇਗੀ।

**ਗੰਭੀਰ ਚੁਣੌਤੀਆਂ ਅਤੇ ਖ਼ਦਸ਼ੇ (The Cons & Risks)** : ਕਿਸੇ ਵੀ ਵੱਡੇ ਬਦਲਾਅ ਦੇ ਨਾਲ ਕੁਝ ਖ਼ਤਰੇ ਵੀ ਜੁੜੇ ਹੁੰਦੇ ਹਨ, ਜਿਨ੍ਹਾਂ 'ਤੇ ਵਿਚਾਰ ਕਰਨਾ ਜ਼ਰੂਰੀ ਹੈ: **ਸੰਘੀ ਢਾਂਚੇ 'ਤੇ ਤਣਾਅ**: ਉੱਤਰ ਅਤੇ ਦੱਖਣ ਵਿਚਕਾਰ ਸਿਆਸੀ ਪਾੜਾ ਵੱਧ ਸਕਦਾ ਹੈ। ਜੇਕਰ ਸਿਰਫ਼ 5-6 ਉੱਤਰੀ ਰਾਜ ਮਿਲ ਕੇ ਕੇਂਦਰ ਵਿੱਚ ਸਰਕਾਰ ਬਣਾਉਣ ਦੀ ਤਾਕਤ ਰੱਖਣ ਲੱਗੇ ਤਾਂ ਦੱਖਣੀ ਅਤੇ ਪੂਰਬੀ ਰਾਜਾਂ ਵਿੱਚ ਬੇਗਾਨਗੀ ਦੀ ਭਾਵਨਾ ਪੈਦਾ ਹੋ ਸਕਦੀ ਹੈ। **ਵਿੱਤੀ ਬੋਝ**: 850 ਸੰਸਦ ਮੈਂਬਰਾਂ ਦਾ ਰੱਖ-ਰਖਾਅ ਉਨ੍ਹਾਂ ਦੀਆਂ ਤਨਖਾਹਾਂ, ਪੈਨਸ਼ਨਾਂ ਅਤੇ ਹਲਕਾ ਵਿਕਾਸ ਫੰਡ (MPLAD) ਦੇਸ਼ ਦੇ ਖਜ਼ਾਨੇ 'ਤੇ ਵੱਡਾ ਬੋਝ ਪਾਉਣਗੇ।

**ਸੰਸਦੀ ਕਾਰਜਕੁਸ਼ਲਤਾ**: ਜਦੋਂ ਸਦਨ ਵਿੱਚ 850 ਮੈਂਬਰ ਹੋਣਗੇ ਤਾਂ ਕੀ ਹਰ ਮੈਂਬਰ ਨੂੰ ਬੋਲਣ ਦਾ ਸਮਾਂ ਮਿਲੇਗਾ ? ਕੀ ਸਦਨ ਵਿੱਚ ਬਹਿਸ ਦੀ ਗੁਣਵੱਤਾ ਬਰਕਰਾਰ ਰਹੇਗੀ ਜਾਂ ਇਹ ਸਿਰਫ਼ ਹੰਗਾਮੇ ਦਾ ਕੇਂਦਰ ਬਣ ਜਾਵੇਗਾ ? ਪ੍ਰਸ਼ਾਸਨਿਕ ਜਟਿਲਤਾ: ਨਵੀਆਂ ਹੱਦਾਂ ਤੈਅ ਕਰਨਾ ਇੱਕ ਬਹੁਤ ਹੀ ਸੰਵੇਦਨਸ਼ੀਲ ਕੰਮ ਹੈ। ਇਸ ਵਿੱਚ 'ਗੈਰੀਮੈਂਡਰਿੰਗ (ਸੱਤਾਧਾਰੀ ਪਾਰਟੀ ਵੱਲੋਂ ਆਪਣੇ ਫਾਇਦੇ ਲਈ ਹੱਦਾਂ ਬਦਲਣਾ) ਦੇ ਦੋਸ਼ ਲੱਗਣ ਦਾ ਡਰ ਹਮੇਸ਼ਾ ਬਣਿਆ ਰਹਿੰਦਾ ਹੈ।

**ਨਤੀਜਾ ਅਤੇ ਭਵਿੱਖ ਦੀ ਰਾਹ** : ਲੋਕ ਸਭਾ ਦਾ ਵਿਸਤਾਰ ਸਿਰਫ਼ ਇੱਕ ਸੰਵਿਧਾਨਕ ਜ਼ਰੂਰਤ ਨਹੀਂ ਸਗੋਂ 21ਵੀਂ ਸਦੀ ਦੇ ਭਾਰਤ ਦੀ ਇੱਕ ਹਕੀਕਤ ਹੈ। ਆਬਾਦੀ ਦੇ ਵਾਧੇ ਨੇ ਮੌਜੂਦਾ ਢਾਂਚੇ ਨੂੰ ਅਪ੍ਰਸੰਗਿਕ ਬਣਾ ਦਿੱਤਾ ਹੈ। ਹਾਲਾਂਕਿ, ਇਸ ਪ੍ਰਕਿਰਿਆ ਨੂੰ ਸਿਰਫ਼ ਬਹੁਮਤ ਦੇ ਜ਼ੋਰ 'ਤੇ ਨਹੀਂ ਸਗੋਂ ਰਾਸ਼ਟਰੀ ਸਹਿਮਤੀ (National Consensus) ਰਾਹੀਂ ਨੇਪਰੇ ਚਾੜ੍ਹਨਾ ਚਾਹੀਦਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੱਖਣੀ ਰਾਜਾਂ ਦੇ ਖ਼ਦਸ਼ਿਆਂ ਨੂੰ ਦੂਰ ਕਰਨ ਲਈ ਕੋਈ ਵਿਚਕਾਰਲਾ ਰਸਤਾ ਲੱਭੇ। ਹੋ ਸਕਦਾ ਹੈ ਕਿ ਲੋਕ ਸਭਾ ਵਿੱਚ ਆਬਾਦੀ ਨੂੰ ਅਧਾਰ ਬਣਾਇਆ ਜਾਵੇ, ਪਰ ਰਾਜ ਸਭਾ ਵਿੱਚ ਰਾਜਾਂ ਦੀ ਬਰਾਬਰੀ ਜਾਂ ਨਿਰਪੱਖ ਹਿੱਸੇਦਾਰੀ ਨੂੰ ਹੋਰ ਮਜ਼ਬੂਤ ਕੀਤਾ ਜਾਵੇ।

ਪੰਜਾਬ ਵਰਗੇ ਰਾਜ ਲਈ ਇਹ ਇੱਕ ਸੁਹਿਰਦ ਮੌਕਾ ਹੈ ਕਿ ਉਹ ਰਾਸ਼ਟਰੀ ਪੱਧਰ 'ਤੇ ਆਪਣੀ ਪ੍ਰਤੀਨਿਧਤਾ ਵਧਾ ਕੇ ਆਪਣੇ ਖੇਤੀਬਾੜੀ, ਆਰਥਿਕ ਅਤੇ ਸਰਹੱਦੀ ਮੁੱਦਿਆਂ ਨੂੰ ਹੋਰ ਜ਼ੋਰ-ਸ਼ੋਰ ਨਾਲ ਉਠਾ ਸਕੇ। ਅੰਤ ਵਿੱਚ, ਲੋਕਤੰਤਰ ਦੀ ਸਫਲਤਾ ਇਸ ਗੱਲ ਵਿੱਚ ਨਹੀਂ ਹੈ ਕਿ ਸੰਸਦ ਵਿੱਚ ਕਿੰਨੇ ਮੈਂਬਰ ਬੈਠਦੇ ਹਨ, ਸਗੋਂ ਇਸ ਗੱਲ ਵਿੱਚ ਹੈ ਕਿ ਉਹ ਮੈਂਬਰ ਕਿੰਨੀ ਇਮਾਨਦਾਰੀ ਨਾਲ ਆਪਣੇ ਲੋਕਾਂ ਦੀ ਆਵਾਜ਼ ਬਣਦੇ ਹਨ। ਇਹ ਤਿੰਨ ਬਿੱਲ ਭਾਰਤ ਦੇ ਨਵੇਂ ਗਣਤੰਤਰ ਦੀ ਨੀਂਹ ਰੱਖ ਸਕਦੇ ਹਨ ਬਸ਼ਰਤੇ ਇਨ੍ਹਾਂ ਨੂੰ ਰਾਜਨੀਤਿਕ ਫਾਇਦੇ ਦੀ ਬਜਾਏ ਰਾਸ਼ਟਰ ਦੇ ਵਿਆਪਕ ਹਿੱਤਾਂ ਲਈ ਵਰਤਿਆ ਜਾਵੇ।

# ਹਰੀ ਕ੍ਰਾਂਤੀ : ਵਰਦਾਨ ਜਾਂ ਸਰਾਪ

**ਡਾ. ਰਾਏ ਸਿੰਘ ਢਿੱਲੋਂ**
**(9501889375)**

ਹਰੀ ਕ੍ਰਾਂਤੀ 20ਵੀਂ ਸਦੀ ਦੇ ਮੱਧ ਵਿੱਚ ਖੇਤੀਬਾੜੀ ਦੇ ਖੇਤਰ ਵਿੱਚ ਆਇਆ ਇੱਕ ਵੱਡਾ ਅਤੇ ਇਤਿਹਾਸਕ ਬਦਲਾਅ ਸੀ। ਇਸ ਦਾ ਮੁੱਖ ਉਦੇਸ਼ ਵਧ ਰਹੀ ਆਬਾਦੀ ਲਈ ਖਾਦ ਅਨਾਜ ਦੀ ਲੋੜ ਨੂੰ ਪੂਰਾ ਕਰਨਾ ਸੀ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ 1960 ਦੇ ਦਹਾਕੇ ਵਿੱਚ ਖੁਰਾਕ ਦੀ ਭਾਰੀ ਕਮੀ ਸੀ ਅਤੇ ਦੇਸ਼ ਨੂੰ ਅਨਾਜ ਲਈ ਵਿਦੇਸ਼ਾਂ 'ਤੇ ਨਿਰਭਰ ਰਹਿਣਾ ਪੈਂਦਾ ਸੀ। ਇਸ ਸਮੱਸਿਆ ਨੂੰ ਹੱਲ ਕਰਨ ਲਈ ਹਰੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ ਗਈ। ਇਸ ਕ੍ਰਾਂਤੀ ਨਾਲ ਖੇਤੀ ਵਿੱਚ ਆਧੁਨਿਕ ਤਕਨੀਕਾਂ, ਉੱਚ ਉਪਜ ਵਾਲੀਆਂ ਕਿਸਮਾਂ ਦੇ ਬੀਜ, ਰਸਾਇਣਿਕ ਖਾਦਾਂ ਅਤੇ ਸਿੰਚਾਈ ਦੇ ਨਵੇਂ ਤਰੀਕੇ ਲਾਗੂ ਕੀਤੇ ਗਏ, ਜਿਸ ਨਾਲ ਖੇਤੀਬਾੜੀ ਦੇ ਖੇਤਰ ਵਿੱਚ ਇੱਕ ਨਵਾਂ ਯੁੱਗ ਸ਼ੁਰੂ ਹੋਇਆ।

**ਹਰੀ ਕ੍ਰਾਂਤੀ ਦਾ ਇਤਿਹਾਸ ਅਤੇ ਵਿਕਾਸ:** ਭਾਰਤ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ ਲਗਭਗ 1965-66 ਵਿੱਚ ਹੋਈ। ਇਸ ਵਿੱਚ ਵਿਗਿਆਨਕ ਤਰੀਕਿਆਂ ਦੀ ਮਦਦ ਨਾਲ ਖੇਤੀ ਦੀ ਉਤਪਾਦਕਤਾ ਨੂੰ ਵਧਾਇਆ ਗਿਆ। ਇਸ ਕ੍ਰਾਂਤੀ ਦੇ ਮੁੱਖ ਕਾਰਕ ਇਹ ਸਨ: ਉੱਚ ਉਪਜ ਵਾਲੀਆਂ ਬੀਜਾਂ ਦੀ ਖੋਜ ਅਤੇ ਵਰਤੋਂ, ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ, ਸਿੰਚਾਈ ਦੇ ਸੁਧਰੇ ਹੋਏ ਸਾਧਨ, ਖੇਤੀਬਾੜੀ ਮਸ਼ੀਨਾਂ ਦਾ ਪ੍ਰਯੋਗ • ਭਾਰਤ ਵਿੱਚ ਹਰੀ ਕ੍ਰਾਂਤੀ ਖ਼ਾਸ ਤੌਰ 'ਤੇ ਪੰਜਾਬ, ਹਰਿਆਣਾ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਸਫਲ ਰਹੀ। ਇਹ ਖੇਤਰ ਭਾਰਤ ਦਾ ਅਨਾਜ ਭੰਡਾਰ ਬਣ ਗਏ।

ਹਰੀ ਕ੍ਰਾਂਤੀ ਦੇ ਮੁੱਖ ਤੱਤ

1. ਉੱਚ ਉਪਜ ਵਾਲੀਆਂ ਕਿਸਮਾਂ ਇਹ ਬੀਜ ਵਿਸ਼ੇਸ਼ ਤੌਰ 'ਤੇ ਵੱਧੇਰੇ ਉਤਪਾਦਨ ਦੇਣ ਲਈ ਤਿਆਰ ਕੀਤੇ ਗਏ ਸਨ। ਕਣਕ ਅਤੇ ਚਾਵਲ ਦੀਆਂ ਨਵੀਆਂ ਕਿਸਮਾਂ ਨੇ ਉਤਪਾਦਨ ਵਿੱਚ ਕਾਫੀ ਵਾਧਾ ਕੀਤਾ।
2. ਰਸਾਇਣਿਕ ਖਾਦਾਂ ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ ਵਾਲੀਆਂ ਖਾਦਾਂ ਦੇ ਵਰਤੋਂ ਨਾਲ ਮਿੱਟੀ ਦੀ ਉਪਜ ਵਧਾਈ ਗਈ।
3. ਕੀਟਨਾਸ਼ਕ ਅਤੇ ਜ਼ਹਿਰ ਫਸਲਾਂ ਨੂੰ ਕੀੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਵੱਖ-ਵੱਖ ਕਿਸਮ ਦੇ ਕੀਟਨਾਸ਼ਕ ਵਰਤੇ ਗਏ।
4. ਸਿੰਚਾਈ ਦੇ ਵਧੀਆ ਪ੍ਰਬੰਧ ਨਹਿਰਾਂ, ਟਿਊਬਵੈੱਲਾਂ ਅਤੇ ਬਿਜਲੀ ਦੇ ਜ਼ਰੀਏ ਖੇਤਾਂ ਨੂੰ ਪਾਣੀ ਦੀ ਸਹੂਲਤ ਮਿਲੀ।
5. ਆਧੁਨਿਕ ਯੰਤਰ ਟ੍ਰੈਕਟਰ, ਕਾਂਬਾਈਨ ਹਾਰਵੇਸਟਰ ਅਤੇ ਹੋਰ ਮਸ਼ੀਨਾਂ ਨਾਲ ਖੇਤੀ ਦਾ ਕੰਮ ਆਸਾਨ ਅਤੇ ਤੇਜ਼ ਹੋ ਗਿਆ।

ਹਰੀ ਕ੍ਰਾਂਤੀ ਦੇ ਲਾਭ (ਵਰਦਾਨ)

1. ਖਾਦ ਅਨਾਜ ਵਿੱਚ ਬੇਹੱਦ ਵਾਧਾ ਹਰੀ ਕ੍ਰਾਂਤੀ ਨਾਲ ਕਣਕ ਅਤੇ ਚਾਵਲ ਦੀ ਉਤਪਾਦਨ ਕਈ ਗੁਣਾ ਵਧ ਗਈ। ਭਾਰਤ ਖਾਦ ਅਨਾਜ ਵਿੱਚ ਆਤਮਨਿਰਭਰ ਬਣ ਗਿਆ ਅਤੇ ਵਿਦੇਸ਼ਾਂ ਤੋਂ ਅਨਾਜ ਮੰਗਵਾਉਣ ਦੀ ਲੋੜ ਘੱਟ ਹੋ ਗਈ।
2. ਭੁੱਖਮਰੀ ਅਤੇ ਕਮੀ ਦਾ ਹੱਲ 1960 ਦੇ ਦਹਾਕੇ ਵਿੱਚ ਭੁੱਖਮਰੀ ਦਾ ਖ਼ਤਰਾ ਸੀ, ਪਰ ਹਰੀ ਕ੍ਰਾਂਤੀ ਨਾਲ ਇਹ ਸਮੱਸਿਆ ਕਾਫੀ ਹੱਦ ਤੱਕ ਖ਼ਤਮ ਹੋ ਗਈ।
3. ਕਿਸਾਨਾਂ ਦੀ ਆਮਦਨ ਵਿੱਚ ਵਾਧਾ ਉੱਚ ਉਤਪਾਦਨ ਨਾਲ ਕਿਸਾਨਾਂ ਨੂੰ ਵਧੀਆ ਮੁਨਾਫਾ ਹੋਇਆ, ਜਿਸ ਨਾਲ ਉਹਨਾਂ ਦੀ ਆਰਥਿਕ ਹਾਲਤ ਸੁਧਰੀ।
4. **ਰੋਜ਼ਗਾਰ ਦੇ ਮੌਕੇ** ਖੇਤੀ ਨਾਲ ਜੁੜੇ ਹੋਰ ਉਦਯੋਗਾਂ ਵਿੱਚ ਵੀ ਰੋਜ਼ਗਾਰ ਵਧਿਆ, ਜਿਵੇਂ ਕਿ ਖਾਦ ਉਦਯੋਗ, ਮਸ਼ੀਨਰੀ ਆਦਿ।
5. **ਦੇਸ਼ ਦੀ ਅਰਥਵਿਵਸਥਾ ਨੂੰ ਮਜ਼ਬੂਤੀ** ਖੇਤੀਬਾੜੀ ਦੇ ਵਿਕਾਸ ਨਾਲ ਦੇਸ਼ ਦੀ ਅਰਥਵਿਵਸਥਾ ਨੂੰ ਵੀ ਮਜ਼ਬੂਤੀ ਮਿਲੀ

ਹਰੀ ਕ੍ਰਾਂਤੀ ਦੇ ਨੁਕਸਾਨ (ਸਰਾਪ)

1. ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਘਾਟ ਰਸਾਇਣਿਕ ਖਾਦਾਂ ਦੇ ਅਧਿਕ ਵਰਤੋਂ ਨਾਲ ਮਿੱਟੀ ਦੀ ਕੁਦਰਤੀ ਉਪਜਾਊ ਸ਼ਕਤੀ ਘਟ ਗਈ ਹੈ।
2. ਭੂ-ਜਲ ਦਾ ਘਟਣਾ ਟਿਊਬਵੈੱਲਾਂ ਰਾਹੀਂ ਪਾਣੀ ਦੀ ਬੇਹੱਦ ਖਪਤ ਨਾਲ ਭੂ-ਜਲ ਦਾ ਪੱਧਰ ਕਾਫੀ ਹੱਦ ਤੱਕ ਘਟ ਗਿਆ ਹੈ, ਖ਼ਾਸ ਕਰਕੇ ਪੰਜਾਬ ਵਿੱਚ।
3. ਵਾਤਾਵਰਣ ਪ੍ਰਦੂਸ਼ਣ ਕੀਟਨਾਸ਼ਕਾਂ ਅਤੇ ਰਸਾਇਣਿਕ ਖਾਦਾਂ ਨਾਲ ਮਿੱਟੀ, ਪਾਣੀ ਅਤੇ ਹਵਾ ਪ੍ਰਦੂਸ਼ਿਤ ਹੋ ਗਏ ਹਨ।
4. ਫਸਲਾਂ ਦੀ ਵੰਨ-ਸੁਵੰਨਤਾ ਵਿੱਚ ਘਾਟ ਕਿਸਾਨਾਂ ਨੇ ਮੁੱਖ ਤੌਰ 'ਤੇ ਕਣਕ ਅਤੇ ਚਾਵਲ ਦੀ ਖੇਤੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਨਾਲ ਹੋਰ ਫਸਲਾਂ ਦੀ ਉਤਪਾਦਨ ਘਟ ਗਈ।
5. ਛੋਟੇ ਕਿਸਾਨਾਂ 'ਤੇ ਅਸਰ ਮਹਿੰਗੀਆਂ ਤਕਨੀਕਾਂ ਅਤੇ ਮਸ਼ੀਨਾਂ ਕਾਰਨ ਛੋਟੇ ਅਤੇ ਗਰੀਬ ਕਿਸਾਨਾਂ ਲਈ ਖੇਤੀ ਕਰਨਾ ਮੁਸ਼ਕਲ ਹੋ ਗਿਆ।
6. ਸਿਹਤ 'ਤੇ ਪ੍ਰਭਾਵ ਜ਼ਿਆਦਾ ਕੀਟਨਾਸ਼ਕਾਂ ਦੇ ਵਰਤੋਂ ਨਾਲ ਮਨੁੱਖੀ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਿਆ ਹੈ ਅਤੇ ਕਈ ਬਿਮਾਰੀਆਂ ਵਿੱਚ ਵਾਧਾ ਹੋਇਆ ਹੈ। ਪੰਜਾਬ ਵਿੱਚ ਹਰੀ ਕ੍ਰਾਂਤੀ ਦਾ ਪ੍ਰਭਾਵ ਪੰਜਾਬ ਹਰੀ ਕ੍ਰਾਂਤੀ ਦਾ ਕੇਂਦਰ ਰਿਹਾ ਹੈ। ਇੱਥੇ ਖੇਤੀਬਾੜੀ ਵਿੱਚ ਬੇਹੱਦ ਵਿਕਾਸ ਹੋਇਆ, ਪਰ ਨਾਲ ਹੀ ਕੁਝ ਗੰਭੀਰ ਸਮੱਸਿਆਵਾਂ ਵੀ ਉਭਰੀਆਂ: ਭੂ-ਜਲ ਦਾ ਤੇਜ਼ੀ ਨਾਲ ਘਟਣਾ, ਮਿੱਟੀ ਦੀ ਗੁਣਵੱਤਾ ਵਿੱਚ ਕਮੀ, ਰਸਾਇਣਿਕ ਪ੍ਰਦੂਸ਼ਣ ਵਿੱਚ ਵਾਧਾ, ਸਿਹਤ ਸੰਬੰਧੀ ਸਮੱਸਿਆਵਾਂ ਇਸ ਲਈ ਹੁਣ ਪੰਜਾਬ ਵਿੱਚ ਟਿਕਾਊ ਖੇਤੀਬਾੜੀ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਹੱਲ ਅਤੇ ਭਵਿੱਖ ਦੀ ਦਿਸ਼ਾ - ਜੈਵਿਕ ਖੇਤੀ ਨੂੰ ਪ੍ਰੋਤਸਾਹਨ, ਪਾਣੀ ਦੀ ਬਚਤ ਲਈ ਨਵੀਆਂ ਤਕਨੀਕਾਂ (ਡ੍ਰਿਪ ਇਰੀਗੇਸ਼ਨ), ਫਸਲਾਂ ਦੀ ਵੰਨਸੁਵੰਨਤਾ ਨੂੰ ਵਧਾਉਣਾ, ਰਸਾਇਣਿਕ ਖਾਦਾਂ ਦੀ ਵਰਤੋਂ ਘਟਾਉਣਾ, ਸਰਕਾਰ ਵੱਲੋਂ ਸਹਾਇਤਾ ਅਤੇ ਜਾਗਰੂਕਤਾ

ਹਰੀ ਕ੍ਰਾਂਤੀ ਨੇ ਭਾਰਤ ਨੂੰ ਖਾਦ ਅਨਾਜ ਦੇ ਮਾਮਲੇ ਵਿੱਚ ਆਤਮਨਿਰਭਰ ਬਣਾਇਆ ਅਤੇ ਭੁੱਖਮਰੀ ਤੋਂ ਬਚਾਇਆ। ਇਸ ਕਰਕੇ ਇਹ ਇੱਕ ਵੱਡਾ ਵਰਦਾਨ ਸਾਬਤ ਹੋਈ। ਪਰ ਇਸ ਦੇ ਨਾਲ ਹੀ ਇਸ ਨੇ ਵਾਤਾਵਰਣ, ਮਿੱਟੀ ਅਤੇ ਪਾਣੀ 'ਤੇ ਨਕਾਰਾਤਮਕ ਪ੍ਰਭਾਵ ਪਾਇਆ, ਜਿਸ ਕਰਕੇ ਇਹ ਇੱਕ ਸਰਾਪ ਵੀ ਬਣ ਗਈ।

ਇਸ ਲਈ ਇਹ ਕਹਿਣਾ ਠੀਕ ਹੈ ਕਿ ਹਰੀ ਕ੍ਰਾਂਤੀ ਦੇ ਦੋਵੇਂ ਪੱਖ ਹਨ। ਸਾਨੂੰ ਇਸ ਦੇ ਲਾਭਾਂ ਨੂੰ ਕਾਇਮ ਰੱਖਦੇ ਹੋਏ ਇਸ ਦੇ ਨੁਕਸਾਨਾਂ ਨੂੰ ਘਟਾਉਣ ਲਈ ਟਿਕਾਊ ਅਤੇ ਪ੍ਰਕ੍ਰਿਤੀ-ਮਿੱਤਰ ਖੇਤੀ ਵੱਲ ਵਧਣਾ ਚਾਹੀਦਾ ਹੈ।

**ਅੰਤਿਮ ਵਿਚਾਰ:** ਹਰੀ ਕ੍ਰਾਂਤੀ ਨਾ ਸਿਰਫ਼ ਇੱਕ ਖੇਤੀਬਾੜੀ ਬਦਲਾਅ ਸੀ, ਬਲਕਿ ਇਹ ਇੱਕ ਸਮਾਜਿਕ ਅਤੇ ਆਰਥਿਕ ਕ੍ਰਾਂਤੀ ਵੀ ਸੀ। ਇਸ ਦਾ ਸਹੀ ਪ੍ਰਬੰਧਨ ਅਤੇ ਸੁਧਾਰ ਹੀ ਭਵਿੱਖ ਲਈ ਲਾਭਕਾਰੀ ਸਾਬਤ ਹੋ ਸਕਦਾ ਹੈ।

**ਬਾਇਓ ਲੈਕਚਰਾਰ, ਤਾਜ ਪਬਲਿਕ ਸਕੂਲ, ਫ਼ਰੀਦਕੋਟ**

# ਪੋਸ਼ਣ ਪਖਵਾੜਾ 2026: ਬਿਹਤਰ ਪੋਸ਼ਣ ਅਤੇ ਇੱਕ ਚਮਕਦਾਰ ਬਚਪਨ ਲਈ ਭਾਈਚਾਰਕ ਮੁਹਿੰਮ

ਚੰਡੀਗੜ੍ਹ, 16 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਪੋਸ਼ਣ ਪਖਵਾੜਾ 2026 ਦੇ ਹਿੱਸੇ ਵਜੋਂ, ਸਰਕਲ 52 ਵਿੱਚ ਪੋਸ਼ਣ, ਸ਼ੁਰੂਆਤੀ ਬਚਪਨ ਦੀ ਦੇਖਭਾਲ ਅਤੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਕਈ ਪ੍ਰਭਾਵਸ਼ਾਲੀ ਭਾਈਚਾਰਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਸਥਾਨਕ ਤੌਰ 'ਤੇ ਉਪਲਬਧ ਸਮੱਗਰੀ ਦੀ ਵਰਤੋਂ ਕਰਦੇ ਹੋਏ ਖੇਡ-ਅਧਾਰਤ ਸਿੱਖਣ ਦੀਆਂ ਗਤੀਵਿਧੀਆਂ ਨੇ ਖੇਡ ਰਾਹੀਂ ਸਿੱਖਣ ਦੀ ਮਹੱਤਤਾ ਨੂੰ ਉਜਾਗਰ ਕੀਤਾ ਅਤੇ ਬੱਚਿਆਂ ਦੇ ਬੋਧਾਤਮਕ ਵਿਕਾਸ ਨੂੰ ਉਤਸ਼ਾਹਿਤ ਕੀਤਾ। ਮਲੋਆ ਵਿੱਚ ਇੱਕ ਨੇ ਸਕ੍ਰੀਨ ਜਾਗਰੂਕਤਾ ਅਤੇ ਪਰਿਵਾਰਕ ਖੇਡ ਦਾ ਸਮਾਂ÷ ਗਤੀਵਿਧੀ ਦਾ ਆਯੋਜਨ ਕੀਤਾ ਗਿਆ, ਜਿੱਥੇ ਔਰਤਾਂ ਨੇ ਸਰਗਰਮੀ ਨਾਲ ਹਿੱਸਾ ਲਿਆ, ਸਕ੍ਰੀਨ ਸਮੇਂ ਨੂੰ ਸੀਮਤ ਕਰਨ ਦਾ ਪ੍ਰਣ ਲਿਆ ਅਤੇ ਆਪਣੇ ਅਤੇ ਆਪਣੇ ਬੱਚਿਆਂ ਲਈ ਮੋਬਾਈਲ ਫੋਨ ਦੀ ਵਰਤੋਂ ਨੂੰ ਘਟਾਉਣ ਲਈ ਇੱਕ ਦਸਤਖਤ ਮੁਹਿੰਮ ਵਿੱਚ ਹਿੱਸਾ ਲਿਆ। ਬਾਪੂ ਧਾਮ ਕਲੋਨੀ ਵਿੱਚ ਫਾਊਂਡੇਸ਼ਨ ਅਤੇ ਨਵਚੇਤਨਾ ਸੈਸ਼ਨ ਆਯੋਜਿਤ ਕੀਤੇ ਗਏ, ਜੋ ਕਿ ਸ਼ੁਰੂਆਤੀ ਬਚਪਨ ਦੀ ਸਿੱਖਿਆ, ਪੋਸ਼ਣ ਅਤੇ ਸੰਪੂਰਨ ਵਿਕਾਸ @ਤੇ ਕੇਂਦ੍ਰਿਤ ਸਨ। ਰਾਕੇਟ ਲਰਨਿੰਗ ਟੀਮ ਅਤੇ ਪੰਜਾਬ ਯੂਨੀਵਰਸਿਟੀ ਦੇ ਇੰਟਰਨਜ਼ ਨੇ ਇਹਨਾਂ ਸੈਸ਼ਨਾਂ ਵਿੱਚ ਹਿੱਸਾ ਲਿਆ। ਮਨੀਮਾਜਰਾ ਵਿੱਚ, ਪੋਸ਼ਣ, ਸਫਾਈ, ਸੰਤੁਲਿਤ ਖੁਰਾਕ, ਅਨੀਮੀਆ ਦੀ ਰੋਕਥਾਮ, ਅਤੇ ਮਾਵਾਂ ਅਤੇ ਬੱਚੇ ਦੀ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਨੁੱਕੜ ਨਾਟਕਾਂ ਦੀ ਵਰਤੋਂ ਕੀਤੀ ਗਈ। ਇਸ ਤੋਂ ਇਲਾਵਾ, ਆਯੁਸ਼ ਜਾਗਰੂਕਤਾ ਸੈਸ਼ਨ, ਭੋਜਨ ਮਜ਼ਬੂਤੀਕਰਨ ਨੂੰ ਉਤਸ਼ਾਹਿਤ ਕਰਨਾ ਅਤੇ ਪੋਸ਼ਣ ਦੇ ਪੰਜ ਸੂਤਰ, ਪੂਰਕ ਖੁਰਾਕ ਅਤੇ ਸੰਸਥਾਗਤ ਜਣੇਪੇ ਨੂੰ ਉਤਸ਼ਾਹਿਤ ਕਰਨ ਲਈ ਘਰੇਲੂ ਦੌਰੇ, ਬੱਚਿਆਂ ਅਤੇ ਗਰਭਵਤੀ ਔਰਤਾਂ ਲਈ ਬਾਜਰੇ ਨੂੰ ਉਤਸ਼ਾਹਿਤ ਕਰਨਾ, ਛਾਤੀ ਦਾ ਦੁੱਧ ਚੁੰਘਾਉਣ ਦੀ ਸ਼ੁਰੂਆਤੀ ਸ਼ੁਰੂਆਤ ਬਾਰੇ ਜਾਗਰੂਕਤਾ, ਵਿਕਾਸ ਨਿਗਰਾਨੀ, ਅਤੇ 3-6 ਸਾਲ ਦੀ ਉਮਰ ਦੇ ਬੱਚਿਆਂ ਲਈ ਪ੍ਰੀ-ਸਕੂਲ ਸਿੱਖਿਆ ਨੂੰ ਮਜ਼ਬੂਤ ਕਰਨ ਵਰਗੀਆਂ ਗਤੀਵਿਧੀਆਂ ਦਾ ਵੀ ਆਯੋਜਨ ਕੀਤਾ ਗਿਆ। ਇਹਨਾਂ ਪਹਿਲਕਦਮੀਆਂ ਨੇ ਨਾ ਸਿਰਫ਼ ਭਾਈਚਾਰੇ ਵਿੱਚ ਪੋਸ਼ਣ ਸੰਬੰਧੀ ਜਾਗਰੂਕਤਾ ਵਧਾਈ, ਸਗੋਂ ਸਕਾਰਾਤਮਕ ਵਿਵਹਾਰ ਵਿੱਚ ਤਬਦੀਲੀ ਨੂੰ ਵੀ ਉਤਸ਼ਾਹਿਤ ਕੀਤਾ, ਬੱਚਿਆਂ ਦੇ ਸਮੁੱਚੇ ਵਿਕਾਸ ਅਤੇ ਬਿਹਤਰ ਭਵਿੱਖ ਲਈ ਮਹੱਤਵਪੂਰਨ ਕਦਮ ਚੁੱਕੇ।




# ਮਨੁੱਖਤਾ, ਵਿਕਾਸ ਅਤੇ ਭਵਿੱਖ ਦੀ ਸੁਰੱਖਿਆ ਲਈ ਅਮਨ ਚੈਨ ਜ਼ਰੂਰੀ



**ਸੰਜੀਵ ਸਿੰਘ ਸੈਣੀ**
**7888966168**

ਪੱਛਮੀ ਏਸ਼ੀਆ ਸੰਕਟ ਕਾਰਨ ਪੂਰੀ ਦੁਨੀਆਂ @ਚ ਹਾਲਾਤ ਖਰਾਬ ਹੋ ਰਹੇ ਹਨ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਸਗੋਂ ਇਹ ਇੱਕ ਬਹੁਤ ਵੱਡੀ ਸਮੱਸਿਆ ਹੈ ਜੋ ਕੇਵਲ ਤਬਾਹੀ, ਆਰਥਿਕ ਸੰਕਟ, ਬੇਕਸੂਰ ਮੌਤਾਂ ਲਿਆਉਂਦੀ ਹੈ। ਮੁਲਕਾਂ ਵਿੱਚ ਜੰਗ ਲੱਗਣ ਨਾਲ ਬਹੁਤ ਜਾਨ ਮਾਲ ਦਾ ਨੁਕਸਾਨ ਹੁੰਦਾ ਹੈ ,ਜਿਸਦੀ ਭਰਪਾਈ ਕਰਨ ਵਿੱਚ ਕਈ ਦਹਾਕੇ ਲੱਗ ਜਾਂਦੇ ਹਨ । ਮਸਲਿਆਂ ਨੂੰ ਸੁਲਝਾਉਣ ਦੀ ਬਜਾਏ ਹੋਰ ਨਫਰਤ ,ਈਰਖਾ, ਵੈਰ ਵਿਰੋਧ ਨੂੰ ਵਧਾਉਂਦੀ ਹੈ।ਚਾਹੇ ਲੰਮਾਂ ਸਮਾਂ ਜੰਗ ਤੋਂ ਬਾਅਦ ਦੋ ਹਫਤਿਆਂ ਤੱਕ ਦੋਵੇਂ ਮੁਲਕ ਜੰਗ ਰੋਕਣ ਲਈ ਸਹਿਮਤ ਹੋਏ, ਪਰ ਇਜ਼ਰਾਇਲ ਵੱਲੋਂ ਲਿਬਨਾਨ ਵਿੱਚ ਬੰਬਾਰੀ ਦੀਆਂ ਖਬਰਾਂ ਆਮ ਸੁਣਨ ਨੂੰ ਮਿਲ ਰਹੀਆਂ ਹਨ। ਓਧਰ ਅਮਰੀਕਾ ਤੇ ਈਰਾਨ ਵਿਚਾਲੇ ਸਥਾਈ ਜੰਗਬੰਦੀ ਲਈ ਪਾਕਿਸਤਾਨ @ਚ 20 ਘੰਟਿਆਂ ਤੋਂ ਵੱਧ ਸਮੇਂ ਤੱਕ ਚੱਲੀ ਸ਼ਾਂਤੀ ਗੱਲਬਾਤ ਬੇਸਿੱਟਾ ਰਹੀ। ਕੁੱਝ ਮੁੱਦਿਆਂ ਤੇ ਤਾਂ ਸਮਝੌਤਾ ਹੋ ਗਿਆ ਹੈ, ਪਰ ਕੁਝ ਮੁੱਦੇ ਹਲੇ ਵੀ ਬਰਕਰਾਰ ਹਨ। ਲੜਾਈ ਵਿੱਚ ਬੇਕਸੂਰ ਲੋਕ ਮਾਰੇ ਜਾ ਰਹੇ ਹਨ। ਉੱਧਰ ਟਰੰਪ ਨੇ ਕਿਹਾ ਕਿ ਈਰਾਨ ਨੂੰ ਟੋਲ ਦੇਣ ਵਾਲੇ ਜਹਾਜ਼ਾਂ ਦੀ ਨਾਕਾਬੰਦੀ ਕਰਾਂਗੇ। ਗੈਰ ਕਾਨੂੰਨੀ ਟੋਲ ਅਦਾ ਕਰਨ ਵਾਲੇ ਨੂੰ ਸਮੁੰਦਰ @ਚ ਸੁਰੱਖਿਤ ਰਸਤਾ ਨਹੀਂ ਮਿਲੇਗਾ।ਟਰੰਪ ਨੇ ਇਹ ਵੀ ਕਹਿ ਦਿੱਤਾ ਹੈ ਕਿ ਅਮਰੀਕਾ ਢੁਕਵੇਂ ਸਮੇਂ ਦੌਰਾਨ ਈਰਾਨ ਨੂੰ ਖਤਮ ਕਰ ਦੇਵੇਗਾ। ਟਰੰਪ ਨੇ ਕਿਹਾ ਕਿ ਅਸੀਂ ਹੋਰਮੁਜ਼ ਦੀ ਸਫਾਈ ਕਰ ਰਹੇ ਹਾਂ ਭਾਵੇਂ ਅਸੀਂ ਕੋਈ ਸੌਦਾ ਕਰੀਏ ਜਾਂ ਨਾ ਕਰੀਏ ਸਾਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਅਮਰੀਕੀ ਸਦਰ ਡੋਨਲਡ ਟਰੰਪ ਦੀ ਅਗਵਾਈ @ਚ ਅਮਰੀਕਾ ਚਾਹੁੰਦਾ ਹੈ ਕਿ ਇਰਾਨ ਆਪਣਾ ਪਰਮਾਣੂ ਪ੍ਰੋਗਰਾਮ ਤਿਆਗ ਦੇਵੇ।ਪਰ ਇਸ ਲੜਾਈ ਕਾਰਨ ਬਾਕੀ ਮੁਲਕਾਂ ਦੀ ਆਰਥਿਕ ਸਥਿਤੀ ਤੇ ਬਹੁਤ ਫਰਕ ਪਿਆ ਹੈ। ਲੜਾਈ ਦੌਰਾਨ ਸਭ ਤੋਂ ਵੱਧ ਨੁਕਸਾਨ ਆਮ ਨਾਗਰਿਕਾਂ ਤੇ ਕਾਮਿਆਂ, ਕਿਰਤੀਆਂ ਦਾ ਹੁੰਦਾ ਹੈ। ਕਈ ਮੁਲਕਾਂ ਵਿੱਚ ਉਰਜਾ ਲਾਕਡਾਊਨ ਲਗਾ ਦਿੱਤਾ ਗਿਆ ਹੈ। ਗੈਸ ਸਿਲੰਡਰਾਂ ਦੀ ਕੀਮਤ ਵਧੀ ਹੈ। ਲੋਕਾਂ ਨੂੰ ਬਹੁਤ ਪਰੇਸ਼ਾਨੀ ਹੋ ਚੁੱਕੀ ਹੈ। ਘਰੇਲੂ ਰਸੋਈ ਦਾ ਬਜਟ ਵਿਗੜਿਆ ਹੈ।ਸ਼ਹਿਰੀ ਖੇਤਰਾਂ ਚੋਂ ਪ੍ਰਵਾਸੀਆਂ ਨੇ ਆਪਣੇ ਪ੍ਰਦੇਸ਼ਾਂ ਨੂੰ ਚਾਲੇ ਪਾਏ ਹਨ। ਕਿਉਂਕਿ ਉਹਨਾਂ ਦਾ ਕਹਿਣਾ ਹੈ ਕਿ ਆਪਣੇ ਪਿੰਡ ਜਾ ਕੇ ਅਸੀਂ ਉੱਥੇ ਚੁੱਲਾ ਬਾਲ ਕੇ ਖਾਣਾ ਤਾਂ ਬਣਾ ਲਵਾਂਗੇ। ਇੱਥੇ 3000 ਤੋਂ 3500 ਦਾ ਬਲੈਕ ਵਿੱਚ ਸਲਿੰਡਰ ਕੌਣ ਲਵੇਗਾ। ਪੱਛਮੀ ਏਸ਼ੀਆ ਵਿੱਚ ਪੈਦਾ ਹੋਏ ਸੰਕਟ ਕਾਰਨ ਭਾਰਤ ਵਿੱਚ ਵੀ ਪੰਜ ਕਿਲੋ ਸਿਲੰਡਰਾਂ ਦੀ ਸਪਲਾਈ ਵਧਾਈ ਗਈ ਹੈ। ਜੰਗਾਂ ਕਾਰਨ ਕਦੇ ਵੀ ਆਮ ਮਨੁੱਖ ਦਾ ਭਲਾ ਨਹੀਂ ਹੁੰਦਾ, ਸਗੋਂ ਪਹਿਲਾਂ ਨਾਲੋਂ ਹੋਰ ਵੱਧ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਪਿਛਲੇ ਸਾਲ ÷ਆਪ੍ਰੇਸ਼ਨ ਸਿੰਦੂਰ÷ ਅਸੀਂ ਦੇਖਿਆ ਹੀ ਹੈ ਕਿਸ ਤਰ੍ਹਾਂ ਬੇਕਸੂਰ ਲੋਕ ਮਾਰੇ ਗਏ। ਆਪਣੇ ਸਰਹੱਦੀ ਇਲਾਕਿਆਂ, ਜੰਮੂ ਕਸ਼ਮੀਰ ਵਿੱਚ ਕਾਫੀ ਨੁਕਸਾਨ ਹੋਇਆ। ਪਰ ਪਾਕਿਸਤਾਨ ਆਪਣੀ ਹਰਕਤਾਂ ਤੋਂ ਫਿਰ ਵੀ ਬਾਜ਼ ਨਹੀਂ ਆ ਰਿਹਾ। ਰਾਸ਼ਟਰਪਤੀ ਖਾਮੇਨੇਈ ਦੀ ਮੌਤ ਤੋਂ ਬਾਅਦ ਈਰਾਨ ਹੋਰ ਤਾਕਤਵਰ ਹੋ ਚੁੱਕਿਆ ਹੈ। ਉੱਧਰ ਅਮਰੀਕਾ ਵਿੱਚ ਰਾਸ਼ਟਰਪਤੀ ਟਰੰਪ ਨੂੰ ਅਹੁਦੇ ਤੋਂ ਹਟਾਉਣ ਲਈ ਮਤੇ ਪਾਸ ਕੀਤੇ ਜਾ ਰਹੇ ਹਨ। ਈਰਾਨ ਵਿੱਚ ਜੋ ਪ੍ਰਾਇਮਰੀ ਸਕੂਲ ਵਿੱਚ 150 ਦੇ ਕਰੀਬ ਬੱਚੀਆਂ ਦੇ ਕਤਲ ਹੋਏ, ਇਰਾਨ ਦੇ ਰਾਜੇ ਦੀ ਹੱਤਿਆ ਹੋਈ, ਹੋਰ ਵੀ ਜਾਨ ਮਾਲ ਦਾ ਬਹੁਤ ਨੁਕਸਾਨ ਹੋਇਆ ਇਰਾਨ ਉਸਨੂੰ ਕਦੇ ਵੀ ਨਹੀਂ ਭੁੱਲ ਸਕੇਗਾ। ਅਸੀਂ ਸਾਰੇ ਹੀ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਤੇਲਾਂ, ਪਰਮਾਣੂ ਸ਼ਕਤੀਆਂ ਤੇ ਆਪਣਾ ਰਾਜ ਕਰਨ ਲਈ ਇਹ ਲੜਾਈਆਂ ਲੜੀਆਂ ਜਾ ਰਹੀਆਂ ਹਨ। ਬੰਬ ਮਿਜ਼ਾਈਲਾਂ ਬਣਾਉਣ ਵਾਲੀ ਕੰਪਨੀਆਂ ਤਾਂ ਚਾਹੁੰਦੀਆਂ ਹਨ ਕਿ ਉਹਨਾਂ ਦਾ ਸਮਾਨ ਹੋਰ ਵਿਕੇ। ਜੰਗਾਂ ਨਾ ਹੀ ਰੁਕਣ। ਸੰਯੁਕਤ ਰਾਸ਼ਟਰ ਅਮਰੀਕਾ ਨੇ ਅਗਸਤ 1945 ਨੂੰ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਤੇ ਪਰਮਾਣੂ ਬੰਬ ਨਾਲ ਹਮਲੇ ਕੀਤੇ ਸਨ ।ਇਹਨਾਂ ਹਮਲਿਆਂ ਵਿੱਚ ਡੇਢ ਲੱਖ ਦੇ ਕਰੀਬ ਲੋਕ ਮਾਰੇ ਗਏ ਸਨ। ਸੰਯੁਕਤ ਰਾਜ ਅਮਰੀਕਾ ਨੇ ਹਵਾਈ ਹਮਲੇ ਕਰਕੇ ਜਾਪਾਨ ਦੇ ਕਈ ਸ਼ਹਿਰ ਤਬਾਹ ਕਰ ਦਿੱਤੇ ਸਨ। ਜਿਸ ਦਾ ਖਾਮਿਆਜ਼ਾ ਅੱਜ ਵੀ ਆਉਣ ਵਾਲੀ ਨਸਲਾਂ ਭੁਗਤ ਰਹੀਆਂ ਹਨ। ਅਮਰੀਕਾ ਤਾਂ ਸ਼ਰੇਆਮ ਕਹਿ ਰਿਹਾ ਹੈ ਕਿ ਈਰਾਨ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਜਾਵੇਗਾ। ਅਜਿਹੀਆਂ ਬਿਆਨਬਾਜ਼ੀਆਂ ਨੂੰ ਕੌਣ ਬਰਦਾਸ਼ਤ ਕਰਦਾ ਹੈ। ਅਮਰੀਕਾ ਪੂਰੀ ਤਰ੍ਹਾਂ ਈਰਾਨ ਦੀ ਹਰ ਇੱਕ ਚੀਜ਼ ਤੇ ਕਬਜ਼ਾ ਕਰਨਾ ਚਾਹੁੰਦਾ ਹੈ। ਕਿਉਂਕਿ ਈਰਾਨ ਕੁਦਰਤੀ ਸੋਮਿਆਂ ਨਾਲ ਭਰਪੂਰ ਹੈ।ਅਮਰੀਕਾ ਚਾਹੁੰਦਾ ਹੈ ਕਿ ਈਰਾਨ ਕੋਈ ਵੀ ਫੈਸਲੇ ਲਵੇ ਤਾਂ ਟਰੰਪ ਦੀ ਮਰਜ਼ੀ ਨਾਲ ਲਵੇ। ਈਰਾਨ ਨੇ ਹੋਰਮੁਜ਼ ਰਸਤਾ ਬੰਦ ਕਰਕੇ ਇਹਨਾਂ ਦੇ ਮੂੰਹ ਤੇ ਚਪੇੜ ਮਾਰੀ ਹੈ। ਵਿਰੋਧੀ ਨੂੰ ਕਦੇ ਵੀ ਕਮਜ਼ੋਰ ਨਾ ਸਮਝੋ। ਅਜੋਕੇ ਹਾਲਾਤਾਂ ਵਿੱਚ ਜੰਗ ਪਰਮਾਣੂ ਹਮਲੇ ਵਰਗੀ ਭਿਆਨਕ ਸਥਿਤੀ ਪੈਦਾ ਕਰ ਸਕਦੀ ਹੈ। ਜੰਗ ਦੀ ਥਾਂ ਤੇ ਅਮਨ ਸ਼ਾਂਤੀ ਸਦਭਾਵਨਾ ਨੂੰ ਉਤਸ਼ਾਹਿਤ ਕਰਨਾ ਹੀ ਵੱਡੀ ਸਮਝਦਾਰੀ ਹੈ। ਅੰਤਰਰਾਸ਼ਟਰੀ ਮਸਲੇ ਸਿਰਫ਼ ਗੱਲਬਾਤ, ਵਧੀਆ ਰਣਨੀਤੀ ਰਾਹੀਂ ਹੀ ਹੱਲ ਕੀਤੇ ਜਾ ਸਕਦੇ ਹਨ।

# ਦਿੱਲੀ ਫਾਇਰ ਸਰਵਿਸ ਦੇ ਕੰਮਕਾਜ ਦੀ ਸਮੀਖਿਆ ਕੀਤੀ

ਨਵੀਂ ਦਿੱਲੀ, 16 ਅਪ੍ਰੈਲ (ਅੰਮ੍ਰਿਤਪਾਲ ਸਿੰਘ): ਦਿੱਲੀ ਫਾਇਰ ਸਰਵਿਸ ਦੇ ਕੰਮਕਾਜ ਦੀ ਸਮੀਖਿਆ ਕੀਤੀ, ਦਿੱਲੀ ਦੇ ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਵਧਾਉਣ ਲਈ ਆਧੁਨਿਕੀਕਰਨ, ਬੁਨਿਆਦੀ ਢਾਂਚੇ ਦੇ ਅੱਪਗ੍ਰੇਡ ਅਤੇ ਕਰਮਚਾਰੀਆਂ ਦੀ ਸਮਰੱਥਾ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ।

ਦਿੱਲੀ ਫਾਇਰ ਸਰਵਿਸ ਨਿਯਮਾਂ, 2010 ਵਿੱਚ ਪ੍ਰਸਤਾਵਿਤ ਸੋਧਾਂ ਦੀ ਜਾਂਚ ਕਰਦੇ ਹੋਏ, ਨਿਵਾਸੀਆਂ, ਕਾਰੋਬਾਰੀਆਂ ਅਤੇ ਵਪਾਰੀਆਂ ਨਾਲ ਵਿਆਪਕ-ਅਧਾਰਤ ਸਲਾਹ-ਮਸ਼ਵਰੇ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਗਿਆ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਢਾਂਚਾ ਸਮਾਵੇਸ਼ੀ, ਵਿਹਾਰਕ ਅਤੇ ਪ੍ਰਭਾਵਸ਼ਾਲੀ ਹੈ।

ਮਾਨਯੋਗ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਨਾਲ ਇਕਸਾਰ, ਹਰੇਕ ਰੈਗੂਲੇਟਰੀ ਢਾਂਚੇ ਨੂੰ ਜੀਵਨ ਦੀ ਸੌਖ ਅਤੇ ਕਾਰੋਬਾਰ ਕਰਨ ਦੀ ਸੌਖ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ-ਨਾਗਰਿਕਾਂ ਲਈ ਬੇਲੋੜੀਆਂ ਰੁਕਾਵਟਾਂ ਪੈਦਾ ਕੀਤੇ ਬਿਨਾਂ ਮਜ਼ਬੂਤ ਅੱਗ ਸੁਰੱਖਿਆ ਨੂੰ ਯਕੀਨੀ ਬਣਾਉਣਾ।

ਗਰਮੀਆਂ ਦੇ ਵਧਦੇ ਤਾਪਮਾਨ ਦੇ ਮੱਦੇਨਜ਼ਰ, ਵਿਭਾਗ ਦੀ ਸਮਰ ਐਕਸ਼ਨ ਪਲਾਨ ਦੀ ਵੀ ਸਮੀਖਿਆ ਕੀਤੀ ਅਤੇ ਉੱਚ ਚੌਕਸੀ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ, ਨਾਗਰਿਕਾਂ ਨੂੰ ਰੋਕਥਾਮ ਉਪਾਵਾਂ, ਰੈਗੂਲੇਟਰੀ ਸੁਰੱਖਿਆ ਉਪਾਵਾਂ ਅਤੇ ਪ੍ਰਭਾਵਸ਼ਾਲੀ ਐਮਰਜੈਂਸੀ ਪ੍ਰਤੀਕਿਰਿਆ ਅਭਿਆਸਾਂ ਬਾਰੇ ਸਿੱਖਿਅਤ ਕਰਨ ਲਈ ਇੱਕ ਵਿਆਪਕ ਜਨਤਕ ਜਾਗਰੂਕਤਾ ਮੁਹਿੰਮ ਦੀ ਮਹੱਤਤਾ 'ਤੇ ਜ਼ੋਰ ਦਿੱਤਾ।


## ਦੋਸ਼ੀ ਵਿਅਕਤੀ ਦੀ ਪੇਸ਼ੀ ਦੀ ਮੰਗ ਕਰਨ ਦਾ ਦਾਅਵਾ

ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 84 ਵੇਖੋ

ਜਦੋਂ ਕਿ ਮੇਰੇ ਸਾਹਮਣੇ ਸ਼ਿਕਾਇਤ ਕੀਤੀ ਗਈ ਹੈ ਕਿ ਦੋਸ਼ੀ ਅਜੀਤ ਕੁਮਾਰ, ਪੁੱਤਰ: ਵੀਰ ਕਾਂਤ, ਨਿਵਾਸੀ: ਸ਼ਾਸਤਰੀ ਪਾਰਕ, **ਅਕਰਮ ਬਿਰਿਆਨੀ ਵਾਲਾ ਦੇ ਨੇੜੇ, ਦਿੱਲੀ ਵਿਖੇ ਵੀ: ਮਕਾਨ ਨੰ.:115 ਐਫ, ਪ੍ਰਤਾਪ ਨਗਰ, ਪਟਿਆਲਾ, ਪੰਜਾਬ** ਨੇ FIR No.1133/2025 U/S 281/125(a) BNS ਅਧੀਨ P.S ਕਰੋਲ ਬਾਗ, ਕੇਂਦਰੀ ਜ਼ਿਲ੍ਹਾ, ਨਵੀਂ ਦਿੱਲੀ ਵਿਖੇ ਦਰਜ ਇੱਕ ਮਾਮਲੇ ਵਿੱਚ ਅਪਰਾਧ ਕੀਤਾ ਹੈ (ਜਾਂ ਕਰਨ ਦਾ ਸ਼ੱਕ ਹੈ) ਅਤੇ ਇਸਨੂੰ ਗ੍ਰਿਫ਼ਤਾਰੀ ਵਾਰੰਟ 'ਤੇ ਵਾਪਸ ਕਰ ਦਿੱਤਾ ਗਿਆ ਹੈ ਜਿਸ ਵਿੱਚ ਕਿਹਾ ਗਿਆ ਹੈ ਕਿ ਉਕਤ ਅਜੀਤ ਕੁਮਾਰ ਨਹੀਂ ਮਿਲ ਸਕਿਆ ਅਤੇ ਜਦੋਂ ਕਿ ਮੇਰੀ ਸੰਤੁਸ਼ਟੀ ਅਨੁਸਾਰ ਇਹ ਦਰਸਾਇਆ ਗਿਆ ਹੈ ਕਿ ਦੋਸ਼ੀ ਅਜੀਤ ਕੁਮਾਰ ਫਰਾਰ ਹੈ (ਜਾਂ ਉਕਤ ਵਾਰੰਟ ਦੀ ਸੇਵਾ ਤੋਂ ਬਚਣ ਲਈ ਆਪਣੇ ਆਪ ਨੂੰ ਲੁਕਾ ਰਿਹਾ ਹੈ))।

ਇਸ ਦੁਆਰਾ ਐਲਾਨ ਕੀਤਾ ਜਾਂਦਾ ਹੈ ਕਿ ਉਕਤ **ਅਜੀਤ ਕੁਮਾਰ**, ਜਿਸ 'ਤੇ **ਐਫਆਈਆਰ ਨੰ. 1133/2025 U/S 281/125(a) BNS, P.S ਕਰੋਲ ਬਾਗ, ਕੇਂਦਰੀ ਜ਼ਿਲ੍ਹਾ, ਨਵੀਂ ਦਿੱਲੀ ਦਾ ਦੋਸ਼ੀ ਹੈ, ਨੂੰ 29.05.2026 ਨੂੰ** ਜਾਂ ਇਸ ਤੋਂ ਪਹਿਲਾਂ ਉਕਤ ਸ਼ਿਕਾਇਤ ਦਾ ਜਵਾਬ ਦੇਣ ਲਈ ਅਦਾਲਤ ਵਿੱਚ ਪੇਸ਼ ਹੋਣਾ ਜ਼ਰੂਰੀ ਹੈ।

**DP/4834/CD/2026 (Court Matter)**

ਹੁਕਮ ਦੁਆਰਾ, ਸ਼੍ਰੀ ਨਿਸ਼ਾਤ ਬਨਗੜ੍ਹ
ਜੁਡੀਸ਼ੀਅਲ ਮੈਜਿਸਟ੍ਰੇਟ ਫਸਟ ਕਲਾਸ-01 (ਕੇਂਦਰੀ),
ਕਮਰਾ ਨੰ. 180, ਤੀਸ ਹਜ਼ਾਰੀ ਅਦਾਲਤਾਂ, ਦਿੱਲੀ



## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮਾਮਲਾ ਨੰ. : ਓਏ/1800/2025

**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**

**ਈਐਕਸਐਚ ਨੰ.** 30783

**ਬੈਂਕ ਆਫ ਬੜੌਦਾ**
**ਬਨਾਮ**
**ਮੈਸ. ਬਾਸਲ ਇੰਡਸਟਰੀਜ਼ ਅਤੇ ਹੋਰ**

**ਵੱਲ,**

(1) **ਮੈਸਰਜ਼ ਬਾਂਸਲ ਇੰਡਸਟਰੀਜ਼** ਆਪਣੇ ਇਕਲੌਤੇ ਮਾਲਕ ਸ਼੍ਰੀ ਜਸਪਾਲ ਸਿੰਘ ਪੁੱਤਰ ਸ਼੍ਰੀ ਗੁਰਬਚਨ ਸਿੰਘ ਮਕਾਨ ਨੰਬਰ ਏ - 3/34 ਫੇਜ਼-3 ਆਰਮੀ ਫਲੈਟ ਦੁਗਰੀ ਬਸੰਤ ਐਵੇਨਿਊ ਲੁਧਿਆਣਾ ਪੰਜਾਬ ਰਾਹੀਂ

(2) **ਜਸਪਾਲ ਸਿੰਘ ਪੁੱਤਰ ਸ਼੍ਰੀ ਗੁਰਬਚਨ ਸਿੰਘ** ਇਕਲੌਤਾ ਮਾਲਕ ਸ਼੍ਰੀਮਤੀ ਬਾਂਸਲ ਇੰਡਸਟਰੀਜ਼ ਹਾਊਸ ਨੰਬਰ ਏ-3/34, ਫੇਜ਼-3 ਆਰਮੀ ਫਲੈਟ ਦੁਗਰੀ ਬਸੰਤ ਐਵੇਨਿਊ ਲੁਧਿਆਣਾ ਪੰਜਾਬ

(3) **ਮਨਜੀਤ ਕੌਰ ਪਤਨੀ ਸ਼੍ਰੀ ਜਸਪਾਲ ਸਿੰਘ** ਵਾਸੀ ਮਕਾਨ ਨੰਬਰ ਏ-3/34, ਫੇਜ਼-3 ਆਰਮੀ ਫਲੈਟ ਦੁਗਰੀ ਬਸੰਤ ਐਵੇਨਿਊ ਲੁਧਿਆਣਾ ਪੰਜਾਬ

**ਸੰਮਨ**

**ਜਿਥੇ ਕਿ, ਓ. ਏ./1800/2025, 07.04.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ.** 73,70,657.40/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 04.07.2026 **ਨੂੰ ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 08.04.2026 **ਨੂੰ ਜਾਰੀ।**

**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

**ਨੋਟ : ਜੋ ਵੀ ਲਾਗੂ ਨਾ ਹੋਵੇ ਉਸਨੂੰ ਕੱਟ ਦਿਓ।**



## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਮਾਮਲਾ ਨੰ. : ਓਏ/1733/2021

**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**

**ਈਐਕਸਐਚ ਨੰ.** 30361

**ਬੈਂਕ ਆਫ ਬੜੌਦਾ**
**ਬਨਾਮ**
**ਮੈਸ. ਯੁਵਰਾਮ ਨਿਟਵੇਅਰ ਅਤੇ ਹੋਰ**

**ਵੱਲ,**

(1) **ਮੈਸਰਜ਼ ਯੁਵਰਾਜ ਨਿਟਵੇਅਰ ਓਫੀਸ਼ੀਅਲ**, ਪਤਾ ਦੁਕਾਨ ਨੰ. 25, ਲਾਜਪਤ ਰਾਏ ਮਾਰਕੀ ਕਲਾਕ ਟਾਵਰ ਲੁਧਿਆਣਾ ਪੰਜਾਬ-141001, **ਦੂਜਾ ਪਤਾ**:-1442/13/3 ਬਾਈਕੁੰਠ ਨਗਰ ਕਾਰਾਬਾਰਾ ਬੈਕਸਾਈਡ ਕਿਸਾਨ ਕੋਲਡ ਸਟੋਰ ਲੁਧਿਆਣਾ ਪੰਜਾਬ-141003 **ਇਸ ਦੇ ਪ੍ਰੋਪ. ਸ਼੍ਰੀਮਤੀ ਤਰਨਜੀਤ ਕੌਰ ਪਤਨੀ ਉਦੈਵੀਰ ਸਿੰਘ ਰਾਹੀਂ।**

(2) **ਸ਼੍ਰੀਮਤੀ ਤਰਨਜੀਤ ਕੌਰ ਪਤਨੀ ਉਦੈਵੀਰ ਸਿੰਘ ਵਾਸੀ 184-ਆਰ ਧਾਂਦਰਾ ਰੋਡ ਨੇੜੇ ਗੋਲਡਨ ਟਾਈਮ ਸਕੂਲ ਲੁਧਿਆਣਾ ਪੰਜਾਬ-141013**

**ਸੰਮਨ**

**ਜਿਥੇ ਕਿ, ਓ. ਏ./1733/2021, 18.03.2026 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ.** 55,52,829.87/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ. ਏ.**) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 15.06.2026 **ਨੂੰ ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ** 23.03.2026 **ਨੂੰ ਜਾਰੀ।**

**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**

**ਨੋਟ : ਜੋ ਵੀ ਲਾਗੂ ਨਾ ਹੋਵੇ ਉਸਨੂੰ ਕੱਟ ਦਿਓ।**



## SOUTH INDIAN Bank — Experience Next Generation Banking

ਦੀ ਸਾਊਥ ਇੰਡੀਅਨ ਬੈਂਕ ਲਿਮਟਿਡ
ਖੇਤਰੀ ਦਫਤਰ - ਦਿੱਲੀ, ਤੀਜੀ ਮੰਜ਼ਿਲ, ਪਲਾਟ ਨੰ. 21, 21/1, ਪੂਸਾ ਰੋਡ, ਕਰੋਲ ਬਾਗ, ਨਵੀਂ ਦਿੱਲੀ - 110005
ਫੋਨ : 011 4233 1664/011 4512 8661
ਈਮੇਲ : **ro1008@sib.co.in**

ਹਵਾਲਾ: **DEL/CRD/SAR/4**/2026-27 ਮਿਤੀ: 15-04-2026

### ਈ - ਨਿਲਾਮੀ ਵਿਕਰੀ ਨੋਟਿਸ

ਸੁਰੱਖਿਆ ਵਿਆਜ (ਲਾਗੂਗਰਨ) ਨਿਯਮ, 2002 ਦੇ ਨਿਯਮ 8(6) ਅਤੇ 9(1) ਦੇ ਪ੍ਰਾਵਧਾਨ ਨਾਲ ਪੜਿਆ ਗਿਆ, ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰਗਠਨ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

(1) **ਸ਼੍ਰੀਮਤੀ ਹਰਜੀਤ ਕੌਰ ਪਤਨੀ ਸ਼੍ਰੀ ਉੱਤਮ ਸਿੰਘ ਸੱਚਰ, ਪ੍ਰੋਪਰਾਈਟਰ ਮੈਸਰਜ਼ ਲੇਵੋ ਐਕਸਪੋਰਟਸ ਅਤੇ ਵਾਸੀ ਐਸਸੀਓ 4, ਗਿਆਨ ਸਿੰਘ ਰਾੜੇਵਾਲਾ ਮਾਰਕੀਟ, ਦੂਜੀ ਮੰਜ਼ਿਲ, ਲੁਧਿਆਣਾ, ਪੰਜਾਬ 141002 ਅਤੇ ਜ਼ਾਮਨਾਂ ਦੇ ਨਾਮ**
(2) **ਸ਼੍ਰੀ ਜਸਮੀਤ ਸਿੰਘ ਸੱਚਰ ਵਾਸੀ 2177, ਫੇਜ਼ 2, ਦੁਗਰੀ, ਅਰਬਨ ਅਸਟੇਟ, ਦੁੱਗਰੀ ਰੋਡ, ਲੁਧਿਆਣਾ, ਮਾਡਲ ਟਾਊਨ ਪੰਜਾਬ 141002,**
(3) **ਸ਼੍ਰੀਮਤੀ ਗੁਰਿੰਦਰ ਕੌਰ ਵਾਸੀ 2177, ਫੇਜ਼ 2, ਦੁਗਰੀ, ਅਰਬਨ ਅਸਟੇਟ, ਦੁੱਗਰੀ ਰੋਡ, ਲੁਧਿਆਣਾ, ਮਾਡਲ ਟਾਊਨ ਪੰਜਾਬ 141002,**
(4) **ਸ਼੍ਰੀ ਬਲਮੀਤ ਸਿੰਘ ਸੱਚਰ ਵਾਸੀ 2177, ਫੇਜ਼ 2, ਦੁਗਰੀ, ਅਰਬਨ ਅਸਟੇਟ, ਦੁੱਗਰੀ ਰੋਡ, ਲੁਧਿਆਣਾ, ਮਾਡਲ ਟਾਊਨ ਪੰਜਾਬ 141002,**
(5) **ਸ਼੍ਰੀ ਉੱਤਮ ਸਿੰਘ ਸੱਚਰ ਵਾਸੀ 2177, ਫੇਜ਼ 2, ਦੁਗਰੀ, ਅਰਬਨ ਅਸਟੇਟ, ਦੁੱਗਰੀ ਰੋਡ, ਲੁਧਿਆਣਾ, ਮਾਡਲ ਟਾਊਨ, ਪੰਜਾਬ 141002**

ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ/ਜ਼ਾਮਨ/ਕਾਨੂੰਨੀ ਵਾਰਸਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੇ ਗਏ ਅਚੱਲ ਜਾਇਦਾਦਾਂ ਜੋ ਸਾਊਥ ਇੰਡੀਅਨ ਬੈਂਕ ਲਿਮਟਿਡ, ਬ੍ਰਾਂਚ ਲੁਧਿਆਣਾ (ਸੁਰੱਖਿਅਤ ਕਰਜ਼ਦਾਤਾ) ਨੂੰ ਗਿਰਵੀ ਰੱਖੀਆਂ ਗਈਆਂ ਹਨ, ਜਿਨ੍ਹਾਂ ਦਾ ਕਬਜ਼ਾ ਦ ਸਾਊਥ ਇੰਡੀਅਨ ਬੈਂਕ ਲਿਮਟਿਡ (ਸੁਰੱਖਿਅਤ ਕਰਜ਼ਦਾਤਾ) ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ 05-05-2026 ਨੂੰ **"ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ, "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਵੀ ਹੈ"** ਦੀ ਸ਼ਰਤ 'ਤੇ 11,14,67,511/- ਰੁਪਏ (ਰੁ. ਗਿਆਰਾਂ ਕਰੋੜ ਚੌਦਾਂ ਲੱਖ ਸਤਾਹਠ ਹਜ਼ਾਰ ਪੰਜ ਸੌ ਗਿਆਰਾਂ ਕੇਵਲ) 10.04.2026 ਨੂੰ ਭਵਿੱਖੀ ਵਿਆਜ, ਲਾਗਤਾਂ ਅਤੇ ਖਰਚਿਆਂ ਆਦਿ ਉਪਰੋਕਤ ਕਰਜ਼ਦਾਰ(ਾਂ) ਅਤੇ ਜ਼ਾਮਨ(ਾਂ) ਤੋਂ ਦ ਸਾਊਥ ਇੰਡੀਅਨ ਬੈਂਕ ਲਿਮਟਿਡ, ਬ੍ਰਾਂਚ ਲੁਧਿਆਣਾ (ਸੁਰੱਖਿਅਤ ਕਰਜ਼ਦਾਤਾ) ਦੇ ਨਾਲ ਰਕਮ ਦੀ ਵਸੂਲੀ ਲਈ ਵੇਚੀਆਂ ਜਾਣਗੀਆਂ।

| | |
|---|---|
| ਆਈਟਮ ਨੰ. 1 | |
| ਸੰਪੱਤੀ ਮਾਲਕ ਦਾ ਨਾਮ | **ਸ਼੍ਰੀ ਉਤਮ ਸਿੰਘ ਸੱਚਰ ਅਤੇ ਸ਼੍ਰੀਮਤੀ ਹਰਜੀਤ ਕੌਰ ਸੱਚਰ** |
| ਸੰਪੱਤੀ ਦੇ ਵੇਰਵੇ | 630 ਵਰਗ ਗਜ਼ ਮਾਪ ਐਮ.ਸੀ. ਨੰ. ਬੀ-XXIX-1768/4 ਵਾਲੀ ਜਾਇਦਾਦ/ਫੈਕਟਰੀ ਦੀ ਜ਼ਮੀਨ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਖਸਰਾ ਨੰ. 8366/824/3/4, 8363/824/3/1, ਖਾਤਾ ਨੰ.946/1424/1429 ਸਾਲ 1985-86 ਲਈ ਜਮਾਂਬੰਦੀ ਅਨੁਸਾਰ, ਗਿੱਲ ਨੰ.2, ਗਲੀ ਨੰ: 8 ਵਜੋਂ ਜਾਣਿਆ ਜਾਂਦਾ ਇਲਾਕਾ, ਮੁਹੱਲਾ ਸ਼ਿਮਲਾਪੁਰੀ,ਲੁਧਿਆਣਾ ਵਿਖੇ ਸਥਿਤ ਸ੍ਰੀ ਉੱਤਮ ਸਿੰਘ ਸੱਚਰ ਪੁੱਤਰ ਸ੍ਰੀ ਦੁਰਲਭ ਸਿੰਘ ਅਤੇ ਸ੍ਰੀਮਤੀ ਹਰਜੀਤ ਕੌਰ ਸੱਚਰ ਪਤਨੀ ਸ੍ਰੀ ਉਤਮ ਸਿੰਘ ਦੇ ਸਾਂਝੇ ਨਾਮ 'ਤੇ ਐਸਆਰਓ ਲੁਧਿਆਣਾ ਦੀ ਵਿਕਰੀ ਡੀਡ ਨੰ. 1136 ਮਿਤੀ 02.05.1990 ਅਤੇ ਵਿਕਰੀ ਡੀਡ ਨੰ. 6898 ਮਿਤੀ 20/06/1990 ਦੇ ਤਹਿਤ ਵਿਸ਼ੇਸ਼ ਤੌਰ 'ਤੇ ਵਰਣਨ ਕੀਤਾ ਹੈ ਅਤੇ ਹੱਦਬੰਦੀ ਇਸ ਪ੍ਰਕਾਰ ਹੈ:- ਉੱਤਰ ਵੱਲ ਸਾਜਨ ਬੇਕਰੀ ਦੁਆਰਾ, ਦੱਖਣ ਵੱਲ ਗਲੀ 18' ਚੌੜੀ, ਪੂਰਬ ਵੱਲ ਗਲੀ 18' ਚੌੜੀ, ਪੱਛਮ ਵੱਲ ਭਗਤ ਸਿੰਘ |
| ਕਬਜ਼ੇ ਦਾ ਸਰੂਪ (ਆਈਟਮ ਨੰ. 1) | ਸੰਕੇਤਕ ਕਬਜ਼ਾ |
| ਆਈਟਮ ਨੰ. 2 | |
| ਸੰਪੱਤੀ ਮਾਲਕ ਦਾ ਨਾਮ | ਸ਼੍ਰੀ ਜਸਮੀਤ ਸਿੰਘ |
| ਸੰਪੱਤੀ ਦੇ ਵੇਰਵੇ | 170-1/2 ਵਰਗ ਗਜ਼ ਦੀ ਮਾਪ ਵਾਲੀ ਐਮਸੀ ਨੰ. ਬੀ-XXII-2724/3 ਵਾਲੀ ਇਮਾਰਤ ਸਮੇਤ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ ਖਸਰਾ ਨੰ. 3531/258, 3532/258, 6161/259/1, 6161/259/3/1,259/2, 6161/259/2, ਖਾਤਾ ਨੰ.1408/1926 ਵਿਚ ਸ਼ਾਮਲ, ਸਾਲ 2010-11 ਦੀ ਜਮਾਂਬੰਦੀ ਦੇ ਅਨੁਸਾਰ ਗਲੀ ਨੰਬਰ 1, ਚੇਤ ਸਿੰਘ ਨਗਰ ਵਜੋਂ ਜਾਣਿਆ ਜਾਂਦਾ ਇਲਾਕਾ, ਗਿੱਲ ਰੋਡ, ਲੁਧਿਆਣਾ ਵਿਖੇ ਜਸਮੀਤ ਸਿੰਘ ਪੁੱਤਰ ਸ੍ਰੀ ਉਤਮ ਸਿੰਘ ਦੇ ਨਾਮ 'ਤੇ ਵਿਸ਼ੇਸ਼ ਤੌਰ 'ਤੇ ਐਸਆਰਓ ਲੁਧਿਆਣਾ ਦੀ ਵਿਕਰੀ ਡੀਡ ਨੰ. 5471 ਮਿਤੀ 08/10/2015 ਦੇ ਤਹਿਤ ਵਰਨਣ ਕੀਤਾ ਗਿਆ ਹੈ ਅਤੇ ਹੱਦਬੰਦੀ ਇਸ ਪ੍ਰਕਾਰ ਹੈ:- ਉੱਤਰ ਵੱਲ ਸੜਕ ਦੁਆਰਾ, ਦੱਖਣ ਵੱਲ ਹਰਨਾਮ ਕੌਰ, ਪੂਰਬ ਵੱਲ ਏਸ਼ੀਅਨ ਸਾਈਕਲ ਅਤੇ ਪੱਛਮ ਵੱਲ: ਸੈਲਰ |
| ਕਬਜ਼ੇ ਦਾ ਸਰੂਪ (ਆਈਟਮ ਨੰ. 2) | ਸੰਕੇਤਕ ਕਬਜ਼ਾ |
| ਆਈਟਮ ਨੰ. 3 | |
| ਸੰਪੱਤੀ ਮਾਲਕ ਦਾ ਨਾਮ | ਸ਼੍ਰੀ ਬਲਮੀਤ ਸਿੰਘ ਸੱਚਰ |
| ਸੰਪੱਤੀ ਦੇ ਵੇਰਵੇ | 155 ਵਰਗ ਗਜ਼ ਮਾਪ ਵਾਲੀ ਨੰ. ਜੀ-121 ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਓਇਸਟਰ ਗਾਰਡਨ (ਨੇੜੇ ਫਿਰੋਜ਼ਪੁਰ ਗੇਟ), ਆਈਆਰਈਓ ਵਾਟਰਫਰੰਟ, ਫਿਰੋਜ਼ਪੁਰ ਰੋਡ, ਮੁੱਲਾਂਪੁਰ ਦਾਖਾ, ਲੁਧਿਆਣਾ ਵਿਖੇ ਸਥਿਤ ਕਿਸੇ ਵੀ ਇਮਾਰਤ ਦੇ ਨਾਲ ਸ਼੍ਰੀ ਬਲਮੀਤ ਸਿੰਘ ਸੱਚਰ ਪੁੱਤਰ ਸ੍ਰੀ ਉੱਤਮ ਸਿੰਘ ਦੇ ਨਾਮ 'ਤੇ ਵਿਸ਼ੇਸ਼ ਤੌਰ 'ਤੇ ਵਿਕਰੀ ਡੀਡ ਨੰ. 660 ਮਿਤੀ 05/08/2016 ਦੁਆਰਾ ਸੰਯੁਕਤ ਐਸਆਰਓ ਮੁੱਲਾਂਪੁਰ ਦਾਖਾ ਦੇ ਤਹਿਤ ਵਰਨਣ ਕੀਤਾ ਹੈ ਅਤੇ ਹੱਦਬੰਦੀ ਇਸ ਪ੍ਰਕਾਰ ਹੈ:- ਉੱਤਰ ਵੱਲ ਗ੍ਰੀਨ ਏਰੀਆ, ਦੱਖਣ ਵੱਲ ਸੜਕ, ਪੂਰਬ ਵੱਲ ਸੜਕ ਅਤੇ ਪੱਛਮ ਵੱਲ ਪਲਾਟ ਨੰ.ਜੀ-122 |
| ਕਬਜ਼ੇ ਦਾ ਸਰੂਪ (ਆਈਟਮ ਨੰ. 3) | ਭੌਤਿਕ ਕਬਜ਼ਾ |
| ਰਾਖਵੀਂ ਕੀਮਤ (ਆਈਟਮ ਨੰ. 1) | 1,72,66,000.00 ਰੁਪਏ (ਰੁਪਏ ਇੱਕ ਕਰੋੜ ਬਹੱਤਰ ਲੱਖ ਅਤੇ ਛਿਆਹਠ ਹਜ਼ਾਰ ਕੇਵਲ) |
| ਬਿਆਨਾ ਰਕਮ ਜਮ੍ਹਾਂ (ਈਐਮਡੀ) (ਆਈਟਮ ਨੰ. 1) | 17,26,600.00 ਰੁਪਏ (ਸਤਾਰਾਹ ਲੱਖ ਛੱਬੀ ਹਜ਼ਾਰ ਛੇ ਸੌ ਸਿਰਫ਼) EMD 04.05.2026 ਨੂੰ ਜਾਂ ਇਸ ਤੋਂ ਪਹਿਲਾਂ ਦੁਪਹਿਰ 02.00 ਵਜੇ ਤੱਕ ਜਮ੍ਹਾ ਕੀਤਾ ਜਾਵੇਗਾ |
| ਰਾਖਵੀਂ ਕੀਮਤ (ਆਈਟਮ ਨੰ. 2) | ਰੁ. 52,60,000.00 ਰੁਪਏ (ਸਿਰਫ ਬਵੰਜਾ ਲੱਖ ਸੱਠ ਹਜ਼ਾਰ ਰੁਪਏ) |
| ਬਿਆਨਾ ਰਕਮ ਜਮ੍ਹਾਂ (ਈਐਮਡੀ) (ਆਈਟਮ ਨੰ. 2) | ਰੁ. 5,26,000.00 (ਪੰਜਾ ਲੱਖ ਛੱਬੀ ਹਜ਼ਾਰ ਰੁਪਏ)EMD 04.05.2026 ਨੂੰ ਜਾਂ ਇਸ ਤੋਂ ਪਹਿਲਾਂ ਦੁਪਹਿਰ 02.00 ਵਜੇ ਤੱਕ ਜਮ੍ਹਾ ਕੀਤਾ ਜਾਵੇਗਾ |
| ਰਾਖਵੀਂ ਕੀਮਤ (ਆਈਟਮ ਨੰ. 3) | ਰੁ. 54,26,000.00 (ਰੁਪਏ ਚੁਰੰਜਾ ਲੱਖ ਛੱਬੀ ਹਜ਼ਾਰ ਸਿਰਫ਼) |
| ਬਿਆਨਾ ਰਕਮ ਜਮ੍ਹਾਂ (ਈਐਮਡੀ) (ਆਈਟਮ ਨੰ. 3) | ਰੁ. 5,42,600.00 (ਰੁਪਏ ਪੰਜ ਲੱਖ ਬਿਆਲੀ ਹਜ਼ਾਰ ਛੇ ਸੌ ਸਿਰਫ਼) EMD 04.05.2026 ਨੂੰ ਜਾਂ ਇਸ ਤੋਂ ਪਹਿਲਾਂ ਦੁਪਹਿਰ 02.00 ਵਜੇ ਤੱਕ ਜਮਾ ਕੀਤਾ ਜਾਵੇਗਾ |
| ਬੋਲੀ ਵਾਧਾ ਰਕਮ ਆਈਟਮ ਨੰ. 1 | ਰੁ. 50,000/- (ਰੁਪਏ ਸਿਰਫ਼ ਪੰਜਾਹ ਹਜ਼ਾਰ) |
| ਬੋਲੀ ਵਾਧਾ ਰਕਮ ਆਈਟਮ ਨੰ. 2 | ਰੁ. 50,000/- (ਰੁਪਏ ਸਿਰਫ਼ ਪੰਜਾਹ ਹਜ਼ਾਰ) |
| ਬੋਲੀ ਵਾਧਾ ਰਕਮ ਆਈਟਮ ਨੰ. 3 | ਰੁ. 50,000/- (ਰੁਪਏ ਸਿਰਫ਼ ਪੰਜਾਹ ਹਜ਼ਾਰ) |
| ਈ-ਨਿਲਾਮੀ ਦੀ ਮਿਤੀ ਅਤੇ ਸਮਾਂ ਆਈਟਮ ਨੰ.1 | 05-05-202611:00 AM ਤੋਂ 11:30 AM ਤੱਕ (ਵਿਕਰੀ ਖਤਮ ਹੋਣ ਤੱਕ 5 ਮਿੰਟ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ) |
| ਈ-ਨਿਲਾਮੀ ਦੀ ਮਿਤੀ ਅਤੇ ਸਮਾਂ ਆਈਟਮ ਨੰ. 2 | 05-05-2026 12.30 PM ਤੋਂ 01:00 PM ਤੱਕ (ਵਿਕਰੀ ਖਤਮ ਹੋਣ ਤੱਕ 5 ਮਿੰਟ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ) |
| ਈ-ਨਿਲਾਮੀ ਦੀ ਮਿਤੀ ਅਤੇ ਸਮਾਂ ਆਈਟਮ ਨੰ. 3 | 05-05-2026 02.00 PM ਤੋਂ 02:30 PM ਤੱਕ (ਵਿਕਰੀ ਖਤਮ ਹੋਣ ਤੱਕ 5 ਮਿੰਟ ਅਸੀਮਤ ਆਟੋ ਐਕਸਟੈਂਸ਼ਨਾਂ ਦੇ ਨਾਲ) |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਸਾਊਥ ਇੰਡੀਅਨ ਬੈਂਕ ਲਿਮਟਿਡ, (ਸੁਰੱਖਿਅਤ ਕਰਜ਼ਦਾਤਾ) ਦੀ ਵੈੱਬਸਾਈਟ www.southindianbank.com ਦੇ ਵੈੱਬ ਪੋਰਟਲ ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। ਵੇਰਵੇ https://bankauctions.in 'ਤੇ ਵੀ ਉਪਲਬਧ ਹਨ।

ਜਾਇਦਾਦ ਦੇ ਨਿਰੀਖਣ, ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਜਾਂ ਬੋਲੀ ਜਮ੍ਹਾਂ ਕਰਨ ਦੇ ਸੰਬੰਧ ਵਿੱਚ ਕਿਸੇ ਵੀ ਹੋਰ ਸਪਸ਼ਟੀਕਰਨ ਲਈ, ਕਿਰਪਾ ਕਰਕੇ ਸਾਊਥ ਇੰਡੀਅਨ ਬੈਂਕ ਲਿਮਟਿਡ ਨਾਲ 7738-602-229/ 7309-655-552/9007-046-006 (ਸੰਪਰਕ ਨੰਬਰ) 'ਤੇ ਸੰਪਰਕ ਕਰੋ।

**ਸਹੀ/-ਅਧਿਕਾਰਤ ਅਧਿਕਾਰੀ**



## SMFG Grihashakti — Nayi Asha. Naya Vishwas.

## ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

**ਕਾਰਪੋਰੇਟ ਦਫਤਰ** : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051,
**ਰਜਿ. ਦਫ਼ਤਰ** : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਊਂਟ ਪੂਨਾਵਾਲਾ ਰੋਡ, ਪੋਰੂਰ, ਚੇਨੱਈ-600 116, ਟੀ.ਐਨ.

### ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ **"ਐਸਐਮਐਚਐਫਸੀ"** ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ **"ਐਸਐਮਐਚਐਫਸੀ"** ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1. | Lan :- 609939211615173 1. ਗੁਰਵਿੰਦਰ ਸਿੰਘ, ਸਪੁੱਤਰ ਜਸਵੀਰ ਸਿੰਘ 2. ਜਸਵਿੰਦਰ ਕੌਰ, ਪਤਨੀ ਜਸਵੀਰ ਸਿੰਘ | 1 ਕਨਾਲ 0 ਮਰਲੇ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ ਕੁੱਲ 77 ਕਨਾਲ 18 ਮਰਲੇ ਦਾ 20/1558 ਹਿੱਸਾ ਹੈ, ਜੋ ਕਿ ਖਸਰਾ ਨੰਬਰ 1554(20-8), 1555(11-1), 1587(22-8), 1588(23-18), 2125(0-3), ਖੇਵਟ ਨੰਬਰ 291, ਖਤੌਨੀ ਨੰਬਰ 584, ਜਮਾਂਬੰਦੀ ਵਿੱਚ ਸਾਲ 2021-22 ਲਈ ਸ਼ਾਮਲ ਹੈ, ਪਿੰਡ-ਮਹਿਮਾ ਸਵਾਈ, ਤਹਿਸੀਲ ਅਤੇ ਜ਼ਿਲ੍ਹਾ-ਬਠਿੰਡਾ ਵਿਖੇ ਸਥਿਤ ਵਿਕਰੀ ਡੀਡ ਵਸੀਕਾ ਨੰਬਰ 2023-24/70/1/978 ਮਿਤੀ 11-9-2023 ਅਨੁਸਾਰ ਗੁਰਵਿੰਦਰ ਸਿੰਘ ਪੁੱਤਰ ਜਸਵੀਰ ਸਿੰਘ ਦੇ ਨਾਮ 'ਤੇ ਦਰਜ ਹੈ। | 15.12.2025 Rs. 15,84,568.62/- ਰੁਪਏ (ਪੰਦਰਾਂ ਲੱਖ ਚੁਰਾਸੀ ਹਜ਼ਾਰ ਪੰਜ ਸੌ ਅਠਾਹਠ ਰੁਪਏ ਅਤੇ ਬਾਹਠ ਪੈਸੇ ਕੇਵਲ) | 14.04.2026 |
| 2. | Lan :- 609938311174911 1. ਜਗਮੇਲ ਸਿੰਘ, ਪੁੱਤਰ ਗੁਰਚਰਨ ਸਿੰਘ 2. ਕਰਮਜੀਤ ਕੌਰ ਪਤਨੀ ਜਗਮੇਲ ਸਿੰਘ | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜੋ ਕਿ 2 ਕਨਾਲ 13 ਮਰਲੇ ਭਾਵ 1 ਕਨਾਲ 14 ਮਰਲੇ ਜੋ ਕਿ ਕੁੱਲ 11 ਕਨਾਲ 9 ਮਰਲੇ ਦਾ 34/229 ਹਿੱਸਾ ਹੈ, ਜੋ ਕਿ ਖਸਰਾ ਨੰਬਰ-782/0-19, 847/1-1, 2510/831/0-15, 2520/909/0-4, 2509/831/0-16, 2519/909/0-4, 2249/628/0-4, 2250/628/0-8, 760/6-18, ਖੇਵਟ ਨੰਬਰ-287, ਖਤੌਨੀ ਨੰਬਰ 566 ਤੋਂ 570 ਅਤੇ 0 ਕਨਾਲ 19 ਮਰਲੇ ਵਿੱਚ ਸ਼ਾਮਲ ਹੈ, ਜੋ ਕਿ ਕੁੱਲ 48 ਕਨਾਲ 0 ਮਰਲੇ ਦਾ 19/960 ਹਿੱਸਾ ਹੈ, ਜੋ ਕਿ ਖਸਰਾ ਨੰਬਰ 330/16-0, 334/16-0, 333/16-0, ਖੇਵਟ ਨੰ. 56, ਖਤੌਨੀ ਨੰ. 109 ਤੋਂ 111, ਸਾਲ 2020-21 ਲਈ ਜਮਾਂਬੰਦੀ, ਮਰਕ, ਤਹਿਸੀਲ-ਜੈਤੂ, ਜ਼ਿਲ੍ਹਾ-ਫਰੀਦਕੋਟ ਵਿਖੇ ਸਥਿਤ ਤਬਾਦਲਾ ਡੀਡ ਵਸੀਕਾ ਨੰਬਰ 2022-23/39/1/974 ਮਿਤੀ 25-8-2022 ਅਨੁਸਾਰ ਕਰਮਜੀਤ ਕੌਰ ਪਤਨੀ ਜਗਮੇਲ ਸਿੰਘ ਦੇ ਨਾਮ ਤੇ ਦਰਜ ਕੀਤਾ ਗਿਆ। ਹੱਦਬੰਦੀ:- ਪੂਰਬ: ਮੱਖਣ ਸਿੰਘ, ਪੱਛਮ: ਗਲੀ, ਉੱਤਰ: ਛਪਾਰ ਅਤੇ ਰੇਸ਼ਮ ਸਿੰਘ, ਦੱਖਣ: ਉੱਤਰ ਸਿੰਘ। | 16.01.2026 Rs. 24,17,823.74/- ਰੁਪਏ (ਚੌਵੀ ਲੱਖ ਸਤਾਰਾਂ ਹਜ਼ਾਰ ਅੱਠ ਸੌ ਤੇਈ ਅਤੇ ਚੌਹੱਤਰ ਪੈਸੇ ਕੇਵਲ) | 14.04.2026 |
| 3. | Lan :- 610239211888892 1. ਰਾਜੂ ਸਿੰਘ ਪੁੱਤਰ ਸ਼ਮਸ਼ੇਰ ਸਿੰਘ 2. ਸੁਖਵਿੰਦਰ ਕੌਰ ਮਾਰਫਤ ਰਾਜੂ ਸਿੰਘ | ਪਲਾਟ ਨੰਬਰ 44 ਵਾਲੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜੋ ਕਿ 6-1/2 ਮਰਲੇ ਭਾਵ 191.66 ਵਰਗ ਗਜ਼ ਮਾਪ, ਜਿਸ ਵਿੱਚ ਖੇਵਟ ਨੰਬਰ 559/548, ਖਤੌਨੀ ਨੰਬਰ 679, ਖਸਰਾ ਨੰਬਰ 183//2(4-2), 183//3/2(8-15), 83//8(7-0), 183//9(6-4), 183//12/1(2-0), 183//13(8-0), 183//10/2min (2-11), 184//6/1(3-3), 183//10/1(4-0), 183//10/2min (1-15), 183//3/1(0-5), 183//14/1(4-0), 184//6/2(0-13), 177//22/2(2-15), ਕਿੱਤੇ-14, ਤਦਾਦੀ 54 ਕਨਾਲ 13 ਮਰਲੇ ਦਾ 13/2186 ਹਿੱਸਾ, ਸਾਲ 2018-19 ਲਈ ਜਮ੍ਹਾਂਬੰਦੀ, ਹੱਦਬਸਤ ਨੰ-71, ਪਿੱਪਲੀ ਚੌਕ, ਪਿੰਡ-ਸਨੌਰ, ਤਹਿਸੀਲ ਅਤੇ ਜ਼ਿਲ੍ਹਾ-ਪਟਿਆਲਾ ਵਿਖੇ ਸਥਿਤ ਵਿਕਰੀ ਡੀਡ ਵਸੀਕਾ ਨੰ. 2024-25/11/1/16397 ਮਿਤੀ 10-12-2024 ਅਨੁਸਾਰ ਸੁਖਵਿੰਦਰ ਕੌਰ ਪਤਨੀ ਰਾਜੂ ਸਿੰਘ ਦੇ ਨਾਮ ਤੇ ਦਰਜ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ:- ਪੂਰਬ: ਬਿਲਟ-ਅੱਪ ਮਕਾਨ, ਪੱਛਮ: ਸੜਕ, ਉੱਤਰ: ਖਾਲੀ ਪਲਾਟ, ਦੱਖਣ: ਪਰਮਜੀਤ ਸਿੰਘ ਦਾ ਮਕਾਨ। | 16.01.2026 Rs. 9,33,692.71/- ਰੁਪਏ (ਨੌਂ ਲੱਖ ਤੇਤੀ ਹਜ਼ਾਰ ਛੇ ਸੌ ਬਾਨਵੇਂ ਰੁਪਏ ਅਤੇ ਇੱਕਹੱਤਰ ਪੈਸੇ ਕੇਵਲ) | 11.04.2026 |

ਸਹੀ/-

ਸਥਾਨ: ਬਠਿੰਡਾ/ਫਰੀਦਕੋਟ/ਪਟਿਆਲਾ, ਪੰਜਾਬ
ਮਿਤੀ : 11.04.2026/14.04.2026

ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.



## ਸੈਂਟਰਲ ਬੈਂਕ ਆਫ ਇੰਡੀਆ

ਸੈਂਟ੍ਰਲ ਬੈਂਕ ਆਫ ਇੰਡੀਆ Central Bank of India
1911 से आपके लिए "केंद्रित" "CENTRAL TO YOU SINCE 1911"

ਖੇਤਰੀ ਦਫ਼ਤਰ: ਕੇ.ਪੀ. ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ, ਫਿਰੋਜ਼ਪੁਰ ਰੋਡ, ਲੁਧਿਆਣਾ-141001

ਮੰਗ ਸੂਚਨਾ

### ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ 2002 ਦੀ ਧਾਰਾ 13 (2) ਅਧੀਨ ਸੂਚਨਾ

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਕੁਝ ਮਾਮਲਿਆਂ ਵਿਚ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ ਅਤੇ ਸੂਚਨਾ ਉਨ੍ਹਾਂ ਦੇ ਪੰਜੀਕ੍ਰਿਤ ਪਤੇ ਉਪਰ ਚਸਪਾ ਕੀਤੀ ਗਈ ਸੀ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਨਿਜ਼ਾਮ ਰੋਡ ਸ਼ਾਖਾ** 1) ਸ੍ਰੀ ਧੀਰਜ ਕੁਮਾਰ ਪੁੱਤਰ ਸਵਰਗੀ ਸ੍ਰੀ ਭਗਵੰਤ ਕਿਸ਼ੋਰ ਮਕਾਨ ਨੰ 4168, ਗਲੀ ਨੰ: 5, ਗੁਰੂ ਨਾਨਕ ਗਲੀ, ਸ਼ਰਮਾ ਧਰਮ ਕਾਂਡਾ ਨੇੜੇ, ਸ਼ਿਮਲਾਪੁਰੀ, ਗਿੱਲ ਰੋਡ, ਲੁਧਿਆਣਾ- 141001, 2) ਸ੍ਰੀਮਤੀ ਭਾਰਤੀ ਸ਼ਰਮਾ ਪਤਨੀ ਸ੍ਰੀ ਧੀਰਜ ਕੁਮਾਰ ਮਕਾਨ ਨੰ: 4168, ਗਲੀ ਨੰ: 5, ਗੁਰੂ ਨਾਨਕ ਗਲੀ, ਨੇੜੇ ਸ਼ਰਮਾ ਧਰਮ ਕੰਡਾ, ਸ਼ਿਮਲਾਪੁਰੀ, ਗਿੱਲ ਰੋਡ, ਲੁਧਿਆਣਾ-141001 | ਜਾਇਦਾਦ ਦੇ ਮਾਲਕ ਸ਼੍ਰੀ ਧੀਰਜ ਕੁਮਾਰ ਪੁੱਤਰ ਸਵਰਗੀ ਸ਼੍ਰੀ ਭਗਵੰਤ ਕਿਸ਼ੋਰ, 150 ਵਰਗ ਗਜ਼ ਮਾਪ, ਖਸਰਾ ਨੰਬਰ 984 ਖਾਤਾ ਨੰਬਰ 883/1267, ਸਾਲ 2010-11 ਦੀ ਜਮਾਂਬੰਦੀ ਵਿਕਰੀ ਡੀਡ ਵਸੀਕਾ ਨੰਬਰ 7926 ਮਿਤੀ 06/08/2002 ਅਨੁਸਾਰ, ਗਿੱਲ-1, ਹੱਦਬਸਤ ਨੰਬਰ 263, ਸ਼ਿਮਲਾਪੁਰੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ। ਹੱਦਬੰਦੀ: ਪੂਰਬ: ਗਲੀ 18' ਚੌੜੀ 30', ਉੱਤਰ: ਅਵਤਾਰ ਸਿੰਘ 45', ਪੱਛਮ: ਗੁਆਂਢੀ 30' ਦੱਖਣ: ਨਿਰਮਲ ਸਿੰਘ 45' | 29.03.2026 | 04.04.2026 | Rs. 14,63,680.63 (ਚੌਦਾਂ ਲੱਖ ਤਰੇਂਹਠ ਹਜ਼ਾਰ ਛੇ ਸੌ ਅੱਸੀ ਅਤੇ ਤਰੇਂਹਠ ਪੈਸੇ ਕੇਵਲ) ਸੈਂਟ ਮੌਰਗੇਜ ਓਡੀ 'ਤੇ 9.25% ਸਾਲਾਨਾ ਵਿਆਜ ਅਤੇ FITL MSME 'ਤੇ 9.40% ਸਾਲਾਨਾ ਵਿਆਜ ਸਮੇਤ ਮਹੀਨਾਵਾਰ ਬਕਾਇਆ 'ਤੇ 04/04/2026 ਤੋਂ ਗਣਨਾ ਕੀਤੀ ਜਾਵੇਗੀ। |
| **ਸੰਗਰੂਰ ਸ਼ਾਖਾ** 1) ਸ੍ਰੀ ਗੁਰਚਰਨ ਸਿੰਘ ਪੁੱਤਰ ਸ੍ਰੀ ਜਸਵੰਤ ਸਿੰਘ ਮਕਾਨ ਨੰ. 145, ਗਲੀ ਨੰ. 5, ਵਾਰਡ ਨੰ. 27 ਨੇੜੇ ਰੇਲਵੇ ਲਾਈਨ, ਪ੍ਰੀਤ ਨਗਰ ਸੰਗਰੂਰ-148001, 2) ਸ੍ਰੀ ਬਲਵੀਰ ਸਿੰਘ ਪੁੱਤਰ ਸ੍ਰੀ ਜਰਨੈਲ ਸਿੰਘ (ਜ਼ਾਮਨ) ਪਿੰਡ ਅਤੇ ਡਾਕਖਾਨਾ ਚੰਗਾਲ, ਤਹਿਸੀਲ ਅਤੇ ਜ਼ਿਲ੍ਹਾ ਸੰਗਰੂਰ - 148001 | 150 ਵਰਗ ਗਜ਼ ਦੀ ਰਿਹਾਇਸ਼ੀ ਜਾਇਦਾਦ ਜਿਸਦਾ ਵਿਕਰੀ ਡੀਡ ਦੇ ਸਮੇਂ ਖਾਤਾ ਨੰਬਰ - 1426/2063/1 ਅਤੇ ਜਮਾਂਬੰਦੀ ਖਾਤਾ ਨੰਬਰ 2733/2555, ਖਤੌਨੀ ਨੰਬਰ 3705 ਅਤੇ ਖਸਰਾ ਨੰਬਰ 107//25/ਮਿੰਨ 0-5 ਹੈ, ਜੋ ਕਿ ਮਕਾਨ ਨੰਬਰ-145, ਗਲੀ ਨੰਬਰ-5, ਵਾਰਡ ਨੰਬਰ-27, ਰੇਲਵੇ ਲਾਈਨ ਦੇ ਨੇੜੇ, ਪ੍ਰੀਤ ਨਗਰ, ਸੰਗਰੂਰ ਵਿਖੇ ਸਥਿਤ ਹੈ ਅਤੇ ਪੂਰਬ- ਗਲੀ 20' 4.5" ਚੌੜੀ, ਪੱਛਮ- ਨਰੰਜਨ ਸਿੰਘ 20'4.5" ਚੌੜੀ, ਉੱਤਰ- ਗੁਰਦਿਆਲ ਸਿੰਘ 66'0" ਚੌੜੀ, ਦੱਖਣ- ਨਰੇਸ਼ ਸਿੰਘ 66'0" ਚੌੜੀ, ਵਿਕਰੀ ਡੀਡ ਨੰਬਰ 910 ਮਿਤੀ 25.07.1991 ਅਤੇ ਜਮਾਂਬੰਦੀ 2009-10 ਦੁਆਰਾ ਸ਼੍ਰੀ ਗੁਰਚਰਨ ਸਿੰਘ ਪੁੱਤਰ ਜਸਵੰਤ ਸਿੰਘ ਦੀ ਮਲਕੀਅਤ ਹੈ। | 20.03.2026 | 02.04.2026 | Rs. 2,75,727.00 (ਦੋ ਲੱਖ ਪਚੱਤਰ ਹਜ਼ਾਰ ਸੱਤ ਸੌ ਸਤਾਈ ਅਤੇ ਜ਼ੀਰੋ ਪੈਸੇ ਕੇਵਲ) 02.04.2026 ਤੋਂ ਮਾਸਿਕ ਬਕਾਏ 'ਤੇ 8.45% ਸਾਲਾਨਾ ਵਿਆਜ ਸਮੇਤ। |

ਹੁਣ ਇਸ ਪ੍ਰਕਾਸ਼ਨ ਦੇ ਮਾਧਿਅਮ ਦੁਆਰਾ ਸੁਰੱਖਿਅਣ ਕਾਨੂੰਨ 2002 ਦੀ ਵਿਵਸਥਾ ਅਨੁਸਾਰ ਸੁਰੱਖਿਅਤ ਕਰਜ਼ਦਾਤਾ (ਬੈਂਕ) ਦੇ ਅਧਿਕਾਰਤ ਅਧਿਕਾਰੀ ਵਜੋਂ ਆਪਣੀ ਸਮਰਥਾ ਵਿਚ ਨਿਮਨ ਹਸਤਾਖ਼ਰੀ ਦੁਆਰਾ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਲਾਗੂ ਅਨੁਸਾਰ ਭਾਵੀ ਵਿਆਜ ਅਤੇ ਖਰਚਿਆਂ/ਫੀਸਾਂ ਸਮੇਤ ਬਕਾਇਆ ਦੇਣਦਾਰੀ ਦੀ ਰਕਮ ਨੂੰ ਅਦਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਜਿਸ ਤੋਂ ਅਸਫਲ ਰਹਿਣ 'ਤੇ ਸੁਰੱਖਿਅਤ ਕਰਜ਼ਦਾਤਾ ਦਰਸਾਏ ਅਧਿਆਦੇਸ਼ ਦੀ ਧਾਰਾ 13 ਦੀ ਉਪ ਧਾਰਾ (2) ਅਤੇ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਵਿਸਥਾਰਤ ਅਨੁਸਾਰ ਕਿਸੇ ਵੀ ਜਾਂ ਸਾਰੇ ਅਧਿਕਾਰਾਂ ਦੀ ਵਰਤੋਂ ਕਰਨਗੇ।

ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਦਰਸਾਏ ਕਾਨੂੰਨ ਦੀ ਧਾਰਾ 13 ਦੇ ਸਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਪ੍ਰਵਾਨਗੀ ਪ੍ਰਾਪਤ ਕੀਤੇ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਅਜਿਹੀ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਬੈਂਕ ਦੇ ਅਧਿਕਾਰ ਦੀ ਉਲੰਘਣਾ ਤੋਂ ਬਿਨਾਂ ਹੈ।

**ਤੁਹਾਡਾ ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

ਮਿਤੀ : 16.04.2026 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ

# ਗੋਬਿੰਦ ਸਕੂਲ ਭਦੌੜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਤੋਂ ਬਾਅਦ ਪੁਲਿਸ ਨੇ ਸੰਭਾਲਿਆ ਮੋਰਚਾ




ਭਦੌੜ, 16 ਅਪ੍ਰੈਲ (ਸੁਖਵਿੰਦਰ ਪਲਾਹਾ): ਕਸਬਾ ਭਦੌੜ ਦੀ ਨਾਮਵਰ ਵਿੱਦਿਅਕ ਸੰਸਥਾ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਨੂੰ ਅੱਜ ਸਵੇਰੇ ਤਕਰੀਬਨ 8:05 ਮਿੰਟ 'ਤੇ ਈ.ਮੇਲ ਰਾਹੀ ਸਕੂਲ ਨੂੰ ਆਰ.ਡੀ.ਐਕਸ ਨਾਲ ਉਡਾਉਣ ਦੀ ਧਮਕੀ ਮਿਲਣ ਕਾਰਨ ਸਕੂਲ ਦੇ ਸਟਾਫ ਤੇ ਅਧਿਕਾਰੀਆਂ ਵੱਲੋਂ ਤੁਰੰਤ ਹਰਕਤ ਵਿੱਚ ਆਉਦਿਆਂ ਇਸ ਸਬੰਧੀ ਜ਼ਿਲ੍ਹਾ ਪੁਲਸ ਪ੍ਰਸ਼ਾਸਨ ਦੇ ਇਹ ਗੱਲ ਧਿਆਨ ਵਿੱਚ ਲਿਆ ਦਿੱਤੀ ਗਈ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਵੱਡੀ ਐਕਸ਼ਨ ਲੈਂਦਿਆ ਬੰਬ ਰੋਧਕ ਦਸਤੇ ਨੂੰ ਨਾਲ ਲੈ ਕੇ ਚੈਕਿੰਗ ਕੀਤੀ ਗਈ। ਇਸ ਮੌਕੇ ਥਾਣਾ ਭਦੌੜ ਵਿਖੇ ਡੀ.ਐਸ.ਪੀ. ਤਪਾ ਸ: ਗੁਰਪ੍ਰੀਤ ਸਿੰਘ ਸਿੱਧੂ ਨੇ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਅੱਜ ਗੋਬਿੰਦ ਇੰਟਰਨੈਸ਼ਨਲ ਪਬਲਿਕ ਸਕੂਲ ਭਦੌੜ ਦੇ ਪ੍ਰਿੰਸੀਪਲ ਵੱਲੋਂ ਥਾਣਾ ਭਦੌੜ ਵਿਖੇ ਫੋਨ ਕਰਕੇ ਸੂਚਿਤ ਕੀਤਾ ਗਿਆ ਕਿ ਸਕੂਲ ਦੀ ਈ.ਮੇਲ ਤੇ ਸਕੂਲ ਵਿੱਚ ਆਰ.ਡੀ.ਐਕਸ (ਧਮਾਕਖੇਜ ਸਮੱਗਰੀ) ਰੱਖਿਆ ਗਿਆ ਹੈ ਹੈ। ਜਿਸ ਦੇ ਸਬੰਧ ਵਿੱਚ ਅਸੀ ਤੁਰੰਤ ਐਕਸ਼ਨ ਲੈਂਦਿਆਂ ਥਾਣਾ ਭਦੌੜ ਦੇ ਇੰਸਪੈਕਟਰ ਹਰਸਿਮਰਨਜੀਤ ਸਿੰਘ ਆਪਣੀ ਪੂਰੀ ਪੁਲਸ ਟੀਮ ਦੇ ਨਾਲ ਸਕੂਲ ਵਿੱਖੇ ਪਹੁੰਚੇ ਅਤੇ ਉਸ ਤੋਂ ਬਾਅਦ ਬੰਬ ਰੋਧਕ ਦਸਤੇ ਨੂੰ ਬੁਲਾ ਕੇ ਪੂਰੇ ਸਕੂਲ ਦੀ ਚੈਕਿੰਗ ਕਰਵਾਈ ਗਈ ਪਰੰਤੂ ਉੱਥੇ ਕੁੱਝ ਵੀ ਨਹੀ ਮਿਲਿਆ ਅਤੇ ਇਹ ਕਿਸੇ ਗਲਤ ਅਨਸਰ ਵੱਲੋਂ ਸਕੂਲ ਮੈਨੇਜਮੈਂਟ ਨੂੰ ਪ੍ਰੇਸ਼ਾਨੀ ਦੇਣ ਦੇ ਲਈ ਹੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਸੀ ਇਸ ਈ ਮੇਲ ਭੇਜਣ ਵਾਲੇ ਗਲਤ ਅਨਸਰਾਂ ਦਾ ਸਾਇਬਰ ਸੈੱਲ ਰਾਹੀ ਪਤਾ ਕਰ ਰਹੇ ਹਾਂ ਜੋ ਵੀ ਦੋਸ਼ੀ ਪਾਇਆ ਗਿਆ ਉਸ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਕੂਲ ਦੇ ਪ੍ਰਿੰਸੀਪਲ ਪਵਨ ਕੁਮਾਰ ਠਾਕੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦੋਂ ਸਾਨੂੰ ਸਕੂਲ ਦੀ ਈਮੇਲ ਰਾਹੀਂ ਇਹ ਸੂਚਨਾ ਮਿਲੀ ਕਿ ਸਕੂਲ ਵਿੱਚ ਆਰ ਡੀ ਐਕਸ ਰੱਖਿਆ ਹੋਇਆ ਹੈ, ਤਾਂ ਅਸੀ ਤੁਰੰਤ ਹੀ ਸਾਰੀਆਂ ਕਲਾਸਾਂ ਖਾਲੀ ਕਰਵਾ ਕੇ ਬੱਚਿਆਂ ਨੂੰ ਸੁਰੱਖਿਅਤ ਜਗ੍ਹਾ ਤੇ ਇੱਕਠੇ ਕਰ ਦਿੱਤਾ ਗਿਆ ਅਤੇ ਭਦੌੜ ਪੁਲਸ ਨੂੰ ਸੂਚਿਤ ਕਰਕੇ ਇਸ ਘਟਨਾ ਦੀ ਜਾਣਕਾਰੀ ਦਿੱਤੀ ਗਈ। ਉਹਨਾਂ ਕਿਹਾ ਕਿ ਭਦੌੜ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜੋ ਕੰਮ ਮਾਸੂਮ ਬੱਚਿਆਂ ਲਈ ਕੀਤਾ ਉਸ ਦਾ ਅਸੀਂ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਕਿਉਂਕਿ ਭਦੌੜ ਪੁਲਸ ਦਾ ਬਹੁਤ ਹੀ ਸਲਾਹੁਣਯੋਗ ਯੋਗ ਕਦਮ ਸੀ। ਇਸ ਮੌਕੇ ਥਾਣਾ ਭਦੌੜ ਦੇ ਇੰਸਪੈਕਟਰ ਹਰਸਿਮਰਨਜੀਤ ਸਿੰਘ, ਏ.ਐਸ.ਆਈ. ਕਮਲਜੀਤ ਸਿੰਘ, ਏ.ਐਸ.ਆਈ. ਸੰਤੋਖ ਸਿੰਘ, ਹੈੱਡ ਮੁਨਸ਼ੀ ਹਰਦੀਪ ਸਿੰਘ, ਬਲਵਿੰਦਰ ਸਿੰਘ, ਆਦਿ ਹਾਜ਼ਿਰ ਸਨ।

# 10ਵੀਂ ਜਮਾਤ ਨੇ ਸੀ.ਬੀ.ਐਸ.ਈ ਬੋਰਡ ਪ੍ਰੀਖਿਆਵਾਂ ਵਿੱਚ ਇੱਕ ਸ਼ਾਨਦਾਰ ਸਫਲਤਾ ਦੀ ਕਹਾਣੀ ਲਿਖੀ



ਬਰਨਾਲਾ, 16 ਅਪ੍ਰੈਲ (ਇਸ਼ਨ ਕੰਗ): ਮਦਰ ਟੀਚਰ ਸਕੂਲ, ਬਰਨਾਲਾ ਨੇ ਇੱਕ ਵਾਰ ਫਿਰ ਆਪਣੇ ਵਿਦਿਆਰਥੀਆਂ ਨੂੰ ਅਕਾਦਮਿਕ ਸੈਸ਼ਨ 2025-26 ਲਈ ਸੀਬੀਐਸਈ ਦਸਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਨਾਲ ਮਾਣ ਵਧਾਇਆ ਹੈ। ਨਤੀਜਿਆਂ ਦਾ ਐਲਾਨ ਪੂਰੇ ਮਦਰ ਟੀਚਰ ਸਕੂਲ ਵਿੱਚ ਬਹੁਤ ਮਾਣ ਅਤੇ ਜਸ਼ਨ ਦਾ ਪਲ ਸੀ। ਪ੍ਰੀਖਿਆ ਦੇਣ ਵਾਲੇ 121 ਵਿਦਿਆਰਥੀਆਂ ਵਿੱਚੋਂ, 46 ਵਿਦਿਆਰਥੀਆਂ ਨੇ 90% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ, ਨਾ ਸਿਰਫ ਆਪਣੀ ਅਕਾਦਮਿਕ ਯੋਗਤਾ ਦਾ ਪ੍ਰਦਰਸ਼ਨ ਕੀਤਾ ਬਲਕਿ ਸਕੂਲ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਦੇ ਦ੍ਰਿੜ ਇਰਾਦੇ ਦਾ ਵੀ ਪ੍ਰਦਰਸ਼ਨ ਕੀਤਾ। ਇਸ ਸ਼ਾਨਦਾਰ ਸਫਲਤਾ ਨੇ ਸਕੂਲ ਦੇ ਅਕਾਦਮਿਕ ਸਫ਼ਰ ਵਿੱਚ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਪ੍ਰਾਪਤੀਆਂ ਦੀ ਸੂਚੀ ਵਿੱਚ ਸਭ ਤੋਂ ਅੱਗੇ ਮਦਰਾਈਟ ਗਣਿਕਾ ਸੀ, ਜਿਸਨੇ 98.8% ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸ ਤੋਂ ਬਾਅਦ ਗੌਰਵ ਗਰਗ ਸੀ, ਜਿਸਨੇ 98.6% ਨਾਲ ਦੂਜਾ ਸਥਾਨ ਪ੍ਰਾਪਤ ਕੀਤਾ, ਅਤੇ ਕਾਵਿਸ਼ ਗੁਪਤਾ, ਜਿਸਨੇ 98.4% ਨਾਲ ਪ੍ਰਭਾਵਸ਼ਾਲੀ ਤੀਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੇ ਸਮਰਪਣ, ਸਖ਼ਤ ਮਿਹਨਤ ਅਤੇ ਕੇਂਦ੍ਰਿਤ ਯਤਨਾਂ ਨੇ ਸੱਚਮੁੱਚ ਰੰਗ ਲਿਆ ਹੈ, ਉਨ੍ਹਾਂ ਦੇ ਸਾਥੀਆਂ ਨੂੰ ਉੱਚਾ ਟੀਚਾ ਰੱਖਣ ਲਈ ਪ੍ਰੇਰਿਤ ਕੀਤਾ ਹੈ। ਸਕੂਲ ਪ੍ਰਿੰਸੀਪਲ ਨੇ ਸਾਰੇ ਪ੍ਰਾਪਤੀਆਂ ਕਰਨ ਵਾਲਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ, ਇਹ ਸ਼ਾਨਦਾਰ ਨਤੀਜਾ ਸਾਡੇ ਵਿਦਿਆਰਥੀਆਂ ਦੇ ਨਿਰੰਤਰ ਯਤਨਾਂ, ਸਾਡੇ ਅਧਿਆਪਕਾਂ ਦੇ ਅਟੁੱਟ ਸਮਰਪਣ ਅਤੇ ਸਾਡੇ ਮਾਪਿਆਂ ਦੇ ਅਟੁੱਟ ਸਮਰਥਨ ਦਾ ਪ੍ਰਤੀਬਿੰਬ ਹੈ। ਸਕੂਲ ਵਿੱਚ, ਅਸੀਂ ਹਰ ਬੱਚੇ ਦੀ ਸਮਰੱਥਾ ਨੂੰ ਪਾਲਣ ਵਿੱਚ ਵਿਸ਼ਵਾਸ ਰੱਖਦੇ ਹਾਂ, ਅਤੇ ਇਨ੍ਹਾਂ 46 ਚਮਕਦੇ ਸਿਤਾਰਿਆਂ ਨੇ ਉਸ ਵਚਨਬੱਧਤਾ ਨੂੰ ਸਾਬਤ ਕੀਤਾ ਹੈ। ਸਕੂਲ ਪ੍ਰਬੰਧਨ ਨੇ ਹਰ ਸਾਲ ਅਜਿਹੇ ਉੱਚ ਅਕਾਦਮਿਕ ਮਿਆਰਾਂ ਨੂੰ ਬਣਾਈ ਰੱਖਣ ਵਿੱਚ ਪੂਰੇ ਅਧਿਆਪਨ ਸਟਾਫ ਦੇ ਸਮੂਹਿਕ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਨੂੰ ਹਰ ਖੇਤਰ ਵਿੱਚ ਉੱਤਮਤਾ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ। ਇਹ ਸ਼ਾਨਦਾਰ ਨਤੀਜਾ ਇੱਕ ਵਾਰ ਫਿਰ ਮਦਰ ਟੀਚਰ ਸਕੂਲ, ਬਰਨਾਲਾ ਦੀ ਅਕਾਦਮਿਕ ਉੱਤਮਤਾ ਦੇ ਕੇਂਦਰ ਵਜੋਂ ਸਥਿਤੀ ਨੂੰ ਮਜ਼ਬੂਤ ਕਰਦਾ ਹੈ ਜੋ ਆਤਮਵਿਸ਼ਵਾਸੀ, ਸਮਰੱਥ ਅਤੇ ਭਵਿੱਖ ਲਈ ਵਚਨਬੱਧ ਹੈ।

# ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਭਦੌੜ ਦਾ ਸਾਲਾਨਾ ਨਤੀਜਾ ਰਿਹਾ 100 ਫ਼ੀਸਦੀ



ARMAAN SINGH BUTTAR 98% | BHUMIKA AGGARWAL 94.6% | GURVEER KAUR 92.2%

ਭਦੌੜ, 16 ਅਪ੍ਰੈਲ (ਸੁਖਵਿੰਦਰ ਪਲਾਹਾ): ਇਲਾਕੇ ਦੀ ਉੱਘੀ ਵਿੱਦਿਅਕ ਸੰਸਥਾ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਭਦੌੜ ਦਾ ਦਸਵੀਂ ਜਮਾਤ (ਸੈਸ਼ਨ 2025- 26) ਦਾ ਨਤੀਜਾ ਹਰ ਸਾਲ ਦੀ ਤਰ੍ਹਾਂ 100 ਫ਼ੀਸਦੀ ਰਿਹਾ। ਇਸ ਵਾਰ ਦਸਵੀਂ ਦੇ ਨਤੀਜੇ ਤਹਿਤ ਅਰਮਾਨ ਸਿੰਘ ਬੁੱਟਰ ਨੇ 98% ਅੰਕ ਪ੍ਰਾਪਤ ਕਰਕੇ ਭਦੌੜ ਖੇਤਰ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸੇ ਤਰ੍ਹਾਂ ਭੂਮਿਕਾ ਅਗਰਵਾਲ ਨੇ 94.6% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਗੁਰਵੀਰ ਕੌਰ ਨੇ 92.2% ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਸਕੂਲ ਵੱਲੋਂ ਵਧਾਈ ਦਿੱਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਾਨ ਨਿਰਦੇਸ਼ ਰਲਹੰਸ ਜੀ ਨੇ ਨਤੀਜਿਆਂ ਵਿੱਚੋਂ ਵਧੀਆ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਦਿਆਰਥੀਆਂ ਨੇ ਵਧੀਆ ਅੰਕ ਹਾਸਿਲ ਕਰਕੇ ਆਪਣੇ ਸਕੂਲ ਮਾਪਿਆਂ ਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ ਤੇ ਨਾਲ ਹੀ ਉਹਨਾਂ ਨੇ ਵਿਦਿਆਰਥੀਆਂ ਨੂੰ ਅਗਲੇਰੇ ਭਵਿੱਖ ਦੀ ਕਾਮਨਾ ਕੀਤੀ ਪ੍ਰਿੰਸੀਪਲ ਸਰ ਨੇ ਇਹਨਾਂ ਨਤੀਜਿਆਂ ਦਾ ਸਿਹਰਾ ਮਿਹਨਤੀ ਅਧਿਆਪਕਾਂ ਅਤੇ ਮਾਪਿਆਂ ਸਿਰ ਬੰਨਿਆ ਅਤੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਸੀਨੀਅਰ ਵਿੰਗ ਦੇ ਅਧਿਆਪਕ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

# ਜੈ ਵਾਟਿਕਾ ਪਬਲਿਕ ਸਕੂਲ ਦਾ ਦਸਵੀਂ ਜਮਾਤ ਵਿੱਚ 100 ਫ਼ੀਸਦ ਨਤੀਜਾ




ਬਰਨਾਲਾ, 16 ਅਪ੍ਰੈਲ (ਹਮੀਰ ਸਿੰਘ): ਸਿੱਖਿਆ ਵਿੱਚ ਆਪਣੀ ਉੱਤਮਤਾ ਅਤੇ ਅਨੁਸ਼ਾਸਨ ਲਈ ਮਸ਼ਹੂਰ ਜੈ ਵਾਟਿਕਾ ਪਬਲਿਕ ਸਕੂਲ, ਬਰਨਾਲਾ ਨੇ ਇੱਕ ਵਾਰ ਫਿਰ ਸ਼ਾਨਦਾਰ ਸਫਲਤਾ ਪ੍ਰਾਪਤ ਕੀਤੀ ਹੈ, ਦਸਵੀਂ ਜਮਾਤ ਦੇ ਬੋਰਡ ਪ੍ਰੀਖਿਆ ਦੇ ਨਤੀਜਿਆਂ ਵਿੱਚ 100% ਸਫਲਤਾ ਪ੍ਰਾਪਤ ਕੀਤੀ ਹੈ। ਸਾਰੇ ਵਿਦਿਆਰਥੀ ਪਾਸ ਹੋਏ, ਬਹੁਮਤ ਨਾਲ ਪਹਿਲੇ ਦਰਜੇ ਵਿੱਚ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ। ਇਸ ਸਾਲ, ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਜ਼ਿਲ੍ਹੇ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਕਰਨਵੀਰ ਸਿੰਘ ਨੇ 98% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਗੁਰਨੀਤ ਕੌਰ ਨੇ 97.6% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦੋਂਕਿ ਯਸ਼ਨੂਰ ਕੌਰ ਦਿਓਲ ਨੇ 97% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਅਰਮਾਨਇੰਦਰਦੀਪ ਕੌਰ ਨੇ 95.8% ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ, ਅਤੇ ਜਾਨਵੀ ਨੇ 95.4% ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਸਕੂਲ ਦਾ ਨਾਮ ਰੌਸ਼ਨ ਹੋਇਆ। ਸਕੂਲ ਦੇ 17 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣੀ ਮਿਹਨਤ ਅਤੇ ਲਗਨ ਦਾ ਪ੍ਰਦਰਸ਼ਨ ਕੀਤਾ। ਖਾਸ ਤੌਰ 'ਤੇ, ਕਈ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ, ਉੱਤਮਤਾ ਲਈ ਨਵੇਂ ਮਾਪਦੰਡ ਸਥਾਪਤ ਕੀਤੇ। ਇਸ ਬੇਮਿਸਾਲ ਸਫਲਤਾ ਨੇ ਸਕੂਲ ਕੈਂਪਸ ਵਿੱਚ ਖੁਸ਼ੀ ਅਤੇ ਉਤਸ਼ਾਹ ਲਿਆਇਆ। ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਦੇ ਚਿਹਰਿਆਂ 'ਤੇ ਮਾਣ ਅਤੇ ਸੰਤੁਸ਼ਟੀ ਸਾਫ਼ ਦਿਖਾਈ ਦੇ ਰਹੀ ਸੀ। ਸਕੂਲ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਇਸ ਪ੍ਰਾਪਤੀ ਤੇ ਖੁਸ਼ੀ ਪ੍ਰਗਟ ਕਰਦੇ ਹੋਏ ਕਿਹਾ, ਇਹ ਸ਼ਾਨਦਾਰ ਨਤੀਜਾ ਸਾਡੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਸਾਡੇ ਅਧਿਆਪਕਾਂ ਦੇ ਸਮਰਪਣ ਅਤੇ ਸਾਡੇ ਮਾਪਿਆਂ ਦੇ ਸਮਰਥਨ ਦਾ ਨਤੀਜਾ ਹੈ। ਸਾਨੂੰ ਆਪਣੇ ਵਿਦਿਆਰਥੀਆਂ 'ਤੇ ਮਾਣ ਹੈ ਅਤੇ ਅਸੀਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹਾਂ। ਸਕੂਲ ਡਾਇਰੈਕਟਰ ਸ਼੍ਰੀਮਤੀ ਨੀਸ਼ਾ ਬਾਂਸਲ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ, ਇਹ ਸਫਲਤਾ ਇਸ ਗੱਲ ਦਾ ਸਬੂਤ ਹੈ ਕਿ ਹਰ ਟੀਚਾ ਗੁਣਵੱਤਾ ਵਾਲੀ ਸਿੱਖਿਆ, ਅਨੁਸ਼ਾਸਨ ਅਤੇ ਸਮਰਪਣ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

# ਖ਼ੂਨ ਦੇ ਰਿਸ਼ਤੇ ਹੋਏ ਤਾਰ ਤਾਰ, ਮਾਮੂਲੀ ਝਗੜੇ ਕਾਰਨ ਛੋਟੇ ਭਰਾ ਵੱਲੋਂ ਵੱਡੇ ਭਰਾ ਦਾ ਕਤਲ



ਧਨੌਲਾ, 16 ਅਪ੍ਰੈਲ (ਚਮਕੌਰ ਸਿੰਘ ਗੱਗੀ): ਬਰਨਾਲਾ ਜ਼ਿਲ੍ਹੇ ਦੇ ਥਾਣਾ ਧਨੌਲਾ ਅਧੀਨ ਪੈਂਦੇ ਪਿੰਡ ਬਡਬਰ ਵਿਖੇ ਮਾਮੂਲੀ ਗੱਲ ਕਾਰਨ ਛੋਟੇ ਭਰਾ ਨੇ ਆਪਣੇ ਵੱਡੇ ਭਰਾ ਨੂੰ ਟਰੈਕਟਰ ਨਾਲ ਦਰੜ ਕੇ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ, ਮਿਰਤਕ ਦੀ ਪਹਿਚਾਣ ਮਨਜਿੰਦਰ ਸਿੰਘ ਗੋਗਾ ਵਜੋਂ ਹੋਈ ਹੈ, ਪੁਲਿਸ ਵਲੋ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ, ਇਸ ਸਬੰਧੀ ਪਿੰਡ ਬਡਬਰ ਦੇ ਸਰਪੰਚ ਜੱਗਾ ਸਿੰਘ ਨੇ ਕਿਹਾ ਕਿ ਦੋਵਾਂ ਭਰਾਵਾਂ ਦਾ ਆਪਸ ਵਿੱਚ ਜ਼ਮੀਨ ਦੇ ਪੈਸੇ ਅਤੇ ਸਾਂਝੀ ਟਾਹਲੀ ਦੇ ਦਰਖਤ ਦਾ ਝਗੜਾ ਚੱਲ ਰਿਹਾ ਸੀ ਜਿਸ ਸਬੰਧੀ ਧਨੌਲਾ ਪੁਲਿਸ ਨੇ ਸ਼ੁਕਰਵਾਰ ਦਾ ਟਾਈਮ ਦਿੱਤਾ ਸੀ, ਪਰ ਮਿਰਤਕ ਦਾ ਭਰਾ ਸੁਖਵਿੰਦਰ ਸਿੰਘ ਰੋਜਾਨਾ ਇਸ ਨੂੰ ਮਾਰਨ ਦੀਆਂ ਧਮਕੀਆਂ ਦਿੰਦਾ ਸੀ, ਜਿਸ ਬਾਰੇ ਪੰਚਾਇਤ ਕੋਲ ਵੀ ਗੱਲ ਪਹੁੰਚੀ ਸੀ, ਜਿਸ ਸਬੰਧੀ ਦੋਵਾਂ ਭਰਾਵਾਂ ਨੂੰ ਕੱਲ ਬੁਲਾਇਆ ਸੀ, ਪਰ ਇਸ ਤੋਂ ਪਹਿਲਾਂ ਹੀ ਸੁਖਵਿੰਦਰ ਸਿੰਘ ਨੇ ਇਸ ਘਟਨਾ ਨੂੰ ਅੰਜਾਮ ਦੇ ਦਿੱਤਾ, ਮਿਰਤਕ ਦੀ ਪਤਨੀ ਪਰਮਜੀਤ ਕੌਰ ਨੇ ਦੱਸਿਆ ਕਿ ਮੇਰਾ ਪਤੀ ਮਨਜਿੰਦਰ ਸਿੰਘ ਆਪਣੇ ਸੀਰੀ ਸੋਨੀ ਨਾਲ ਆਪਣੇ ਮੋਟਰਸਾਈਕਲ ਤੇ ਕੰਬਾਈਨ ਪੁੱਛਣ ਲਈ ਜਾ ਰਹੇ ਸਨ ਅਜੇ ਥੋੜੀ ਦੂਰ ਗਏ ਸਨ ਤਾਂ ਪਿੱਛੋਂ ਆਪਣੇ ਸਵਰਾਜ ਟਰੈਕਟਰ 855 ਤੇ ਸਵਾਰ ਹੋ ਕੇ ਇਹਦਾ ਛੋਟਾ ਭਰਾ ਸੁਖਵਿੰਦਰ ਸਿੰਘ ਨੇ ਆਪਣਾ ਟਰੈਕਟਰ ਭਜਾ ਕੇ ਉਹਨਾਂ ਉੱਤੇ ਚੜਾ ਦਿੱਤਾ, ਜਿਸ ਨਾਲ ਉਹ ਦੋਵੇ ਡਿੱਗ ਪਏ, ਪਰ ਸੁੱਖਵਿੰਦਰ ਨੇ ਬਾਰ ਬਾਰ ਟਰੈਕਟਰ ਉੱਤੇ ਚੜਾਇਆ, ਜਿਸ ਨਾਲ ਮਨਜਿੰਦਰ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ, ਤੇ ਆਪ ਫਰਾਰ ਹੋ ਗਿਆ ਜਦੋਂ ਕਿ ਸੀਰੀ ਸੋਨੀ ਦੀ ਲੱਤ ਟੁੱਟ ਗਈ, ਜਿਨਾਂ ਨੂੰ ਸਰਕਾਰੀ ਹਸਪਤਾਲ ਧਨੌਲਾ ਵਿਖੇ ਦਾਖਲ ਕਰਵਾਇਆ, ਉੱਥੇ ਡਾਕਟਰਾਂ ਨੇ ਮਨਜਿੰਦਰ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ ਉਹਨਾਂ ਨੇ ਦੱਸਿਆ ਕਿ ਦੋਵਾਂ ਭਰਾਵਾਂ ਵਿਚ ਪਿਛਲੇ ਤਿੰਨ ਚਾਰ ਦਿਨਾਂ ਤੋ ਖੇਤ ਚ ਖੜੀ ਟਾਹਲੀ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ। ਇਸ ਸਬੰਧੀ ਉਨ੍ਹਾਂ ਦੇ ਪਿਤਾ ਜੀਤ ਸਿੰਘ ਨੇ ਪਹਿਲਾਂ ਹੀ ਥਾਣਾ ਧਨੌਲਾ ਵਿੱਚ ਸ਼ਿਕਾਇਤ ਦਰਜ ਕਰਵਾਈ ਹੋਈ ਸੀ, ਜਦੋਂ ਇਸ ਸਬੰਧੀ ਡੀ ਐਸ ਪੀ ਸਤਬੀਰ ਸਿੰਘ ਬੈਂਸ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਮ੍ਰਿਤਕ ਦੀ ਪਤਨੀ ਪਰਮਜੀਤ ਕੌਰ ਨੇ ਦੇ ਬਿਆਨਾਂ ਦੇ ਆਧਾਰ ਤੇ ਸੁਖਵਿੰਦਰ ਸਿੰਘ ਖਿਲਾਫ਼ ਕਤਲ ਦਾ ਮੁੱਕਦਮਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ, ਉਹਨਾਂ ਕਿਹਾ ਕਿ ਕਤਲ ਦੇ ਹਰ ਕਾਰਨ ਨੂੰ ਗੰਭੀਰਤਾ ਨਾਲ ਦੇਖਿਆ ਜਾ ਰਿਹਾ, ਨੇ ਪੁਲਿਸ ਦੀਆਂ ਵੱਖ ਵੱਖ ਟੀਮਾਂ ਛਾਪੇਮਾਰੀ ਕਰ ਰਹੀਆਂ ਹਨ, ਜਲਦ ਹੀ ਗਿਰਫ਼ਤਾਰ ਕਰ ਲਿਆ ਜਾਵੇਗਾ, ਪੁਲਿਸ ਦੀ ਕਾਰਵਾਈ ਬਾਰੇ ਗੱਲਬਾਤ ਕਰਦਿਆਂ ਉਹਨਾਂ ਕਿ ਲਈ ਇਸ ਸਬੰਧੀ ਵੀ ਪੜਤਾਲ ਕੀਤੀ ਜਾ ਰਹੀ ਹੈ, ਦੱਸਣਯੋਗ ਹੈ ਕਿ ਮ੍ਰਿਤਕ ਦਾ ਇਕਲੌਤਾ ਪੁੱਤਰ ਵਿਦੇਸ਼ ਵਿੱਚ ਪੜ੍ਹਾਈ ਲਈ ਗਿਆ ਹੋਇਆ, ਤੇ ਮਾਰਨ ਵਾਲੇ ਦੀਆਂ ਤਿੰਨ ਧੀਆਂ ਹਨ।

# ਜੀ.ਐੱਸ. ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸੌ ਫ਼ੀਸਦੀ



Harmanjot Singh 90% | Jaspreet kaur 93.2% | Jasnoor Singh 91%

ਬਰਨਾਲਾ, 16 ਅਪ੍ਰੈਲ (ਹਮੀਰ ਸਿੰਘ): ਬਰਨਾਲਾ ਜ਼ਿਲ੍ਹੇ ਦੀ ਨਾਮਵਰ ਸੰਸਥਾ ਜੀ. ਐੱਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੌਲਾ ਦੇ ਵਿਦਿਆਰਥੀਆਂ ਦਾ ਦਸਵੀਂ ਕਲਾਸ ਦਾ ਨਤੀਜਾ ਸੌ ਫੀਸਦੀ ਰਿਹਾ। ਸੀਬੀਐਸਈ ਵੱਲੋਂ ਐਲਾਨੇ ਦਸਵੀਂ ਕਲਾਸ ਦੇ ਨਤੀਜੇ ਵਿੱਚ ਸਕੂਲ ਦੇ ਬੱਚਿਆਂ ਦਾ ਪ ?ਦਰਸ਼ਨ ਬਹੁਤ ਹੀ ਸ਼ਲਾਘਾਯੋਗ ਰਿਹਾ ਹੈ। ਇਸ ਖੁਸ਼ੀ ਦੀ ਖਬਰ ਨੂੰ ਸਾਂਝਾ ਕਰਦਿਆਂ ਸਕੂਲ ਚੇਅਰਮੈਨ ਸ਼੍ਰੀ ਰਿਸ਼ਵ ਜੈਨ ਜੀ ਅਤੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਸੁਰੇਸ਼ ਬਾਂਸਲ ਜੀ ਨੇ ਦੱਸਿਆ ਕਿ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਮਹਿਕਪ੍ਰੀ ਸਿੰਘ ਨੇ 98. 4 ? ਜਸਪ੍ਰੀ ਕੌਰ ਨੇ 93.,2 ? ,ਅਰਸ਼ਪ੍ਰੀ ਕੌਰ ਨੇ 92. 4 ? ,ਜਸਨੂਰ ਕੌਰ ਨੇ 91% ਅਤੇ ਹਰਮਨਜੋਤ ਸਿੰਘ ਨੇ 90% ਅੰਕ ਪ੍ਰਾਪਤ ਕਰਕੇ ਪੂਰੇ ਇਲਾਕੇ ਵਿੱਚ ਸਕੂਲ ਦਾ ਨਾਮ ਰੌਸ਼ਨ ਕਰ ਦਿੱਤਾ ਹੈ।ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੇ 12 ਵਿਦਿਆਰਥੀਆਂ ਨੇ 80% ਤੋਂ 90% ਦੇ ਵਿਚਕਾਰ ਅੰਕ ਪ੍ਰਾਪਤ ਕਰਕੇ ਸਾਡਾ ਸਭ ਦਾ ਮਾਣ ਵਧਾਇਆ ਹੈ।ਉਨ੍ਹਾਂ ਇਸ ਖੁਸ਼ੀ ਦੇ ਸਮੇਂ ਬੱਚਿਆਂ ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸ਼ਲਾਘਾਯੋਗ ਨਤੀਜਾ ਸਾਰਿਆਂ ਦੀ ਮਿਹਨਤ ਦਾ ਫਲ ਹੈ। ਉਨ੍ਹਾਂ ਦੱਸਿਆ ਕਿ ਸਾਡੇ ਲਈ ਇਹ ਮਾਣ ਵਾਲੀ ਗੱਲ ਹੈ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਦਾ ਨਤੀਜਾ ਬਹੁਤ ਹੀ ਪ ?ਸ਼ੰਸ਼ਾਯੋਗ ਹੈ। ਉਨ੍ਹਾਂ ਦੱਸਿਆ ਕਿ ਸਕੂਲ ਵੱਲੋਂ ਬੱਚਿਆਂ ਦਾ ਭਵਿੱਖ ਉਜਵਲ ਬਣਾਉਣ ਦਾ ਹਰ ਸੰਭਵ ਯਤਨ ਕੀਤਾ ਜਾਂਦਾ ਹੈ ਅਤੇ ਬੱਚੇ ਵੀ ਸਾਡੀ ਮਿਹਨਤ ਤੇ ਖਰੇ ਉੱਤਰੇ ਹਨ। ਇਸ ਮੌਕੇ ਸਕੂਲ ਪਿ ?ਸੀਪਲ ਮੈਡਮ ਮੋਨਿਕਾ ਸਤੀਜਾ ਜੀ ਅਤੇ ਅਕਾਦਮਿਕ ਡਾਇਰੈਕਟਰ ਸ਼੍ਰੀ ਸੁਨੀਲ ਸਤੀਜਾ ਜੀ ਨੇ ਪੁਜੀਸ਼ਨਾਂ ਲੈਣ ਵਾਲੇ ਬੱਚਿਆਂ ਨੂੰ ਵਧਾਈ ਦਿੰਦਿਆਂ, ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ। ਬੱਚਿਆਂ ਅਧਿਆਪਕਾਂ ਅਤੇ ਮਾਪਿਆਂ ਵਿੱਚ ਉਤਸ਼ਾਹ ਦੇਖਣਯੋਗ ਸੀ।

# ਐਸ.ਬੀ.ਐਸ. ਸਕੂਲ ਦਾ ਦਸਵੀਂ ਦਾ ਨਤੀਜਾ 100 ਫ਼ੀਸਦੀ ਰਿਹਾ



ਬਰਨਾਲਾ, 16 ਅਪ੍ਰੈਲ (ਇਸ਼ਨ ਕੰਗ): ਸੀ ਬੀ ਐਸ ਈ ਵੱਲੋਂ ਬੋਰਡ ਦੀ ਦਸਵੀਂ ਕਲਾਸ ਦੇ ਨਤੀਜੇ ਐਲਾਨੇ ਗਏ, ਜਿਸ ਵਿੱਚ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਦਾ ਰਿਜਲਟ 100 ਫੀਸਦੀ ਰਿਹਾ। ਦਸਵੀ ਕਲਾਸ ਦੇ ਸਾਰੇ ਬੱਚਿਆਂ ਨੇ ਚੰਗੇ ਅੰਕ ਪ੍ਰਾਪਤ ਕਰ ਕੇ ਆਪਣੀ ਦਸਵੀ ਕਲਾਸ ਨੂੰ ਪਾਸ ਕੀਤਾ। ਸਕੂਲ ਦੀ ਹੋਣਹਾਰ ਵਿਦਿਆਰਥੀ ਅਨਮੋਲਪ੍ਰੀਤ ਕੌਰ ਨੇ 90.4% ਅੰਕ ਪ੍ਰਾਪਤ ਕਰਕੇ ਮਾਪਿਆਂ ਅਤੇ ਸਕੂਲ ਦਾ ਨਾਂ ਰੌਸ਼ਨ ਕੀਤਾ। ਵਿਦਿਆਰਥਨ ਦਿਕਸਿਤਾ ਨੇ ਪੰਜਾਬੀ ਵਿਸ਼ੇ ਵਿੱਚੋਂ 100 ਅੰਕ ਅਤੇ ਪਰਨੀਤ ਕੌਰ ਨੇ ਇਨਫਰਮੇਸ਼ਨ ਟੈਕਨਾਲੋਜੀ ਵਿੱਚੋਂ 100 ਅੰਕ ਪ੍ਰਾਪਤ ਕੀਤੇ। ਇਸ ਤੋਂ ਇਲਾਵਾਂ 10 ਬੱਚਿਆਂ ਨੇ 85 ਪ੍ਰਤੀਸ਼ਤ ਅਤੇ 15 ਬੱਚਿਆਂ ਨੇ 80 ਪ੍ਰਤੀਸ਼ਤ ਤੋ ਵੱਧ ਅੰਕ ਪ੍ਰਾਪਤ ਕੀਤੇ। ਸਕੂਲ ਦੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਬੱਚਿਆਂ ਅਤੇ ਮਾਪਿਆਂ ਨੂੰ ਰਿਜਲਟ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਕਿਹਾ ਕਿ ਇਹ ਬੱਚਿਆਂ ਦੀ ਮਿਹਨਤ ਅਤੇ ਲਗਨ ਦਾ ਨਤੀਜਾ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਨੇ ਸਮੂਹ ਬੱਚਿਆਂ ਨੂੰ ਸੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਬੱਚਿਆਂ ਨੇ ਚੰਗੇ ਅੰਕ ਪ੍ਰਾਪਤ ਕਰ ਸਕੂਲ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਕਿਹਾ ਕਿ ਅਧਿਆਪਕਾਂ ਅਤੇ ਬੱਚਿਆਂ ਦੀ ਮਿਹਨਤ ਸਦਕਾ ਹੀ ਸਕੂਲ ਦਾ ਰਿਜਲਟ ਸੌ ਫੀਸਦੀ ਰਿਹਾ। ਉਨ੍ਹਾਂ ਨੇ ਬੱਚਿਆਂ ਨੂੰ ਅਗਲੇ ਇਮਤਿਹਾਨਾਂ ਵਿੱਚ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਆ ਤਾ ਜੋ ਬੱਚੇ ਆਪਣੀ ਜਿੰਦਗੀ ਵਿੱਚ ਆਪਣੇ ਮਾਤਾ ਪਿਤਾ ਦੇ ਸੁਪਨੇ ਪੂਰੇ ਕਰ ਸਕਣ। ਸਕੂਲ ਦੇ ਸਮੂਹ ਸਟਾਫ ਅਤੇ ਬੱਚਿਆਂ ਵਿੱਚ ਖੁਸ਼ੀ ਦੀ ਲਹਿਰ ਸਾਈ ਹੋਈ ਸੀ।

# ਟੈਕਨੀਕਲ ਅਫ਼ਸਰ ਵੱਲੋਂ ਬਾਹਰਲੀ ਅਨਾਜ ਮੰਡੀ ਦਾ ਦੌਰਾ

## ਕਣਕ ਦੀ ਕੁਆਲਿਟੀ ਦਾ ਲਿਆ ਜਾਇਜ਼ਾ




ਤਪਾ ਮੰਡੀ, 16 ਅਪ੍ਰੈਲ (ਰਾਜੂ ਮਹਿਰਾ): ਇਲਾਕੇ ਦੀਆਂ ਮੰਡੀਆਂ 'ਚ ਕਣਕ ਦੀ ਆਮਦ ਨਿਰਵਿਘਨ ਜਾਰੀ ਹੈ। ਜਿਸਨੂੰ ਲੈ ਕੇ ਅੱਜ ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ, ਜ਼ਿਲ੍ਹਾ ਬਰਨਾਲਾ ਦੀ ਟੀ. ਓ ਮੈਡਮ ਸੰਦੀਪ ਕੌਰ ਵੱਲੋਂ ਤਪਾ ਦੀਆਂ ਅਨਾਜ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਕੁਆਲਿਟੀ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਹਨਾਂ ਨਾਲ ਵੇਅਰਹਾਊਸ ਦੇ ਮੈਨੇਜਰ ਜਗਦੇਵ ਸਿੰਘ ਸਿੱਧੂ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ, ਜਦ ਪੱਤਰਕਾਰਾਂ ਦੀ ਟੀਮ ਨੇ ਬਾਹਰਲੀ ਅਨਾਜ ਮੰਡੀ ਦਾ ਦੌਰਾ ਕੀਤਾ ਤਾਂ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਉਨ੍ਹਾਂ ਵੱਲੋਂ ਸਰਕਾਰ ਦੇ ਮਾਪਦੰਡਾਂ ਅਨੁਸਾਰ ਅੰਡਰ ਰਿਲੈਕਸ਼ੇਸਨ ਸਕੀਮ ਦੇ ਤਹਿਤ ਲਗਭਗ 500 ਗੱਟਿਆਂ ਦੀ ਕਣਕ ਦੀ ਬੋਲੀ ਲਗਾਈ ਗਈ ਹੈ। ਮੈਡਮ ਸੰਦੀਪ ਕੋਰ ਨ ਦੱਸਿਆ ਕਿ ਇਸ ਸਮੇਂ ਮੰਡੀਆਂ ਵਿਚ ਆ ਰਹੀ ਕਣਕ 'ਚ ਨਮੀ ਦੀ ਮਾਤਰਾ ਕਾਫੀ ਵੱਧ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਸੁੱਕੀ ਅਤੇ ਸਾਫ ਸੁਥਰੀ ਕਣਕ ਹੀ ਮੰਡੀਆਂ ਵਿੱਚ ਲੈ ਕੇ ਆਉਣ, ਤਾਂ ਜੋ ਉਹਨਾਂ ਨੂੰ ਖੱਜਲ ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਇੰਸਪੈਕਟਰ ਅਸ਼ੋਕ ਕੁਮਾਰ ਵੇਅਰਹਾਊਸ, ਸੁਰੇਸ਼ ਪੱਖੋ, ਮਦਨ ਘੁੜੈਲਾ, ਰਾਜ ਕੁਮਾਰ ਪੁਹਲੀ, ਚੀਕੂ, ਗੋਪੀ ਖੱਤਰੀ ਤੋਂ ਇਲਾਵਾ ਆੜ੍ਹਤੀਏ ਅਤੇ ਮਜ਼ਦੂਰ ਮੌਜੂਦ ਸਨ।

# ਸੁੰਦਰ ਲਿਖਾਈ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਬੱਚੀ ਸਨਮਾਨਿਤ




ਧਨੌਲਾ, 16 ਅਪ੍ਰੈਲ (ਚਮਕੌਰ ਸਿੰਘ ਗੱਗੀ): ਕਿਸ ਮੇਂ ਕਿਤਨਾ ਹੈ ਦਮ ਪ੍ਰੋਗਰਾਮ ਵਿੱਚ ਸੁੰਦਰ ਲਿਖੀ ਮੁਕਾਬਲੇ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲੀ ਪਿੰਡ ਕਾਲੇਕੇ ਦੀ ਧੀ ਅਵਨੀਤ ਕੌਰ ਪੁੱਤਰੀ ਰੂਪ ਸਿੰਘ ਦਾ ਸ਼੍ਰੀ ਵਿਸ਼ਵਕਰਮਾ ਕਾਰ ਰਿਪੇਅਰ ਵੈਲਫੇਅਰ ਐਸੋਸੀਏਸ਼ਨ ਰਜਿਸਟਰਡ ਬਰਨਾਲਾ ਵੱਲੋਂ ਪ੍ਰਧਾਨ ਮੇਵਾ ਸਿੰਘ ਦੀ ਅਗਵਾਈ ਵਿੱਚ ਸਮੂਹ ਮੈਂਬਰਾਂ ਵੱਲੋਂ ਸਨਮਾਨਿਤ ਕੀਤਾ ਗਿਆ। ਖਾਲਸਾ ਸਾਜਨਾ ਦਿਵਸ ਮੌਕੇ ਦਸ਼ਮੇਸ਼ ਪਬਲਿਕ ਸਕੂਲ ਕਾਲੇ ਕੇ ਵਿਖੇ ਰੱਖੇ ਸਮਾਰੋਹ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਸ਼੍ਰੀ ਵਿਸ਼ਵਕਰਮਾ ਕਾਰ ਪਿਆਰ ਐਸੋਸੀਏਸ਼ਨ ਰਜਿਸਟਰ ਬਰਨਾਲਾ ਦੇ ਪ੍ਰਧਾਨ ਮੇਵਾ ਸਿੰਘ ਖਜ਼ਾਨਚੀ ਜਗਤਾਰ ਸਿੰਘ ਨਿਰਮਲ ਸਿੰਘ, ਸੁਖਵੀਰ ਸਿੰਘ ਕੁਲਵਿੰਦਰ ਸਿੰਘ, ਗੁਰਜੰਟ ਸਿੰਘ, ਚਮਕੌਰ ਸਿੰਘ, ਗਗਨਦੀਪ ਸਿੰਘ ਵੱਲੋਂ ਪਹੁੰਚ ਕੇ ਦੀ ਅਵਨੀਤ ਕੌਰ ਵੱਲੋਂ ਕੀਤੀ ਪ੍ਰਾਪਤੀ ਦੀ ਸ਼ਲਾਘਾ ਕੀਤੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਇੰਟਰਨੈਸ਼ਨਲ ਢਾਡੀ ਜਥਾ ਜਸਵੰਤ ਸਿੰਘ ਦੀਵਾਨਾ ਨੇ ਬੱਚੀ ਬਾਰੇ ਗੱਲਬਾਤ ਕਰਦਿਆਂ ਕਿਹਾ ਕਿ ਧੀਆਂ ਕਿਸੇ ਨਾਲੋਂ ਘੱਟ ਨਹੀਂ।

# ਵਾਈ.ਐੱਸ. ਸਕੂਲ ਦਾ ਦਸਵੀਂ ਦਾ ਸ਼ਾਨਦਾਰ ਨਤੀਜਾ ਰਿਹਾ




ਬਰਨਾਲਾ, 16 ਅਪ੍ਰੈਲ (ਬਘੇਲ ਸਿੰਘ ਧਾਲੀਵਾਲ): ਵਾਈ.ਐੱਸ. ਸਕੂਲਜ਼ ਨੇ ਵਿੱਦਿਅਕ ਸਾਲ 2025-26 ਦੇ ਸੀ.ਬੀ.ਐੱਸ.ਈ. ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਇੱਕ ਵਾਰ ਫਿਰ ਵਿੱਦਿਅਕ ਉੱਤਮਤਾ ਦੇ ਕੇਂਦਰ ਵਜੋਂ ਆਪਣਾ ਪਰਚਮ ਲਹਿਰਾਇਆ ਹੈ। 38 ਵਿਦਿਆਰਥੀਆਂ ਵੱਲੋਂ 90% ਤੋਂ ਵੱਧ ਅੰਕ ਪ੍ਰਾਪਤ ਕਰਨ ਦੇ ਨਾਲ, ਸਕੂਲ ਮਾਣ ਨਾਲ ਇਸ ਨਤੀਜੇ ਦਾ ਜਸ਼ਨ ਮਨਾ ਰਿਹਾ ਹੈ ਜੋ ਸਮਰਪਣ, ਅਨੁਸ਼ਾਸਨ ਅਤੇ ਮਜ਼ਬੂਤ ਵਿੱਦਿਅਕ ਨੀਂਹ ਨਾਲ ਨੌਜਵਾਨ ਮਨਾਂ ਨੂੰ ਸੰਵਾਰਨ ਦੀ ਆਪਣੀ ਲਗਾਤਾਰ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਹ ਪ੍ਰਾਪਤੀ ਸਕੂਲ ਦੇ ਸੁਚੱਜੇ ਵਿੱਦਿਅਕ ਮਾਹੌਲ ਦਾ ਸਬੂਤ ਹੈ, ਜਿੱਥੇ ਕੇਂਦ੍ਰਿਤ ਸਿੱਖਣ ਵਿਧੀਆਂ, ਨਿਯਮਿਤ ਮੁਲਾਂਕਣ ਅਤੇ ਵਿਅਕਤੀਗਤ ਧਿਆਨ ਹਰੇਕ ਸਿਖਿਆਰਥੀ ਨੂੰ ਆਪਣੀ ਪੂਰੀ ਸਮਰੱਥਾ ਨੂੰ ਪਛਾਣਨ ਦੇ ਸਮਰੱਥ ਬਣਾਉਂਦੇ ਹਨ। ਵਾਈ.ਐੱਸ. ਸਕੂਲਜ਼ ਵਿਖੇ, ਸਿੱਖਿਆ ਪਾਠ-ਪੁਸਤਕਾਂ ਤੋਂ ਅੱਗੇ ਜਾਂਦੀ ਹੈ; ਵਿਦਿਆਰਥੀਆਂ ਨੂੰ ਆਲੋਚਨਾਤਮਕ ਸੋਚਣ, ਸੁਤੰਤਰ ਰੂਪ ਵਿੱਚ ਸਿੱਖਣ ਅਤੇ ਹਰ ਵਿਸ਼ੇ ਵਿੱਚ ਉੱਤਮਤਾ ਲਈ ਯਤਨ ਕਰਨ ਵਾਸਤੇ ਮਾਰਗ ਦਰਸ਼ਨ ਦਿੱਤਾ ਜਾਂਦਾ ਹੈ। ਸੈਸ਼ਨ ਦੇ ਚੋਟੀ ਦੇ ਪੰਜ ਵਿਦਿਆਰਥੀਆਂ ਨੇ ਆਪਣੇ ਬੇਮਿਸਾਲ ਪ੍ਰਦਰਸ਼ਨ ਨਾਲ ਇੱਕ ਸ਼ਾਨਦਾਰ ਮਿਸਾਲ ਕਾਇਮ ਕੀਤੀ ਹੈ, ਜਿਸ ਨਾਲ ਸੰਸਥਾ ਨੂੰ ਬਹੁਤ ਮਾਣ ਹੋਇਆ ਹੈ। 1. ਸਕਾਲਰ ਦੇਵ (98.8 %), 2. ਸਕਾਲਰ ਪ੍ਰਭਲੀਨ ਕੌਰ (97.8 %), 3. ਸਕਾਲਰ ਅਨੰਨਿਆ ( 97.6 %), 4. ਸਕਾਲਰ ਚੰਚਲ ਰਾਣੀ ਅਤੇ ਸਕਾਲਰ ਆਦਿਤ (97 %), 5. ਸਕਾਲਰ ਆਰੁਸ਼ ਸਿੰਗਲਾ (96.8 %) ਇਹ ਨਤੀਜੇ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਅਣਥੱਕ ਯਤਨਾਂ, ਵਿਦਿਆਰਥੀਆਂ ਦੇ ਦ੍ਰਿੜ ਇਰਾਦੇ ਅਤੇ ਸਕੂਲ ਦੇ ਮੁੱਲਾਂ ਨੂੰ ਪਰਿਭਾਸ਼ਿਤ ਕਰਨ ਵਾਲੀ ਨਿਰੰਤਰ ਵਿੱਦਿਅਕ ਸਹਾਇਤਾ ਪ੍ਰਣਾਲੀ ਨੂੰ ਉਜਾਗਰ ਕਰਦੇ ਹਨ। ਜਿਵੇਂ-ਜਿਵੇਂ ਵਾਈ.ਐੱਸ. ਸਕੂਲਜ਼ ਉੱਜਵਲ ਭਵਿੱਖ ਨੂੰ ਘੜਨ ਦੀ ਆਪਣੀ ਯਾਤਰਾ ਜਾਰੀ ਰੱਖ ਰਿਹਾ ਹੈ, ਇਹ ਉੱਤਮਤਾ ਨੂੰ ਉਤਸ਼ਾਹਿਤ ਕਰਨ, ਪ੍ਰਾਪਤੀ ਲਈ ਪ੍ਰੇਰਿਤ ਕਰਨ ਅਤੇ ਸਿੱਖਿਆ ਦੇ ਉੱਚਤਮ ਮਿਆਰਾਂ ਨੂੰ ਕਾਇਮ ਰੱਖਣ ਦੇ ਆਪਣੇ ਮਿਸ਼ਨ 'ਤੇ ਅਡੋਲ ਹੈ। ਸਕੂਲ ਨੂੰ ਆਪਣੇ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਅਜਿਹੇ ਹੋਰ ਬਹੁਤ ਸਾਰੇ ਮੀਲ ਪੱਥਰਾਂ ਦੀ ਉਮੀਦ ਕਰਦਾ ਹੈ।

# ਪੰਜਾਬ ਪਬਲਿਕ ਸਕੂਲ ਮਾਨਾਂ ਪਿੰਡੀ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ



ਧਨੌਲਾ, 16 ਅਪ੍ਰੈਲ (ਚਮਕੌਰ ਸਿੰਘ ਗੱਗੀ): ਪ੍ਰਸਿੱਧ ਸੰਸਥਾ ਪੰਜਾਬ ਪਬਲਿਕ ਸਕੂਲ ਵਿੱਚ ਸਕੂਲ ਮਾਨਾ ਪਿੰਡੀ ਦੇ ਡਾਇਰੈਕਟਰ ਸੁਖਦੀਪ ਸਿੰਘ ਚੀਮਾਂ ਜੀ ਅਤੇ ਪ੍ਰਿੰਸੀਪਲ ਸ੍ਰੀਮਤੀ ਸਿਮਰਨ ਕੌਰ ਜੀ ਦੀ ਅਗਵਾਈ ਹੇਠ ਸਕੂਲ ਵਿੱਚ ਸੈਸਨ 2025-26 ਸੀ.ਬੀ.ਐਸ.ਈ. ਬੋਰਡ ਕਲਾਸ ਦਸਵੀਂ ਦਾ ਸ਼ਾਨਦਾਰ ਨਤੀਜਾ ਰਿਹਾ। ਸਕੂਲ ਵਿੱਚੋ ਹਰਪ੍ਰੀਤ ਕੌਰ 96% ਲੈ ਕੇ ਫਸਟ,ਹਹਰਸੀਰਤ ਕੌਰ 92% ਲੈ ਕੇ ਸੈਕਿੰਡ ਅਤੇ ਪਰਨੀਤ ਕੌਰ 89% ਲੈ ਕੇ ਤੀਜੇ ਨੰਬਰ ਤੇ ਰਹੀ।ਨਤੀਜੇ ਨੂੰ ਲੈ ਕੇ ਸਕੂਲ ਵਿੱਚ ਪ੍ਰੋਗਰਾਮ ਦਾ ਅਯੋਜਨ ਕੀਤ ਗਿਆ।ਪ੍ਰਿੰਸੀਪਲ ਮੈਡਮ ਸਿਮਰਨ ਕੌਰ ਨੇ ਪ੍ਰੋਗਰਾਮ ਦੌਰਾਨ ਬੋਲਦਿਆਂ ਬੱਚਿਆਂ ਨੂੰ ਵਧੀਆ ਨਤੀਜੇ ਆਉਣ ਤੇ ਵਧਾਈ ਦਿੱਤੀ ਅਤੇ ਅਗਲੀਆਂ ਕਲਾਸਾਂ ਵਿੱਚ ਹੋਰ ਵੀ ਵਧੀਆ ਪੜ੍ਹਾਈ ਕਰਨ ਦੇ ਨਾਲ-ਨਾਲ ਖੇਡਾਂ ਅਤੇ ਹੋਰ ਗਤੀਵਿਧੀਆਂ ਵਿੱਚ ਵੀ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ।ਸਕੂਲ ਅਧਿਆਪਕਾਂ ਵੱਲੋ ਵਿਦਿਆਰਥੀਆਂ ਦੀ ਪੜਾਈ ਨੂੰ ਹੋਰ ਵੀ ਵਧੀਆਂ ਤਰੀਕੇ ਨਾਲ ਕਰਵਾਉਣ ਲਈ ਭਵਿੱਖ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਵਧੀਆ ਨਤੀਜਿਆਂ ਤੋ ਖੁਸ਼ ਹੋ ਕੇ ਚੇਅਰਮੈਨ ਅਮਰਜੀਤ ਸਿੰਘ ਚੀਮਾਂ ਨੇ ਸਕੂਲ ਦੇ ਸਟਾਫ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਸਾਰੇ ਸਟਾਫ ਦੀ ਬਹੁਤ ਸਲਾਘਾ ਕੀਤੀ ਅਤੇ ਕਿਹਾ ਬੱਚਿਆਂ ਦੀ ਪੜਾਈ ਲਈ ਜਿੱਥੇ ਅਧਿਆਪਕਾਂ ਨੂੰ ਫਿਕਰ ਹੁੰਦਾ ਹੈ ਉਥੇ ਮਾਪਿਆਂ ਨੂੰ ਵੀ ਬਹੁਤ ਫਿਕਰ ਹੁੰਦਾ ਹੈ।ਅਧਿਆਪਕ ਬੱਚਿਆਂ ਨੂੰ ਤਿਆਰੀ ਕਰਵਾਉਣ ਲਈ ਕੋਈ ਕਸਰ ਨਹੀਂ ਛੱਡਦੇ ਜਿਸਦਾ ਪਤਾ ਬੱਚਿਆਂ ਦੇ ਨਤੀਜੇ ਤੋਂ ਲਗਦਾ ਹੈ। ਚੇਅਰਮੈਨ ਸਹਿਬ ਨੇ ਆਉਣ ਵਾਲੇ ਸਮੇਂ ਲਈ ਵੀ ਟੀਚਰਾਂ ਨੂੰ ਬੱਚਿਆਂ ਨੂੰ ਵੱਧ ਤੋ ਵੱਧ ਮਿਹਨਤ ਕਰਵਾਉਣ ਲਈ ਪ੍ਰੇਰਿਆ। ਅੰਤ ਵਿੱਚ ਉਨ੍ਹਾਂ ਨੇ ਸਾਰਿਆਂ ਨੂੰ ਇੱਕ ਵਾਰ ਫਿਰ ਵਧੀਆ ਨਤੀਜੇ ਦੀ ਵਧਾਈ ਦਿੱਤੀ।

## ਬਰਨਾਲਾ ਤੋਂ ਵਰਿੰਦਾਵਨ ਤੱਕ ਸੇਵਾ ਦਾ ਵਿਸਤਾਰ

# ਸ਼੍ਰੀ ਗਿਰੀਰਾਜ ਸੇਵਾ ਸਦਨ ਵੱਲੋਂ ਦੂਜੀ ਵਿਸ਼ਾਲ ਧਰਮਸ਼ਾਲਾ ਦਾ ਨੀਂਹ ਪੱਥਰ 19 ਅਪ੍ਰੈਲ ਨੂੰ




ਬਰਨਾਲਾ, 16 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ): : ਧਾਰਮਿਕ ਅਤੇ ਸਮਾਜਿਕ ਸੇਵਾ ਦੇ ਖੇਤਰ ਵਿੱਚ ਮੋਹਰੀ ਸੰਸਥਾ, ਸ੍ਰੀ ਗਿਰੀਰਾਜ ਸੇਵਾ ਸਦਨ (ਰਜਿਸਟਰਡ), ਬਰਨਾਲਾ, ਇੱਕ ਹੋਰ ਇਤਿਹਾਸਕ ਅਤੇ ਨੇਕ ਯਤਨ ਦਾ ਉਦਘਾਟਨ ਕਰ ਰਹੀ ਹੈ। ਸੰਸਥਾ ਸ਼੍ਰੀਧਾਮ ਵਰਿੰਦਾਵਨ ਦੀ ਪਵਿੱਤਰ ਧਰਤੀ, ਓਮੈਕਸ ਸਿਟੀ ਵਿੱਚ ਲਗਭਗ 2,850 ਵਰਗ ਗਜ਼ ਦੇ ਖੇਤਰ ਵਿੱਚ ਆਪਣੀ ਦੂਜੀ ਵਿਸ਼ਾਲ ਧਰਮਸ਼ਾਲਾ ਬਣਾ ਰਹੀ ਹੈ, ਜਿਸ ਵਿੱਚ ਲਗਭਗ 50 ਵਿਸ਼ਾਲ, ਸਾਫ਼ ਅਤੇ ਏਅਰ-ਕੰਡੀਸ਼ਨਡ ਕਮਰੇ ਹਨ। ਇਹ ਪ੍ਰੋਜੈਕਟ ਨਾ ਸਿਰਫ਼ ਬਰਨਾਲਾ ਸ਼ਹਿਰ ਲਈ ਸਗੋਂ ਪੂਰੇ ਖੇਤਰ ਲਈ ਮਾਣ ਵਾਲੀ ਗੱਲ ਹੈ। ਇਸਨੂੰ ਬਰਨਾਲਾ ਦੇ ਇਤਿਹਾਸ ਵਿੱਚ ਇੱਕ ਬਹੁਤ ਹੀ ਨੇਕ ਅਤੇ ਵਿਲੱਖਣ ਸੇਵਾ ਮੰਨਿਆ ਜਾਂਦਾ ਹੈ। ਇਹ ਜ਼ਿਕਰਯੋਗ ਹੈ ਕਿ ਸੰਸਥਾ ਦੁਆਰਾ ਬਣਾਈ ਗਈ ਪਹਿਲੀ ਧਰਮਸ਼ਾਲਾ ਦਾ ਉਦਘਾਟਨ 2014 ਵਿੱਚ ਕੀਤਾ ਗਿਆ ਸੀ ਅਤੇ ਇਹ ਸ਼ਰਧਾਲੂਆਂ ਅਤੇ ਯਾਤਰੀਆਂ ਨੂੰ ਬਹੁਤ ਹੀ ਮਾਮੂਲੀ ਕਿਰਾਏ 'ਤੇ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰਨਾ ਜਾਰੀ ਰੱਖਦੀ ਹੈ। ਸ਼ਾਨਦਾਰ ਨੀਂਹ ਪੱਥਰ ਸਮਾਗਮ ਅਤੇ ਨੀਂਹ ਪੱਥਰ ਰੱਖਣ ਦੀ ਰਸਮ ਮਿਤੀ: 19 ਅਪ੍ਰੈਲ, 2026, ਐਤਵਾਰ, ਸਥਾਨ: ਓਮੈਕਸ ਕਲੋਨੀ, ਵ੍ਰਿੰਦਾਵਨ, ਸਮਾਂ: ਦੁਪਹਿਰ 1:30 ਵਜੇ ਤੋਂ ਸ਼ਾਮ 4:00 ਵਜੇ ਤੱਕ। ਸਮਾਗਮ ਦੀਆਂ ਮੁੱਖ ਗੱਲਾਂ ਝੰਡਾ ਲਹਿਰਾਉਣ ਦੀ ਰਸਮ: ਦੀਪਕ ਬਾਂਸਲ ਸੋਨੀ (ਐਮ.ਡੀ., ਮੈਸਰਜ਼ ਬਰਨਾਲਾ ਬਿਲਡਰਜ਼ ਐਂਡ ਡਿਵੈਲਪਰਜ਼ ਪ੍ਰਾਈਵੇਟ ਲਿਮਟਿਡ), ਨਾਰੀਅਲ ਪੂਜਾ ਸਮਾਰੋਹ: ਐਡਵੋਕੇਟ ਅਸ਼ੋਕ ਬਾਂਸਲ (ਪ੍ਰਧਾਨ, ਜ਼ਿਲ੍ਹਾ ਇਨਕਮ ਟੈਕਸ ਬਾਰ ਐਸੋਸੀਏਸ਼ਨ, ਸੰਗਰੂਰ), ਭੂਮੀ ਪੂਜਨ ਸਮਾਰੋਹ, ਵਿਜੇ ਜਿੰਦਲ (ਐਮ.ਡੀ., ਐਸ.ਵੀ.ਪੀ. ਇੰਡੀਆ ਲਿਮਟਿਡ, ਗਾਜ਼ੀਆਬਾਦ), ਨੀਂਹ ਪੱਥਰ ਰੱਖਣ ਦੀ ਰਸਮ, ਲਖਪਤ ਰਾਏ ਜੀ (ਐਮ.ਡੀ., ਗ੍ਰੀਨ ਐਵੇਨਿਊ, ਬਰਨਾਲਾ), ਵਿਸ਼ੇਸ਼ ਆਕਰਸ਼ਣ ਸਮਾਰੋਹ ਤੋਂ ਬਾਅਦ ਇੱਕ ਸ਼ਾਨਦਾਰ ਭਜਨ ਸੰਧਿਆ ਦਾ ਵੀ ਆਯੋਜਨ ਕੀਤਾ ਜਾਵੇਗਾ। ਸੰਗਠਨ ਵੱਲੋਂ ਅਪੀਲ ਸੰਸਥਾ ਦੇ ਪ੍ਰਧਾਨ, ਮੋਤੀ ਲਾਲ ਗੁਪਤਾ, ਰਾਕੇਸ਼ ਕੁਮਾਰ ਗੋਡ, ਸੁਰਿੰਦਰ ਚੀਮਾ, ਗਿਰਧਾਰੀ ਲਾਲ ਸੋਹਲ, ਅਸ਼ੋਕ ਕੁਮਾਰ ਗਰਗ (ਗ੍ਰੀਨ ਕਲੋਨੀ) ਦੀਪਕ ਬਾਂਸਲ ਸੋਨੀ (ਆਸਥਾ ਕਲੋਨੀ), ਯਸ਼ ਪਾਲ ਸਹੋਰੀਆ, ਸਤ ਪਾਲ ਮੌੜ (ਤਪਾ ਵਾਲੇ), ਪ੍ਰੇਮ ਸਿੰਗਲਾ, ਅਸ਼ੋਕ ਕੁਮਾਰ ਮਿੱਤਲ (ਸ਼ਹਿਣੇ ਵਾਲੇ), ਵਿਜੇ ਕੁਮਾਰ (ਭਾਠੇ ਵਾਲੇ), ਕ੍ਰਿਸ਼ਨਾ ਗੋਇਲ, ਨਵੀਨ ਜਿੰਦਲ, ਕੁਦਰਾ ਰਾਮ, ਪਿਆਰਾ ਲਾਲ (ਰਾਏਸਰ ਵਾਲੇ), ਪਵਨ ਕੁਮਾਰ ਗੋਇਲ (ਪ੍ਰਾਪਰਟੀ ਡੀਲਰ), ਦਿਨੇਸ਼ ਕੁਮਾਰ (ਲੱਕੀ), ਸਤ ਪਾਲ (ਟੈਕਸਟਾਈਲ ਵਾਲੇ), ਅਸ਼ੋਕ ਕੁਮਾਰ (ਐਡਵੋਕੇਟ, ਸੰਗਰੂਰ) ਅਤੇ ਸੰਗਠਨ ਦੇ ਹੋਰ ਮੁੱਖ ਟਰੱਸਟੀਆਂ ਨੇ ਸਾਰੇ ਸ਼ਰਧਾਲੂਆਂ ਅਤੇ ਧਾਰਮਿਕ ਲੋਕਾਂ ਨੂੰ ਇਸ ਸ਼ੁਭ ਮੌਕੇ 'ਤੇ ਆਪਣੇ ਪਰਿਵਾਰਾਂ ਸਮੇਤ ਹਾਜ਼ਰ ਹੋਣ ਦੀ ਅਪੀਲ ਕੀਤੀ ਹੈ।

# ਨਗਰ ਨਿਗਮ/ਨਗਰ ਕੌਂਸਲ ਚੋਣਾਂ ਲਈ ਵੋਟਰ ਸੂਚੀਆਂ ਦੀ ਸੁਧਾਈ ਦਾ ਸ਼ਡਿਊਲ ਜਾਰੀ : ਜ਼ਿਲ੍ਹਾ ਚੋਣਕਾਰ ਅਫ਼ਸਰ

ਬਰਨਾਲਾ, 16 ਅਪ੍ਰੈਲ (ਬਘੇਲ ਸਿੰਘ ਧਾਲੀਵਾਲ): ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਨਗਰ ਨਿਗਮ, ਨਗਰ ਕੌਂਸਲ/ਨਗਰ ਪੰਚਾਇਤਾਂ ਦੀਆਂ ਆਮ /ਜ਼ਿਮਨੀ ਚੋਣਾਂ ਲਈ ਵੋਟਰ ਸੂਚੀਆਂ ਦੀ ਸੋਧ ਲਈ ਸਮਾਂ-ਸਾਰਨੀ ਜਾਰੀ ਕੀਤੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣਕਾਰ ਅਫ਼ਸਰ-ਕਮ- ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਨਗਰ ਨਿਗਮ ਬਰਨਾਲਾ, ਨਗਰ ਕੌਂਸਲ ਭਦੌੜ, ਨਗਰ ਕੌਂਸਲ ਧਨੌਲਾ, ਨਗਰ ਕੌਂਸਲ ਤਪਾ ਦੀਆਂ ਚੋਣਾਂ ਹੋਣੀਆਂ ਹਨ। ਇਨ੍ਹਾਂ ਚੋਣਾਂ ਲਈ ਵੋਟਰ ਸੂਚੀਆਂ ਦੇ ਖਰੜੇ ਦੀ ਪ੍ਰਕਾਸ਼ਨਾ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰਾਂ ਵੱਲੋਂ 15 ਅਪ੍ਰੈਲ 2026 ਨੂੰ ਕੀਤੀ ਜਾ ਚੁੱਕੀ ਹੈ। ਓਹਨਾਂ ਦੱਸਿਆ ਕਿ 17 ਅਪ੍ਰੈਲ 2026 ਤੋਂ 23 ਅਪ੍ਰੈਲ 2026 ਤੱਕ ਦਾਅਵੇ ਅਤੇ ਇਤਰਾਜ਼ ਦਰਜ ਕੀਤੇ ਜਾਣਗੇ। ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਮਿਤੀ 30 ਅਪ੍ਰੈਲ 2026 ਤੱਕ ਕੀਤਾ ਜਾਵੇਗਾ। ਉਨ੍ਹਾਂ ਹੋਰ ਦੱਸਿਆ ਕਿ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾ 5 ਮਈ 2026 ਨੂੰ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸੋਧ ਸਬੰਧੀ ਅਨੁਸੂਚੀ ਮੁਤਾਬਿਕ, ਪੰਜਾਬ ਮਿਉਂਸਪਲ ਚੋਣ ਨਿਯਮ, 1994 ਦੇ ਨਿਯਮ 14 ਵਿੱਚ ਦਰਸਾਏ ਅਨੁਸਾਰ ਕੋਈ ਵੀ ਯੋਗ ਵਿਅਕਤੀ ਫਾਰਮ ਨੰ. 7 (ਨਾਮ ਸ਼ਾਮਲ ਕਰਨ ਸਬੰਧੀ ਦਾਅਵੇ ਦੀ ਅਰਜ਼ੀ ਲਈ), ਫਾਰਮ 8 (ਨਾਮ ਸ਼ਾਮਲ ਕਰਨ ਸਬੰਧੀ ਇਤਰਾਜ਼ ਲਈ) ਅਤੇ ਫਾਰਮ 9 (ਇੱਕ ਐਂਟਰੀ ਵਿੱਚ ਵੇਰਵਿਆਂ ਬਾਰੇ ਇਤਰਾਜ਼ ਲਈ) ਰਾਹੀਂ ਬਿਨੈ ਕਰ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਆਮ ਲੋਕਾਂ ਦੀ ਸਹੂਲਤ ਲਈ ਫਾਰਮ ਨੰ: 7, 8 ਅਤੇ 9 ਨੂੰ ਕਮਿਸ਼ਨ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਬਿਨੈਕਾਰ ਵੱਲੋਂ ਆਪਣਾ ਨਾਮ ਵੋਟਰ ਵਜੋਂ ਰਜਿਸਟਰ ਕਰਵਾਉਣ ਲਈ ਯੋਗ ਹੋਣ ਦੀ ਯੋਗਤਾ ਮਿਤੀ 23.4.2026 ਨਿਰਧਾਰਤ ਕੀਤੀ ਗਈ ਹੈ। ਵੋਟਰ ਵਜੋਂ ਰਜਿਸਟਰ ਹੋਣ ਦੇ ਯੋਗ ਹੋਣ ਲਈ, ਬਿਨੈਕਾਰ ਦੀ ਉਮਰ ਯੋਗਤਾ ਮਿਤੀ ਨੂੰ 18 ਸਾਲ ਪੂਰੀ ਹੋਣੀ ਚਾਹੀਦੀ ਹੈ ਅਤੇ ਉਹ ਆਮ ਤੌਰ 'ਤੇ ਉਸ ਇਲਾਕੇ ਦਾ ਨਿਵਾਸੀ ਹੋਣਾ ਚਾਹੀਦਾ ਹੈ ਜਿਸ ਇਲਾਕੇ ਵਿੱਚ ਉਹ ਰਹਿੰਦਾ ਹੈ। ਓਹਨਾਂ ਦੱਸਿਆ ਕਿ ਨਗਰ ਨਿਗਮ ਬਰਨਾਲਾ ਦੇ 50 ਵਾਰਡਾਂ, ਨਗਰ ਕੌਂਸਲ ਭਦੌੜ ਦੇ 13 ਵਾਰਡਾਂ, ਨਗਰ ਕੌਂਸਲ ਧਨੌਲਾ ਦੇ 13 ਵਾਰਡਾਂ ਤੇ ਨਗਰ ਕੌਂਸਲ ਤਪਾ ਦੇ 15 ਵਾਰਡਾਂ ਲਈ ਚੋਣਾਂ ਹੋਣਗੀਆਂ।

# 9 ਸਰਕਾਰੀ ਸਕੂਲਾਂ ਦੇ 461 ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡੀ



ਮੋਰਿੰਡਾ, 16 ਅਪ੍ਰੈਲ:(ਗੁਰਮੀਤ ਸਿੰਘ ਚੌਪੜਾ) : ਬਾਜਵਾ ਸਪੋਰਟਸ ਐਂਡ ਹੈਲਪਿੰਗ ਹੈਂਡ ਕਲੱਬ, ਮੋਰਿੰਡਾ ਵੱਲੋਂ ਪਿੰਡ ਮੰਡਾ, ਕਕਰਾਲੀ, ਮਾਨਖੇੜੀ, ਚਤਾਮਾਲਾ, ਦੁਮਣਾ, ਲੁਠੇੜੀ, ਰਾਮਗੜ੍ਹ, ਅਰਨੋਲੀ ਅਤੇ ਅਮਰਾਲੀ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡੀਆਂ ਗਈਆਂ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪ੍ਰਧਾਨ ਮਨਦੀਪ ਸਿੰਘ ਬਾਜਵਾ ਨੇ ਦੱਸਿਆ ਕਿ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਉਨ੍ਹਾਂ ਵੱਲੋਂ ਇੱਕ ਛੋਟੀ ਜਿਹੀ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਇਨ੍ਹਾਂ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਮੁਹੱਈਆ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਅੱਜ 9 ਸਰਕਾਰੀ ਸਕੂਲਾਂ ਦੇ 461 ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡ ਕੇ ਇਸ ਮੁਹਿੰਮ ਨੂੰ ਅੱਗੇ ਵਧਾਇਆ ਗਿਆ ਹੈ ਅਤੇ ਇਹ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਸਮਰੱਥਾ ਅਨੁਸਾਰ ਲੋੜਵੰਦ ਲੋਕਾਂ ਦੀ ਮਦਦ ਕਰਨੀ ਚਾਹੀਦੀ ਹੈ।ਉਨ੍ਹਾਂ ਨੇ ਦੱਸਿਆ ਕਿ ਪਿਛਲੇ ਸਾਲ ਕਲੱਬ ਵੱਲੋਂ ਮੋਰਿੰਡਾ ਦੇ ਕਰੀਬ 60 ਪਿੰਡਾਂ ਦੇ ਸਕੂਲਾਂ ਵਿੱਚ ਲਗਭਗ 2,500 ਬੱਚਿਆਂ ਨੂੰ ਕਾਪੀਆਂ ਅਤੇ ਸਟੇਸ਼ਨਰੀ ਵੰਡੀਆਂ ਗਈਆਂ ਸਨ।ਇਸ ਮੌਕੇ ਉਨ੍ਹਾਂ ਦੇ ਨਾਲ ਅਮਰਜੀਤ ਸਿੰਘ ਲੌਂਗਾ ਰੰਗੋਂ, ਮਨਜੀਤ ਸਿੰਘ ਬੈਰੀ ਅਤੇ ਜਸ਼ਨ ਵੀ ਮੌਜੂਦ ਸਨ। ਇਸ ਦੌਰਾਨ ਅਧਿਆਪਕਾਂ ਵਿੱਚ ਹੈਡ ਟੀਚਰ ਬੇਅੰਤ ਕੌਰ, ਕਿਰਨਦੀਪ ਕੌਰ, ਹੈਡ ਟੀਚਰ ਆਸ਼ਾ ਰਾਣੀ, ਅਰਸ਼ਦੀਪ ਕੌਰ, ਸਰਬਜੀਤ ਕੌਰ ਅਤੇ ਚਰਨਜੀਤ ਕੌਰ ਆਦਿ ਵੀ ਹਾਜ਼ਰ ਸਨ।ਇਸ ਮੌਕੇ ਹਰਜਿੰਦਰ ਸਿੰਘ ਮਾਨਖੇੜੀ, ਹਰਵਿੰਦਰ ਕੌਰ ਸੰਧੂ (ਚੇਅਰਪਰਸਨ ਬਲਾਕ ਸਮਤੀ ਮੋਰਿੰਡਾ), ਦਰਸ਼ਨ ਸਿੰਘ ਸੰਧੂ, ਲਖਵੀਰ ਸਿੰਘ ਲੌਂਗਾ, ਸਰਪੰਚ ਗੁਰਜੀਤ ਸਿੰਘ ਮੰਡਾ, ਸੋਨਾ, ਜਵਿੰਦਰ ਸਿੰਘ ਫੌਜੀ, ਸਰਪੰਚ ਗੁਰਮੀਤ ਕੌਰ ਅਰਨੌਲੀ, ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਨਰਾਤਾ ਸਿੰਘ ਫੌਜੀ, ਸਾਬਕਾ ਸਰਪੰਚ ਬਲਵਿੰਦਰ ਸਿੰਘ ਸੰਧੂ, ਸ਼ਹੀਦ ਭਗਤ ਸਿੰਘ ਯੂਥ ਕਲੱਬ ਅਰਨੌਲੀ ਦੇ ਪ੍ਰਧਾਨ ਕਮਲਜੀਤ ਸਿੰਘ ਅਰਨੌਲੀ, ਮੀਤ ਪ੍ਰਧਾਨ ਬਚਿੱਤਰ ਸਿੰਘ, ਪਲਵਿੰਦਰ ਸਿੰਘ ਅਰਨੌਲੀ, ਸਕੂਲ ਮੁਖੀ ਗੁਰਜੰਟ ਸਿੰਘ, ਪੰਚਾਇਤ ਮੈਂਬਰ ਜਸਵੀਰ ਕੌਰ ਅਤੇ ਪਰਮਜੀਤ ਕੌਰ ਸਮੇਤ ਕਈ ਗਣਮਾਨਯ ਵਿਅਕਤੀ ਅਤੇ ਸਕੂਲ ਸਟਾਫ ਮੈਂਬਰ ਵੀ ਮੌਜੂਦ ਰਹੇ। ਸਭ ਨੇ ਕਲੱਬ ਦੀ ਇਸ ਪਹਿਲ ਦੀ ਭਰਪੂਰ ਸਰਾਹਨਾ ਕਰਦਿਆਂ ਇਸ ਮੁਹਿੰਮ ਨੂੰ ਲਗਾਤਾਰ ਜਾਰੀ ਰੱਖਣ ਦੀ ਅਪੀਲ ਕੀਤੀ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਜੀ.ਟੀ.ਬੀ. ਨਗਰ ਵਿਖੇ ਖ਼ਾਲਸਾ ਸਾਜਨਾ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਲੁਧਿਆਣਾ,16 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਵਿਖੇ ਖਾਲਸਾ ਸਾਜਨਾ ਦਿਵਸ (ਵਿਸਾਖੀ) ਬੜੇ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ-ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਸੁੱਖਾਂ ਦੀ ਮਨੀ ਸੁਖਮਨੀ ਸਾਹਿਬ ਦਾ ਪਾਠ ਅਤੇ ਕੀਰਤਨ ਕੀਤਾ ਗਿਆ। ਭਾਈ ਮਨਜੀਤ ਸਿੰਘ ਭੁਰਜ ਕਥਾਵਾਚਕ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵਾਲਿਆਂ ਨੇ ਖਾਲਸਾ ਸਾਜਨਾ ਦਿਵਸ ਬਾਰੇ ਵਿਸਥਾਰ ਸਹਿਤ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਭਾਈ ਅਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਨੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।



ਗੁਰਦੁਆਰਾ ਸਾਹਿਬ ਦੇ ਪ੍ਰਧਾਨ ਕਰਨੈਲ ਸਿੰਘ, ਗੁਰਮੀਤ ਸਿੰਘ, ਰਣਜੀਤ ਸਿੰਘ, ਮਨਜੀਤ ਸਿੰਘ, ਤਲਵਿੰਦਰ ਸਿੰਘ ਨੇ ਰਾਗੀ ਜਥਿਆਂ ਅਤੇ ਪ੍ਰਚਾਰਕ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ। ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸੰਤ ਬਾਬਾ ਅਮਰੀਕ ਸਿੰਘ ਜੀ ਕਾਰ-ਸੇਵਾ ਵਾਲਿਆਂ ਦੇ ਪੰਜ ਪਿਆਰਿਆਂ ਦੇ ਜਥੇ ਵੱਲੋਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ। ਸਿੰਘ ਸਜੇ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਸਮਾਪਤੀ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਕਰਨੈਲ ਸਿੰਘ, ਗੁਰਮੀਤ ਸਿੰਘ, ਮਨਜੀਤ ਸਿੰਘ ਗਿੱਲ, ਜਰਨੈਲ ਸਿੰਘ ਸੇਠੀ, ਸੁਰਜੀਤ ਸਿੰਘ ਖੁਰਾਣਾ, ਸੁਰਿੰਦਰ ਸਿੰਘ, ਰਣਜੀਤ ਸਿੰਘ, ਤਜਿੰਦਰ ਸਿੰਘ, ਤਲਵਿੰਦਰ ਸਿੰਘ, ਨਿਰਮਲ ਸਿੰਘ ਜੱਗੀ, ਨਿਰਮਲ ਸਿੰਘ ਸੇਠੀ, ਪਲਵਿੰਦਰ ਸਿੰਘ, ਸਵਰਨ ਸਿੰਘ, ਸਤਿੰਦਰਪਾਲ ਸਿੰਘ ਖੰਨਾ, ਜੋਗਿੰਦਰ ਸਿੰਘ, ਗੁਰਮੀਤ ਸਿੰਘ, ਹੈਪੀ ਗਲਹੋਤਰਾ ਅਤੇ ਵੱਡੀ ਤਾਦਾਦ ਵਿੱਚ ਸੰਗਤਾਂ ਹਾਜ਼ਰ ਸਨ।

# ਵਿਸਾਖੀ ਅਤੇ ਖ਼ਾਲਸਾ ਸਾਜਨਾ ਦਿਵਸ ’ਤੇ ਚਾਰ ਰੋਜ਼ਾ ਸਮਾਗਮ ਧੂਮ-ਧਾਮ ਨਾਲ ਸਮਾਪਤ



ਲੁਧਿਆਣਾ, 16 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਵਿਖੇ ਖ਼ਾਲਸਾ ਸਾਜਨਾ ਦਿਵਸ ਤੇ ਚਾਰ ਰੋਜ਼ਾ ਸਮਾਗਮ ਧੂਮ-ਧਾਮ ਨਾਲ ਸੰਪੰਨ ਹੋ ਗਏ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਅਤੇ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਇਹਨਾਂ ਸਮਾਗਮਾਂ ਦੌਰਾਨ ਵੱਖ- ਵੱਖ ਪ੍ਰਚਾਰਕ ਅਤੇ ਰਾਗੀ ਸਿੰਘਾਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕੀਤਾ। ਪਹਿਲੇ ਦਿਨ ਗਿਆਨੀ ਬਚਿੱਤਰ ਸਿੰਘ ਅਤੇ ਭਾਈ ਸਰਨਦੀਪ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ, ਦੂਸਰੇ ਦਿਨ ਗਿਆਨੀ ਸੁਖਵਿੰਦਰ ਸਿੰਘ ਯੂ.ਕੇ. ਵਾਲੇ ਅਤੇ ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ, ਤੀਸਰੇ ਦਿਨ ਕਵੀ ਦਰਬਾਰ ਕਰਵਾਇਆ ਗਿਆ। ਵਿਸਾਖੀ ਵਾਲੇ ਦਿਨ ਅੰਮ੍ਰਿਤ ਵੇਲੇ ਸਵੇਰੇ 5 ਵਜੇ ਤੋਂ ਇਲਾਹੀ ਗੁਰਬਾਣੀ ਦਾ ਪ੍ਰਸਾਰ ਆਰੰਭ ਹੋਇਆ, ਜਿਸ ਵਿੱਚ ਕਥਾ ਸਮਾਗਮ, ਬੱਚਿਆਂ ਦਾ ਕੀਰਤਨ, ਇਸਤ੍ਰੀ ਸਤਿਸੰਗ ਸਭਾ ਨੇ ਕੀਰਤਨ ਕੀਤਾ ਅਤੇ ਗਿਆਨੀ ਪ੍ਰਨਾਮ ਸਿੰਘ ਹੈੱਡਗ੍ਰੰਥੀ ਗੁਰਦੁਵਾਰਾ ਦੂਖ ਨਿਵਾਰਨ ਸਾਹਿਬ ਪਟਿਆਲੇ ਵਾਲਿਆਂ ਨੇ ਸੰਗਤਾਂ ਨੂੰ ਵਿਸਾਖੀ ਅਤੇ ਗੁਰੂ ਇਤਿਹਾਸ ਬਾਰੇ ਜਾਣੂੰ ਕਰਵਾਇਆ। ਬਾਅਦ ਵਿੱਚ ਭਾਈ ਦਿਲਬਾਗ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਡੇਢ ਘੰਟਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹਨਾਂ ਸਮਾਗਮਾਂ ਵਿੱਚ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਸ਼ਾਮ ਦੇ ਸਮਾਗਮਾਂ ਵਿੱਚ ਭਾਈ ਵਰਿੰਦਰ ਸਿੰਘ ਅਤੇ ਭਾਈ ਗੁਰਦਿੱਤ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਹਾਜ਼ਰੀ ਭਰੀ ਅਤੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ। ਚਾਰ ਰੋਜ਼ਾ ਸਮਾਗਮਾਂ ਵਿੱਚ ਸੰਗਤਾਂ ਨੇ ਕੀਰਤਨ ਅਤੇ ਕਥਾ ਦਾ ਭਰਪੂਰ ਆਨੰਦ ਮਾਣਿਆ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਨਣ ਲਈ ਪ੍ਰੇਰਿਤ ਕੀਤਾ। ਸਮਾਗਮਾਂ ਵਿੱਚ ਚੇਅਰਮੈਨ ਬਲਜੀਤ ਸਿੰਘ ਸੇਠੀ, ਪਰਮਿੰਦਰ ਸਿੰਘ, ਕਰਤਾਰ ਸਿੰਘ ਬਰਾੜ, ਗੁਰਦੀਪ ਸਿੰਘ ਕਾਲੜਾ, ਯਸ਼ਪਾਲ ਸਿੰਘ, ਡਾਕਟਰ ਪ੍ਰੇਮ ਸਿੰਘ, ਚਰਨਜੀਤ ਸਿੰਘ ਪਾਇਲ, ਵਰਿੰਦਰ ਮੋਹਨ ਸਿੰਘ, ਮਲਕੀਤ ਸਿੰਘ, ਬਲਬੀਰ ਸਿੰਘ, ਜਗਮੋਹਨ ਸਿੰਘ, ਸਰਬਜੀਤ ਸਿੰਘ ਚੱਗਰ, ਤਰਲੋਕ ਸਿੰਘ ਸੱਚਦੇਵਾ, ਐਡਵੋਕੇਟ ਰਾਜਿੰਦਰਪਾਲ ਸਿੰਘ, ਹਰਪਾਲ ਸਿੰਘ, ਬਲਬੀਰ ਸਿੰਘ ਜੋੜਾ ਘਰ, ਜਗਜੀਵਨ ਸਿੰਘ ਸੋਹਣਪਾਲ, ਤਰਲੋਕ ਸਿੰਘ, ਪਰਮਜੀਤ ਸਿੰਘ, ਅਮਰਜੀਤ ਸਿੰਘ ਹਾਜ਼ਰ ਸਨ।

# ਸਮਗੌਲੀ ਸੰਗਠਿਤ ਕਚਰਾ ਪ੍ਰੋਜੈਕਟ ਦੀ ਸਮੀਖਿਆ; ਪ੍ਰੋਜੈਕਟ ਸਾਫ਼-ਸੁਥਰੇ ਅਤੇ ਸਮਾਰਟ ਮੋਹਾਲੀ ਕਲੱਸਟਰ ਨੂੰ ਉਤਸ਼ਾਹਿਤ ਕਰੇਗਾ



ਡੇਰਾਬੱਸੀ, 16 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ) : ਪਿੰਡ ਸਮਗੌਲੀ ਵਿਖੇ ਸੰਗਠਿਤ ਠੋਸ ਕਚਰਾ ਪ੍ਰਬੰਧਨ ਪ੍ਰੋਜੈਕਟ ਦਾ ਮੌਕਾ ਮੁਆਇਨਾ ਕਮਿਸ਼ਨਰ, ਮਿਊਂਸਪਲ ਕਾਰਪੋਰੇਸ਼ਨ ਮੋਹਾਲੀ ਸ੍ਰੀ ਸੰਦੀਪ ਸਿੰਘ ਗਾੜ੍ਹਾ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਜੁਆਇੰਟ ਕਮਿਸ਼ਨਰ ਜਸਜੀਤ ਸਿੰਘ ਅਤੇ ਮੁੱਖ ਇੰਜੀਨੀਅਰ ਨਰੇਸ਼ ਬੱਤਾ ਤੋਂ ਇਲਾਵਾ ਕੁਰਾਲੀ, ਬਨੂੰੜ, ਡੇਰਾਬੱਸੀ ਅਤੇ ਲਾਲੜੂ ਨਗਰ ਕੌਂਸਲਾਂ ਦੇ ਕਾਰਜਕਾਰੀ ਅਧਿਕਾਰੀਆਂ ਤੋਂ ਇਲਾਵਾ ਪੀ ਐਮ ਆਈ ਡੀ ਸੀ (ਪੰਜਾਬ ਮਿਉਂਸੀਪਲ ਇੰਫਰਾਸਟ੍ਰਕਚਰ ਡਿਵੈਲਪਮੈਂਟ ਕੰਪਨੀ) ਤੋਂ ਸ੍ਰੀ ਪਰੇਸ਼ ਜਿੰਦਲ ਵੀ ਹਾਜ਼ਰ ਸਨ। ਇਹ ਪ੍ਰੋਜੈਕਟ ਜ਼ਿਲ੍ਹਾ ਐਸ.ਏ.ਐਸ ਨਗਰ (ਮੋਹਾਲੀ) ਦੀਆਂ ਸਾਰੀਆਂ ਅਰਬਨ ਲੋਕਲ ਬਾਡੀਜ਼ (ਨਗਰ ਨਿਗਮ ਤੇ ਨਗਰ ਕੌਂਸਲਾਂ) ਲਈ ਕਲੱਸਟਰ ਅਧਾਰਿਤ ਵਿਗਿਆਨਕ ਕਚਰਾ ਪ੍ਰਕਿਰਿਆ ਪ੍ਰਬੰਧਨ ਅਤੇ ਨਿਪਟਾਰੇ ਦੀ ਸੁਵਿਧਾ ਵਜੋਂ ਸਮਗੌਲੀ ਵਿਖੇ 39 ਏਕੜ ਵਿੱਚ ਵਿਕਸਿਤ ਕੀਤਾ ਜਾ ਰਿਹਾ ਹੈ। ਇਸ ਦਾ ਉਦੇਸ਼ ਸੰਗਠਿਤ ਪ੍ਰਣਾਲੀ ਰਾਹੀਂ ਕਚਰੇ ਨੂੰ ਇਕੱਠਾ ਕਰਨਾ, ਛਾਂਟਣਾਂ, ਬਿਜਲੀ ਉਤਪਾਦਨ, ਖਾਦ ਤਿਆਰ ਕਰਨ ਅਤੇ ਸੁਰੱਖਿਅਤ ਢੰਗ ਨਾਲ ਨਿਪਟਾਰਾ ਯਕੀਨੀ ਬਣਾਉਣਾ ਹੈ। ਇਸ ਦੌਰੇ ਦੌਰਾਨ ਸਾਈਟ ਦਾ ਜਾਇਜ਼ਾ ਲਿਆ ਗਿਆ ਅਤੇ ਵੱਖ-ਵੱਖ ਸਥਾਨਕ ਸਰਕਾਰ ਸੰਸਥਾਵਾਂ (ਨਗਰ ਕੌਂਸਲਾਂ) ਨੂੰ ਸੌਂਪੇ ਗਏ ਕੰਮਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ। ਪ੍ਰੋਜੈਕਟ ਵਿੱਚ ਸੈਕੰਡਰੀ ਕਲੈਕਸ਼ਨ ਅਤੇ ਟ੍ਰਾਂਸਪੋਰਟੇਸ਼ਨ ਪ੍ਰਣਾਲੀ, ਪ੍ਰੀ-ਪ੍ਰੋਸੈਸਿੰਗ ਯੂਨਿਟ, ਮਟੀਰੀਅਲ ਰਿਕਵਰੀ ਫੈਸਿਲਟੀ (ਐਮ ਆਰ ਐੱਫ), ਵੇਸਟ-ਟੂ-ਐਨਰਜੀ ਪਲਾਂਟ, ਕੰਪ੍ਰੈੱਸਡ ਬਾਇਓਗੈਸ (ਸੀ ਬੀ ਜੀ) ਯੂਨਿਟ, ਵਿੰਡ-ਰੋਅ ਕੰਪੋਸਟਿੰਗ, ਸੈਨਿਟਰੀ ਲੈਂਡਫਿੱਲ ਅਤੇ ‘ਲੀਚੇਟ ਟ੍ਰੀਟਮੈਂਟ’ ਪਲਾਂਟ ਸ਼ਾਮਲ ਹੋਣਗੇ। ਇਹ ਪ੍ਰੋਜੈਕਟ ਮੋਹਾਲੀ ਕਲੱਸਟਰ ਵਿੱਚ ਪੈਦਾ ਹੋਣ ਵਾਲੇ ਠੋਸ ਕਚਰੇ ਦੇ ਵਿਗਿਆਨਕ ਪ੍ਰਬੰਧਨ ਨੂੰ ਯਕੀਨੀ ਬਣਾਏਗਾ, ਰੀ-ਸਾਇਕਲ ਸਮੱਗਰੀ ਅਤੇ ਊਰਜਾ ਦੀ ਪ੍ਰਾਪਤੀ ਵਿੱਚ ਵਾਧਾ ਕਰੇਗਾ ਅਤੇ ਗੈਰ-ਵਿਗਿਆਨਕ ਡੰਪਿੰਗ (ਕੂੜੇ ਦੇ ਢੇਰ) ਨੂੰ ਘਟਾਏਗਾ। ਇਸ ਨਾਲ ਠੋਸ ਕਚਰਾ ਪ੍ਰਬੰਧਨ ਨਿਯਮਾਂ (ਸੋਲਿਡ ਵੇਸਟ ਮੈਨੇਜਮੈਂਟ ਰੂਲਜ਼) ਅਤੇ ਸਵੱਛ ਭਾਰਤ ਮਿਸ਼ਨ-ਅਰਬਨ (ਐੱਸ ਬੀ ਐਮ (ਯੂ) 2.0) ਦੇ ਨਿਯਮਾਂ ਦੀ ਪਾਲਣਾ ਵੀ ਯਕੀਨੀ ਬਣੇਗੀ। ਇਹ ਪ੍ਰੋਜੈਕਟ ਲੰਬੇ ਸਮੇਂ ਲਈ ਟਿਕਾਊ ਕਚਰਾ ਪ੍ਰਬੰਧਨ ਦਾ ਹੱਲ ਪ੍ਰਦਾਨ ਕਰੇਗਾ ਅਤੇ ਵਾਤਾਵਰਣ ਦੀ ਸੁਰੱਖਿਆ ਦੇ ਨਾਲ-ਨਾਲ ਜਨਤਕ ਸਿਹਤ ਦੀ ਸੰਭਾਲ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਏਗਾ।

# ਕੌਮੀ ਇਨਸਾਫ ਮੋਰਚੇ ਦੀਆਂ 2 ਮੰਗਾਂ ਪੂਰੀਆਂ ਹੋਣ ’ਤੇ ਲੀਡਰਸ਼ਿਪ ਵੱਲੋਂ ਸਵਾਗਤ

ਲੁਧਿਆਣਾ, 16 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਕੌਮੀ ਇਨਸਾਫ ਮੋਰਚੇ ਦੀ ਅਹਿਮ ਮੀਟਿੰਗ ਹੋਈ, ਜਿਸ ਵਿੱਚ ਮੋਰਚੇ ਦੀਆਂ ਮੰਗਾਂ ਪ੍ਰਤੀ ,ਅਤੇ ਮੋਰਚੇ ਨੂੰ ਵੱਡਾ ਕਰਨਾ ਮੋਰਚੇ ਦੀਆਂ ਪ੍ਰਾਪਤੀਆਂ , 7 ਮਈ ਨੂੰ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਤੋਂ ਪਾਰਲੀਮੈਂਟ ਵੱਲ ਕੂਚ ਕਰਨ ਬਾਰੇ ਵਿਚਾਰਾਂ ਕੀਤੀਆਂ ਗਈਆਂ। ਕੌਮੀ ਇਨਸਾਫ ਮੋਰਚਾ ਚੌਥੇ ਸਾਲ ਵਿੱਚ ਚੱਲ ਰਿਹਾ ਹੈ। ਲੰਬੇ ਮੋਰਚੇ ਚੱਲਣੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਪਾਰ ਕਿਰਪਾ ਸਦਕਾ ਹੀ ਸੰਭਵ ਹੋ ਸਕਦੇ ਨੇ ਜੋ ਕਿ ਮੋਰਚਾ ਅੱਜ ਵੀ ਚੜ੍ਹਦੀ ਕਲਾ ਵਿੱਚ ਚੱਲ ਰਿਹਾ ਮੋਰਚੇ ਦੀਆਂ ਪ੍ਰਾਪਤੀਆਂ ਦੀ ਗੱਲ ਕੀਤੀ ਜਾਵੇ ਕਿਉਂਕਿ ਸਰਕਾਰਾਂ ਨੇ ਵੋਟ ਦੀ ਰਾਜਨੀਤੀ ਕਰਨੀ ਹੁੰਦੀ ਹੈ ਮੋਰਚੇ



ਦੀ ਪਹਿਲੀ ਮੰਗ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ’ਤੇ ਸਖਤ ਤੋਂ ਸਖਤ ਕਾਨੂੰਨ ਬਣਾਉਣ ਸਬੰਧੀ ਉਹ ਮੰਗ ਪੂਰੀ ਹੋ ਚੁੱਕੀ ਹੈ ਭਾਵੇਂ ਕਿਸੇ ਵੀ ਪਲੇਟਫਾਰਮ ਦੇ ਜਰੀਏ ਇਹ ਮੰਗ ਪੂਰੀ ਹੋ ਗਈ ਉਸ ਦਾ ਮੋਰਚੇ ਦੀ ਲੀਡਰਸ਼ਿਪ ਵੱਲੋਂ ਸੁਆਗਤ ਕੀਤਾ ਜਾਂਦਾ ਹੈ। ਚੌਥੀ ਮੰਗ 328 ਸਰੂਪਾਂ ਨੂੰ ਗੁੰਮ ਕਰਨ ’ਤੇ ਕੇਸ ਦਰਜ ਕੀਤਾ ਜਾਵੇ ਮੋਰਚੇ ਦੀ ਉਹ ਮੰਗ ਵੀ ਪੂਰੀ ਹੋਈ ਭਾਵੇਂ ਕਿਸੇ ਪਲੇਟਫਾਰਮ ਮੋਰਚੇ ਜਰੀਏ ਰਾਹੀਂ ਕੀਤੀ ਦੇਸ਼ ਵਿਦੇਸ਼ ਵਿੱਚ ਵੱਸਦੀਆਂ ਗੁਰੂ ਨਾਨਕ ਲੇਵਾ ਸਿੱਖ ਸੰਗਤਾਂ ਦੀ ਵੱਡੀ ਜਿੱਤ ਹੋਈ ਉਸ ਦਾ ਵੀ ਮੋਰਚੇ ਦੀ ਲੀਡਰਸ਼ਿਪ ਵੱਲੋਂ ਨਿੱਘਾ ਸੁਆਗਤ ਕੀਤਾ ਜਾਂਦਾ ਹੈ।

ਮੋਰਚੇ ਦੇ ਆਗੂ ਸਾਹਿਬਾਨਾਂ ਦਾ ਕਹਿਣਾ ਹੈ ਕਿ ਇਹਨਾਂ ਮੰਗਾਂ ਦੀ ਲੜਾਈ ਲੜਦਿਆਂ ਭਾਈ ਗੁਰਬਖਸ਼ ਸਿੰਘ ਖਾਲਸਾ ਸ਼ਹੀਦੀ ਪਾ ਗਏ ਹਨ ਅਤੇ ਬਾਪੂ ਸੂਰਤ ਸਿੰਘ ਵੱਲੋਂ ਵੀ ਇਸ ਮੰਗਾਂ ਨੂੰ ਲੈ ਕੇ ਸੰਘਰਸ਼ ਕੀਤਾ ਸੀ ਜੋ ਸਰਕਾਰਾਂ ਨੇ ਉਹਨਾਂ ਨਾਲ ਕੀਤਾ ਉਹ ਕਿਸੇ ਤੋਂ ਲੁਕੋਇਆ ਨਹੀਂ ਜਾ ਸਕਦਾ ਅਗਲੇ ਮਹੀਨੇ ਮਈ ਦੇ ਪਹਿਲੇ ਐਤਵਾਰ ਤੋ ਸ਼ੁਰੂ ਹੋ ਕੇ ਹਰ ਐਤਵਾਰ ਮੋਰਚੇ ਵਿੱਚ ਕੀਰਤਨ ਕਥਾ ਵਿਚਾਰਾਂ ਹੋਇਆ ਕਰਨਗੀਆਂ ਅਤੇ ਵੱਡੇ ਇਕੱਠ ਕੀਤੇ ਜਾਣਗੇ ਮੋਰਚੇ ਵੱਲੋਂ ਸਾਰੀ ਸੰਗਤ ਨੂੰ ਅਪੀਲ ਬੇਨਤੀ ਅਰਜ ਹੈ ਕਿ ਜਦੋਂ ਵੀ ਟਾਈਮ ਮਿਲਦਾ ਆਓ ਮੋਰਚੇ ਨੂੰ ਵੱਡਾ ਕਰਨ ਲਈ ਸਾਰੇ ਰਲ ਮਿਲ ਕੇ ਹੰਬਲਾ ਮਾਰੀਏ ਕੌਮੀ ਇਨਸਾਫ ਮੋਰਚੇ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰੀ ਲਵਾਇਆ ਕਰੋ ਕਿਉਂਕਿ ਜਿਹੜੀਆਂ ਮੋਰਚੇ ਵੱਲੋਂ 2 ਮੰਗਾਂ ਰਹਿ ਗਈਆਂ ਜਿਵੇਂ ਕਿ ਬੰਦੀ ਸਿੰਘਾਂ ਦੀ ਰਿਹਾਈ ਅਤੇ ਬਰਗਾੜੀ ਬਹਿਬਲ ਗੋਲੀ ਕਾਂਡ ਦਾ ਚਲਾਨ ਪੇਸ਼ ਕਰਨ ਸਬੰਧੀ, ਇਸ ਸਮੇਂ ਹਾਜ਼ਰ ਮੋਰਚੇ ਦੇ ਬੁਲਾਰੇ ਗੁਰਦੀਪ ਸਿੰਘ ਬਠਿੰਡਾ, ਬਲਵਿੰਦਰ ਸਿੰਘ ਕਾਲਾ ਝਾੜ ਸਾਹਿਬ, ਗੁਰਿੰਦਰ ਸਿੰਘ ਭੰਗੂ ,ਪਾਲ ਸਿੰਘ ਘੜੂਆਂ, ਬਲਜੀਤ ਸਿੰਘ ਭਾਉ, ਰਸਪਾਲ ਸਿੰਘ ਚੰਡੀਗੜ੍ਹ, ਜੀਤ ਸਿੰਘ ਔਲਖ, ਮੱਖਣ ਸਿੰਘ ਮਾਨਸਾ , ਬਾਬਾ ਪਰਮਜੀਤ ਸਿੰਘ, ਜਗਵੀਰ ਸਿੰਘ ਧਨੋਆ, ਇੰਦਰਬੀਰ ਸਿੰਘ ਪਟਿਆਲਾ, ਅਮਰਜੀਤ ਸਿੰਘ ਦੇਸੂ ਮਾਜਰਾ, ਜਸਵੰਤ ਸਿੰਘ ਮਾਨਸਾ, ਕਰਮਜੀਤ ਸਿੰਘ ਚਿੱਲਾ, ਰੇਸ਼ਮ ਸਿੰਘ ਖਰੜ, ਬਹਾਦਰ ਸਿੰਘ ਕੰਡਿਆਲਾ , ਅਵਤਾਰ ਸਿੰਘ ਬੜੈਲ ਆਦਿ ਸੰਗਤਾਂ ਹਾਜ਼ਰ ਸਨ।

# ਪਿੰਡਾਂ ਦੀਆਂ ਸੜਕਾਂ ਦੀ ਬੁਰੀ ਹਾਲਤ

ਰਾਜਪੁਰਾ, 16 ਅਪ੍ਰੈਲ (ਧਿਆਨ ਸਿੰਘ ਸੈਦਖੇੜੀ) : ਨਾਲ ਲੱਗਦੇ ਪਿੰਡ ਸੈਦ ਖੇੜੀ ਵਾਲੀ ਮੁੱਖ ਸੜਕ ਜੋ ਰਾਜਪੁਰਾ ਅਨਾਜ ਮੰਡੀ ਤੋਂ ਲੈ ਕੇ ਸ਼ੈਦ ਖੇੜੀ ਖੈਰਪੁਰ ਮਹਿਮੂਦ ਪੁਰ ਮਹਿਮਾ ਅਤੇ ਮਡੀ ਤੋਂ ਪਿੰਡਾਂ ਤੱਕ ਜਾਂਦੀ ਹੈ ਇਸ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ ਇਹ ਸੜਕ ਤੇ ਪਿਛਲੇ 10 ਸਾਲ ਤੋਂ ਕੋਈ ਲੁਕ ਬਜਰੀ ਤੇ ਪ੍ਰੀਮਿਕਸ ਬਿਲਕੁਲ ਨਹੀਂ ਪਾਈ ਗਈ ਇਸ ਸੜਕ ਉੱਤੇ ਨੇੜੇ ਗੋਦਾਮ ਹੋਣ ਦੀ ਵਜਹਾ ਕਰਕੇ ਵੱਡੇ ਵੱਡੇ ਟਰਾਲੇ ਗੁਜਰਦੇ ਹਨ ਜੋ ਕਿ ਹਾਈਵੇ ਦੀ ਸੜਕ ਨਾਲੋਂ ਜਿਆਦਾ ਟਰੈਫਿਕ ਵੀ ਇਸ ਸੜਕ ਤੋਂ ਗੁਜਰਦਾ ਹੈ ਇਸ ਕਾਰਨ ਸੜਕ ਦੀ ਹਾਲਤ ਬਹੁਤ ਖਸਤਾ ਹੋ ਚੁੱਕੀ ਹੈ ਹੁਣ ਲੋਕ ਇਹ ਸੋਚ ਰਹੇ ਹਨ ਇਹ ਪਿਛਲੇ 10 ਸਾਲ ਤੋਂ ਕਿਸੇ ਸਰਕਾਰ ਨੇ ਵੀ ਇਹਨਾਂ ਪਿੰਡਾਂ ਦੇ ਲੋਕਾਂ ਦੀ ਤਕਲੀਫ ਵਲ ਬਿਲਕੁਲ ਧਿਆਨ ਨਹੀਂ ਦਿੱਤਾ ਲੋਕਾਂ ਦੀ ਆਵਾਜਾਈ ਇਸ ਸੜਕ ਤੇ ਰਹਿੰਦੀ ਹੋਣ ਕਰਕੇ ਬਹੁਤ ਹਾਦਸੇ ਵੀ ਹੁੰਦੇ ਹਨ ਇਸ ਕਾਰਨ ਲੋਕ ਭਾਰੀ ਮੁਸ਼ਕਲ ਵਿੱਚ ਆਏ ਹੋਏ ਹਨ ਇੱਥੇ ਦੀ ਪੰਚਾਇਤ ਅਤੇ ਮੌਜੂਦਾ ਸਰਕਾਰ ਦੇ ਪ੍ਰਸ਼ਾਸਨ ਨੂੰ ਵੀ ਇਹ ਸੜਕ ਬਾਰੇ ਕੰਨ ਤੇ ਜੂ ਤੱਕ ਨਹੀਂ ਸਰਕੀ ਪਿੰਡਾਂ ਦੇ ਲੋਕਾਂ ਦੀ ਸਰਕਾਰ ਤੋਂ ਮੰਗ ਹੈ ਕਿ ਇਸ ਸੜਕ ਨੂੰ ਪਹਿਲ ਦੇ ਅਧਾਰ ਤੇ ਪ੍ਰੀਮਿਕਸ ਪਾ ਕੇ ਨਵੀਂ ਬਣਾਇਆ ਜਾਏ ਤਾਂ ਕਿ ਆਵਾਜਾਈ ਵਿੱਚ ਕੋਈ ਵਿਘਨ ਨਾ ਪੈ ਸਕੇ

# ਭਾਈ ਰਾਮ ਕਿਸ਼ਨ ਸਕੂਲ ਦਾ 8ਵੀਂ ਦਾ ਨਤੀਜਾ ਸ਼ਾਨਦਾਰ ਰਿਹਾ

ਬਹਾਦਰਗੜ੍ਹ, 16 ਅਪ੍ਰੈਲ (ਚ.ਨ.ਸ) : ਭਾਈ ਰਾਮ ਕਿਸ਼ਨ ਗੁਰਮਤਿ ਪਬਲਿਕ ਸੀਨੀਅਰ ਸੈਕਡੰਰੀ ਸਕੂਲ ਦਾ 8ਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਭਾਈ ਰਾਮ ਕਿਸ਼ਨ ਐਜੂਕੇਸ਼ਨਲ ਐਂਡ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਅਤੇ ਉਘੇ ਸਮਾਜ ਸੇਵਕ ਮਹੰਤ ਚਮਕੌਰ ਸਿੰਘ ਸੇਵਾ ਪੰਥੀ ਅਤੇ ਪ੍ਰਿੰਸੀਪਲ ਹਿੰਮਤ ਕੌਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 8ਵੀਂ ਜਮਾਤ ਦੇ ਨਤੀਜੇ ’ਚ ਸਾਡੇ ਸਕੂਲ ਦੇ ਬੱਚਿਆਂ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਸਕੂਲ ਦੀ ਵਿਦਿਆਰਥਣ ਸੋਨਾਕਸ਼ੀ ਨੇ 92 ਫੀਸਦੀ ਅੰਕਾਂ ਨਾਲ ਪਹਿਲਾ ਸਥਾਨ, ਹਰਸ਼ਵਰਧਨ ਸਿੰਘ ਨੇ 87 ਅੰਕਾਂ ਨਾਲ ਦੂਜਾ , ਜਦੋਂ ਕਿ ਨਵਨੀਤ ਸਿੰਘ ਨੇ 86 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਹਾਸਲ ਕਰਕੇ ਪਟਿਆਲਾ ਜ਼ਿਲ੍ਹੇ ’ਚ ਸਕੂਲ ਦਾ ਨਾਮ ਚਮਕਾਇਆ ਹੈ। 100 ਫੀਸਦੀ ਨਤੀਜੇ ਨਾਲ ਸਕੂਲ ਦੇ ਬਾਕੀ ਵਿਦਿਆਰਥੀਆਂ ਨੇ 60 ਫੀਸਦੀ ਤੋਂ ਵੱਧ ਅੰਕਾਂ ਨਾਲ ਪਹਿਲਾ ਦਰਜਾ ਹਾਸਲ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਤੋਂ ਪਹਿਲਾਂ 5ਵੀਂ ਕਲਾਸ ਦਾ ਨਤੀਜਾ ਵੀ ਬਹੁਤ ਸ਼ਾਨਦਾਰ ਆਇਆ ਸੀ । ਮਹੰਤ ਚਮਕੌਰ ਸਿੰਘ ਨੇ ਸਟਾਫ ਅਤੇ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਡੇ ਸਕੂਲ ਦਾ ਮੁੱਖ ਮੰਤਵ ਸਿੱਖਿਆ ਹਰ ਬੱਚੇ ਤੱਕ ਪਹੁੰਚਾਉਣਾ ਅਤੇ ਵਿਦਿਆ ਦੀ ਰੋਸ਼ਨੀ ਨਾਲ ਇਕ ਬਿਹਤਰ ਸਮਾਜ ਦੀ ਸਿਰਜਣਾ ਕਰਨਾ ਹੈ।ਉਨ੍ਹਾਂ ਇਸ ਮੌਕੇ ਲੋੜਵੰਦ ਬੱਚਿਆਂ ਲਈ ਮੁਫਤ ਵਿਦਿਆ ਦੇਣ ਦਾ ਲੰਗਰ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਚਮਕੌਰ ਸਿੰਘ , ਪ੍ਰਿੰਸੀਪਲ ਹਿੰਮਤ ਕੌਰ ਅਤੇ ਡਾਇਰੈਕਟਰ ਰਮਣੀਕ ਸਿੰਘ ਘੁੰਮਣ ਨੇ ਅੱਵਲ ਆਉਣ ਵਾਲੇ ਬੱਚਿਆਂ ਦਾ ਮੂੰਹ ਮਿੱਠਾ ਕਰਵਾ ਕੇ ਖ਼ੁਸ਼ੀ ਸਾਂਝੀ ਕੀਤੀ।




# ਹੋਲੀ ਮੈਰੀ ਸਕੂਲ ਬਨੂੜ ਦੇ ਬੱਚਿਆਂ ਨੇ CBSE ਬੋਰਡ ’ਚ ਸ਼ਾਨਦਾਰ ਨਤੀਜੇ ਨਾਲ ਬਣਾਇਆ ਨਵਾਂ ਰਿਕਾਰਡ




ਬਨੂੰੜ, ਸ਼ੰਭੂ, 16 ਅਪ੍ਰੈਲ (ਅਮਰਿੰਦਰ ਸਿੰਘ ਮੋਹੀ) : ਹੋਲੀ ਮੇਰੀਜ਼ ਸਕੂਲ, ਬਨੂੰੜ ਦੇ ਬੱਚਿਆਂ ਨੇ ਸੈਸ਼ਨ 2025-2026 ਦੇ CBSE ਬੋਰਡ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 100 ਫੀਸਦੀ ਨਤੀਜਾ ਹਾਸਲ ਕੀਤਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਨਾ ਸਿਰਫ਼ ਉੱਚ ਅੰਕ ਪ੍ਰਾਪਤ ਕੀਤੇ ਹਨ, ਸਗੋਂ ਇਲਾਕੇ ਵਿੱਚ ਵੀ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ।ਇਸ ਸਾਲ ਦੇ ਨਤੀਜਿਆਂ ਵਿੱਚ ਅਮੀਤੋਜ ਸਿੰਘ ਨੇ 98.8 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਉਸ ਤੋਂ ਬਾਅਦ ਹਰਸਿਮਰਨ ਕੌਰ ਨੇ 97.8 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਅਤੇ ਅਰਵਿਨ ਕੌਰ ਨੇ 94.8 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਹੋਰ ਪ੍ਰਮੁੱਖ ਵਿਦਿਆਰਥੀਆਂ ਵਿੱਚ ਮਨਜੋਤ ਕੌਰ (94.2%), ਪਰਨੀਤ ਕੌਰ (93.4%), ਯੁਵਰਾਜ ਸਿੰਘ (93.4%), ਨਵਜੋਤ ਕੌਰ (93.2%), ਸਿਮਰਨਜੀਤ ਸਿੰਘ (93.2%), ਮਹਕਦੀਪ ਕੌਰ (93%), ਜਸਪ੍ਰੀਤ ਕੌਰ (92.6%), ਆਰਾਧਿਆ ਧੀਮਾਨ (92%), ਇਸ਼ਮੀਤ ਕੌਰ (91.6%), ਜਸਪ੍ਰੀਤ ਕੌਰ (91.4%), ਤਨਿਆ ਗਿੱਲ (91.2%), ਰਸ਼ਮੀਤ ਕੌਰ (91.2%), ਕੇਸ਼ਵ ਥੰਮਣ (90.6%), ਵਾਂਸ਼ਿਕਾ (90.4%) ਅਤੇ ਜਸ਼ਨਪ੍ਰੀਤ ਕੌਰ (90.2%) ਸ਼ਾਮਲ ਹਨ। ਸਕੂਲ ਪ੍ਰਬੰਧਕਾਂ ਸ੍ਰੀ ਸੀਸੀ ਦੇਵਾਸੀ ਨੇ ਦੱਸਿਆ ਕਿ ਅਧਿਆਪਕ ਵਰਗ ਨੇ ਇਸ ਕਾਮਯਾਬੀ ਦਾ ਸਿਹਰਾ ਵਿਦਿਆਰਥੀਆਂ ਦੀ ਕਠੋਰ ਮਿਹਨਤ, ਮਾਪਿਆਂ ਦੇ ਸਹਿਯੋਗ ਅਤੇ ਅਧਿਆਪਕਾਂ ਦੀ ਲਗਨ ਨੂੰ ਦਿੱਤਾ ਹੈ। ਸਕੂਲ ਦੇ ਪ੍ਰਿੰਸੀਪਲ ਨੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਉਨ੍ਹਾਂ ਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਇਹ ਨਤੀਜੇ ਸਕੂਲ ਦੀ ਉੱਚ ਸਿੱਖਿਆ ਮਿਆਰ ਅਤੇ ਵਿਦਿਆਰਥੀ ਕੇਂਦਰਿਤ ਸਿੱਖਿਆ ਪ੍ਰਣਾਲੀ ਨੂੰ ਦਰਸਾਉਂਦੇ ਹਨ, ਜੋ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਵਧੀਆ ਨਤੀਜੇ ਦੇਣ ਦੀ ਉਮੀਦ ਜਤਾਉਂਦੇ ਹਨ।

# ਰਾਜਪੁਰਾ ਵਿੱਚ ਅਵਲੀਨ ਕੌਰ ਨੇ 99.2% ਨਾਲ ਕੀਤਾ ਸਿਟੀ ਟਾਪ

## ਮੁਕਤ ਪਬਲਿਕ ਸਕੂਲ ਦੀ ਵਿਦਿਆਰਥਣ ਨੇ 500 ਵਿੱਚੋਂ 496 ਅੰਕ ਹਾਸਲ ਕਰਕੇ ਬਣਾਇਆ ਰਿਕਾਰਡ

ਰਾਜਪੁਰਾ, 16 ਅਪ੍ਰੈਲ(ਮਦਨ ਲਾਲ, ਸੰਜੀਵ ਕੁਮਾਰ) : ਰਾਜਪੁਰਾ: ਸੀਬੀਐਸਈ ਦੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਮੁਕਤ ਪਬਲਿਕ ਸਕੂਲ ਰਾਜਪੁਰਾ ਦੀ ਵਿਦਿਆਰਥਣ ਅਵਲੀਨ ਕੌਰ ਨੇ 99.2 ਫੀਸਦੀ ਅੰਕ ਪ੍ਰਾਪਤ ਕਰਕੇ ਸਿਟੀ ਟਾਪ ਕੀਤਾ ਹੈ। ਉਸ ਨੇ ਕੁੱਲ 500 ਵਿੱਚੋਂ 496 ਅੰਕ ਹਾਸਲ ਕਰਕੇ ਰਾਜਪੁਰਾ ਡਿਵੀਜ਼ਨ ਵਿੱਚ ਆਪਣਾ ਨਾਂ ਰੌਸ਼ਨ ਕੀਤਾ ਹੈ। ਅਵਲੀਨ ਕੌਰ, ਗੁਰਪ੍ਰੀਤ ਸਿੰਘ ਧਮੋਲੀ (ਵਾਈਸ ਚੇਅਰਮੈਨ ਪੰਜਾਬ ਟ੍ਰੇਡ ਕਮਿਸ਼ਨ ਪਟਿਆਲਾ ਅਤੇ ਪ੍ਰਧਾਨ ਆਲ ਸਕੂਲ ਪੇਰੈਂਟਸ ਐਸੋਸੀਏਸ਼ਨ) ਦੀ ਪੁੱਤਰੀ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਧਮੋਲੀ ਨੇ ਖੁਸ਼ੀ ਜਾਹਿਰ ਕਰਦੇ ਹੋਏ ਕਿਹਾ ਕਿ ਉਹਨਾਂ ਨੂੰ ਆਪਣੀ ਬੇਟੀ ‘ਤੇ ਮਾਣ ਹੈ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ। ਉਨ੍ਹਾਂ ਦੱਸਿਆ ਕਿ ਅਵਲੀਨ ਨੇ ਕਦੇ ਵੀ ਟਿਊਸ਼ਨ ਨਹੀਂ ਲਈ ਅਤੇ ਆਪਣੀ ਮਿਹਨਤ ਨਾਲ ਇਹ ਮਕਾਮ ਹਾਸਲ ਕੀਤਾ ਹੈ। ਅਵਲੀਨ ਕੌਰ ਨੇ ਆਪਣੇ ਪ੍ਰਿੰਸੀਪਲ ਗਾਇਤਰੀ ਕੌਸਲ ਅਤੇ ਅਧਿਆਪਕਾਂ ਮੈਡਮ ਨਿਧੀ, ਸੀਮਾ ਵਾਲੀਆ ਅਤੇ ਅਧਿਆਪਕ ਐਮ.ਵੀ. ਦਾ ਧੰਨਵਾਦ ਕੀਤਾ। ਇਸ ਮੌਕੇ ਰਿਸ਼ਤੇਦਾਰਾਂ ਅਤੇ ਦੋਸਤਾਂ ਵੱਲੋਂ ਵਧਾਈਆਂ ਦਿੱਤੀਆਂ ਗਈਆਂ।ਜਿਕਰਯੋਗ ਹੈ ਕਿ ਅਵਲੀਨ ਕੌਰ ਦੇ ਪਿਤਾ ਗੁਰਪ੍ਰੀਤ ਸਿੰਘ ਧਮੌਲੀ ਨੂੰ ਹਾਲ ਵਿਚ ਹੀ ਬਠਿੰਡਾ ਵਿਖੇ ਦਿ ਟ੍ਰਿਬਿਊਨ ਟਰਸ਼ਟ ਵੱਲੋਂ ਕਰਵਾਏ ਪੰਜਾਬ ਅਚੀਵਰ 2026 ਅਵਾਰਡ ਨਾਲ ਨਿਵਾਜਿਆ ਗਿਆ ਹੈ।




## ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ

ਡਰਾਅ ਦਾ ਸਮਾਂ : ਸ਼ਾਮ 05.00 ਵਜੇ ਤੋਂ — ਪੰਜਾਬ ਰਾਜ ਡੀਅਰ 50 ਚੀਫ਼ ਵੀਰਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ — ਮਿਤੀ : 16.04.2026

ਮੁੱਲ ਰੁਪਏ 50/- ਪ੍ਰਤੀ ਟਿਕਟ

ਪਹਿਲੇ ਇਨਾਮ ਦੀ ਰਾਸ਼ੀ (1) ਰੁ. 15 ਲੱਖ (ਲੜੀਆਂ ਨਾਲ 5 ਅੰਕਾਂ ’ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 1 ਲੱਖ + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 25 ਹਜ਼ਾਰ, ਕੁੱਲ ਇਨਾਮੀ ਰਾਸ਼ੀ ਰੁਪਏ 16.25 ਲੱਖ)
C 92252

ਦੂਜੇ ਇਨਾਮ ਦੀ ਰਾਸ਼ੀ (25) ਰੁ. 9,000/- (5 ਅੰਕਾਂ ’ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 900/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁਪਏ 10,000/- ਹਰੇਕ)
69366 71149 71164 77638 92109

ਤੀਜੇ ਇਨਾਮ ਦੀ ਰਾਸ਼ੀ (50) ਰੁ. 4,000/- (ਆਖਰੀ 4 ਅੰਕਾਂ ’ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 500/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 100/-, ਕੁੱਲ ਇਨਾਮੀ ਰਾਸ਼ੀ ਰੁਪਏ 4,600/- ਹਰੇਕ)
7240 9207

ਚੌਥੇ ਇਨਾਮ ਦੀ ਰਾਸ਼ੀ (125) ਰੁ. 2,000/- (ਆਖਰੀ 4 ਅੰਕਾਂ ’ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 200/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 2,250/- ਹਰੇਕ)
5439 6915 8392 8777 9805

ਪੰਜਵੇਂ ਇਨਾਮ ਦੀ ਰਾਸ਼ੀ (125) ਰੁ. 1000/- (ਆਖਰੀ 4 ਅੰਕਾਂ ’ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 100/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 50/-, ਕੁੱਲ ਇਨਾਮੀ ਰਾਸ਼ੀ ਰੁਪਏ 1,150/- ਹਰੇਕ)
1933 5237 8206 8711 9908

ਛੇਵੇਂ ਇਨਾਮ ਦੀ ਰਾਸ਼ੀ (125) ਰੁ. 500/- (ਆਖਰੀ 4 ਅੰਕਾਂ ’ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 50/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 20/-, ਕੁੱਲ ਇਨਾਮੀ ਰਾਸ਼ੀ ਰੁਪਏ 570/- ਹਰੇਕ)
1074 5461 6358 6442 9648

ਸੱਤਵੇਂ ਇਨਾਮ ਦੀ ਰਾਸ਼ੀ (17,500) ਰੁ. 100/- (ਆਖਰੀ 4 ਅੰਕਾਂ ’ਤੇ)
(ਵਿਕ੍ਰੇਤਾ ਦੀ ਇਨਾਮੀ ਰਾਸ਼ੀ ਰੁਪਏ 10/- + ਸਬ ਸਟਾਕਿਸਟ ਦੀ ਇਨਾਮੀ ਰਾਸ਼ੀ ਰੁ. 5/-, ਕੁੱਲ ਇਨਾਮੀ ਰਾਸ਼ੀ ਰੁਪਏ 115/- ਹਰੇਕ)

| | | | | | | | | | |
|---|---|---|---|---|---|---|---|---|---|
| 0031 | 0074 | 0080 | 0123 | 0137 | 0141 | 0143 | 0153 | 0161 | 0190 |
| 0211 | 0227 | 0231 | 0258 | 0262 | 0269 | 0274 | 0275 | 0277 | 0279 |
| 0286 | 0294 | 0306 | 0310 | 0341 | 0351 | 0357 | 0361 | 0363 | 0382 |
| 0385 | 0396 | 0420 | 0431 | 0432 | 0453 | 0454 | 0477 | 0489 | 0491 |
| 0516 | 0521 | 0525 | 0537 | 0563 | 0565 | 0591 | 0629 | 0633 | 0643 |
| 0660 | 0668 | 0686 | 0692 | 0698 | 0699 | 0703 | 0707 | 0708 | 0710 |
| 0712 | 0750 | 0772 | 0773 | 0778 | 0798 | 0810 | 0812 | 0839 | 0857 |
| 0868 | 0870 | 0887 | 0902 | 0904 | 0909 | 0912 | 0942 | 0954 | 0982 |
| 0985 | 0987 | 0993 | 1000 | 1002 | 1010 | 1015 | 1032 | 1081 | 1090 |
| 1101 | 1107 | 1121 | 1136 | 1137 | 1142 | 1154 | 1161 | 1165 | 1172 |
| 1185 | 1210 | 1217 | 1218 | 1240 | 1253 | 1261 | 1273 | 1275 | 1284 |
| 1298 | 1319 | 1341 | 1421 | 1425 | 1430 | 1455 | 1466 | 1488 | 1489 |
| 1491 | 1518 | 1526 | 1541 | 1550 | 1554 | 1555 | 1574 | 1581 | 1597 |
| 1620 | 1629 | 1637 | 1638 | 1661 | 1666 | 1682 | 1700 | 1711 | 1717 |
| 1726 | 1753 | 1760 | 1764 | 1768 | 1776 | 1788 | 1789 | 1792 | 1811 |
| 1855 | 1863 | 1881 | 1887 | 1909 | 1920 | 1946 | 1962 | 1969 | 1976 |
| 1988 | 1989 | 1998 | 2001 | 2004 | 2031 | 2041 | 2071 | 2081 | 2082 |
| 2095 | 2115 | 2121 | 2132 | 2136 | 2152 | 2174 | 2177 | 2198 | 2255 |
| 2257 | 2290 | 2294 | 2308 | 2320 | 2336 | 2357 | 2358 | 2399 | 2405 |
| 2411 | 2430 | 2439 | 2448 | 2482 | 2488 | 2501 | 2532 | 2534 | 2545 |
| 2551 | 2557 | 2577 | 2580 | 2599 | 2602 | 2611 | 2634 | 2640 | 2649 |
| 2660 | 2664 | 2665 | 2681 | 2690 | 2724 | 2735 | 2749 | 2754 | 2773 |
| 2855 | 2872 | 2893 | 2906 | 2913 | 2920 | 2935 | 2945 | 2990 | 3008 |
| 3013 | 3014 | 3047 | 3078 | 3087 | 3110 | 3145 | 3159 | 3169 | 3174 |
| 3192 | 3207 | 3208 | 3217 | 3221 | 3241 | 3252 | 3289 | 3296 | 3297 |
| 3300 | 3307 | 3337 | 3339 | 3342 | 3354 | 3355 | 3356 | 3357 | 3406 |
| 3409 | 3410 | 3436 | 3437 | 3441 | 3450 | 3455 | 3458 | 3459 | 3460 |
| 3502 | 3503 | 3505 | 3520 | 3524 | 3536 | 3537 | 3539 | 3547 | 3548 |
| 3555 | 3601 | 3602 | 3617 | 3622 | 3625 | 3655 | 3678 | 3683 | 3743 |
| 3761 | 3812 | 3838 | 3839 | 3842 | 3849 | 3852 | 3872 | 3902 | 3926 |
| 3939 | 3975 | 3991 | 4042 | 4057 | 4069 | 4100 | 4156 | 4174 | 4180 |
| 4200 | 4204 | 4241 | 4263 | 4278 | 4294 | 4333 | 4336 | 4348 | 4365 |
| 4368 | 4383 | 4395 | 4420 | 4431 | 4432 | 4438 | 4449 | 4495 | 4498 |
| 4509 | 4533 | 4547 | 4552 | 4594 | 4637 | 4638 | 4640 | 4641 | 4666 |
| 4673 | 4713 | 4779 | 4788 | 4811 | 4812 | 4819 | 4833 | 4841 | 4901 |
| 4919 | 4928 | 4935 | 4960 | 4972 | 5007 | 5012 | 5043 | 5060 | 5069 |
| 5075 | 5091 | 5093 | 5101 | 5112 | 5117 | 5132 | 5144 | 5147 | 5148 |
| 5184 | 5186 | 5195 | 5214 | 5218 | 5220 | 5233 | 5243 | 5245 | 5246 |
| 5262 | 5283 | 5293 | 5310 | 5315 | 5320 | 5341 | 5355 | 5364 | 5406 |
| 5407 | 5412 | 5431 | 5456 | 5460 | 5467 | 5488 | 5511 | 5528 | 5565 |
| 5574 | 5585 | 5613 | 5616 | 5660 | 5673 | 5717 | 5734 | 5757 | 5767 |
| 5772 | 5781 | 5783 | 5788 | 5793 | 5814 | 5817 | 5845 | 5866 | 5869 |
| 5870 | 5872 | 5873 | 5885 | 5908 | 5927 | 5928 | 5933 | 5985 | 5987 |
| 5997 | 6038 | 6043 | 6045 | 6063 | 6072 | 6084 | 6087 | 6112 | 6115 |
| 6136 | 6157 | 6168 | 6176 | 6221 | 6225 | 6252 | 6259 | 6294 | 6300 |
| 6301 | 6333 | 6366 | 6384 | 6417 | 6418 | 6469 | 6488 | 6493 | 6511 |
| 6611 | 6658 | 6671 | 6675 | 6687 | 6719 | 6757 | 6770 | 6773 | 6784 |
| 6793 | 6802 | 6807 | 6812 | 6839 | 6844 | 6860 | 6873 | 6877 | 6897 |
| 6928 | 6933 | 6951 | 6956 | 6995 | 6997 | 7027 | 7039 | 7056 | 7059 |
| 7068 | 7107 | 7132 | 7143 | 7156 | 7158 | 7172 | 7182 | 7197 | 7203 |
| 7212 | 7232 | 7256 | 7273 | 7278 | 7284 | 7287 | 7297 | 7309 | 7319 |
| 7320 | 7330 | 7342 | 7350 | 7358 | 7359 | 7387 | 7405 | 7434 | 7446 |
| 7480 | 7491 | 7502 | 7504 | 7555 | 7556 | 7567 | 7568 | 7572 | 7597 |
| 7604 | 7610 | 7623 | 7625 | 7647 | 7675 | 7685 | 7703 | 7718 | 7748 |
| 7756 | 7757 | 7775 | 7793 | 7805 | 7806 | 7810 | 7820 | 7843 | 7860 |
| 7874 | 7929 | 7934 | 7943 | 7952 | 8025 | 8049 | 8052 | 8053 | 8055 |
| 8068 | 8081 | 8093 | 8096 | 8097 | 8098 | 8110 | 8147 | 8151 | 8168 |
| 8182 | 8209 | 8239 | 8243 | 8249 | 8255 | 8269 | 8296 | 8309 | 8336 |
| 8352 | 8358 | 8368 | 8380 | 8385 | 8397 | 8402 | 8415 | 8432 | 8479 |
| 8480 | 8494 | 8499 | 8515 | 8529 | 8531 | 8535 | 8552 | 8569 | 8598 |
| 8603 | 8631 | 8643 | 8657 | 8663 | 8667 | 8698 | 8704 | 8705 | 8724 |
| 8728 | 8735 | 8736 | 8753 | 8783 | 8796 | 8799 | 8804 | 8809 | 8820 |
| 8845 | 8848 | 8852 | 8858 | 8859 | 8891 | 8910 | 8915 | 8917 | 8931 |
| 8937 | 8963 | 8973 | 8997 | 9010 | 9062 | 9063 | 9081 | 9097 | 9098 |
| 9144 | 9156 | 9171 | 9183 | 9226 | 9255 | 9257 | 9261 | 9280 | 9287 |
| 9299 | 9306 | 9312 | 9339 | 9355 | 9376 | 9416 | 9429 | 9432 | 9436 |
| 9463 | 9474 | 9477 | 9481 | 9488 | 9498 | 9504 | 9516 | 9530 | 9537 |
| 9540 | 9577 | 9587 | 9608 | 9613 | 9627 | 9642 | 9663 | 9688 | 9724 |
| 9726 | 9728 | 9735 | 9773 | 9777 | 9807 | 9816 | 9827 | 9833 | 9847 |
| 9850 | 9857 | 9878 | 9886 | 9888 | 9893 | 9895 | 9899 | 9903 | 9939 |

ਜਾਰੀ ਕਰਤਾ ਡਾਇਰੈਕਟੋਰੇਟ ਛੋਟੀਆਂ ਬਚਤਾਂ, ਬੈਂਕਿੰਗ ਅਤੇ ਲਾਟਰੀਆਂ, ਪੰਜਾਬ
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਵਿਚ ਦੇਖੋ।

RO.No.PR-Advt.No.3924/11/2026-27/10263/Dated CHD : 10.04.2026



**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ**
ਰਜਿਸਟਰਡ ਆਫਿਸ : ਪੰ:ਰਾ:ਬਿ:ਬੋ:ਹੈਡ ਆਫਿਸ, ਦੀ ਮਾਲ ਪਟਿਆਲਾ-147001
ਕਾਰਪੋਰੇਟ ਆਈਡੈਂਟੀਫਿਕੇਸ਼ਨ ਨੰ.:(CIN)U40109PB2010SGC033813

ਟੈਂਡਰ ਇਨਕੁਆਰੀ ਨੰਬਰ 04/XEN/CCM/2026-27 ਮਿਤੀ: 17-04-2026
ਸੀਨੀਅਰ ਕਾਰਜਕਾਰੀ ਇੰਜੀ, ਉਸਾਰੀ ਅਤੇ ਸਾਂਭ-ਸੰਭਾਲ ਮੰਡਲ, ਪੰ.ਰ.ਪਾ.ਕਾ.ਲਿਮ. ਅੰਮ੍ਰਿਤਸਰ ਵੱਲੋਂ- T.E No. 04/XEN/CCM/2026-27:- ਅੰਮ੍ਰਿਤਸਰ ਦੇ 11 ਕੇ.ਵੀ. HWW ਫੀਡਰ ਅਧੀਨ ਸਬ-ਡਵੀਜ਼ਨ ਘਿਓ ਮੰਡੀ ਦੇ ਪਾਵਰ ਟ੍ਰਾਂਸਫਾਰਮਰ ਦੇ ਪਲੇਟਫਾਰਮ ਦੀ ਉਸਾਰੀ ਕਰਨ ਸੰਬੰਧੀ (ਰੰਗਲਾ ਪੰਜਾਬ ਸਕੀਮ ਅਧੀਨ) ਸ਼ੋਟ ਟਰਮ ਖੁੱਲਾ ਟੈਂਡਰ ਸੱਦਿਆ ਜਾਂਦਾ ਹੈ ਸੰਖੇਪ NIT ਅਤੇ ਸਪੈਸੀਫਿਕੇਸ਼ਨ eproc.punjab.gov.in ਅਤੇ www.pspcl.in ਉਪਰ ਮਿਤੀ: 17-04-2026 ਤੋਂ ਉਪਲਬਧ ਹੈ।
ਨੋਟ: ਕੋਰੀਜੰਡਮ ਅਤੇ ਹੋਰ ਕੋਈ ਸੋਧ ਸੰਬੰਧੀ ਵੇਰਵੇ eproc.punjab.gov.in ਅਤੇ www.pspcl.in ਤੇ ਵੇਖੇ ਜਾਣ।
C499/26
Ro No. Advt No. 1079/12/2026-27/10568/Dated CHD : 16/4/2026



pstcl ਟੈਲੀ : 0181-2990505 ਈ.ਮੇਲ.: srxen-cw-jal@pstcl.org ਸਿਵਲ ਉਸਾਰੀ ਮੰਡਲ, ਪੀ ਐਸ ਟੀ ਸੀ ਐਲ, ਜਲੰਧਰ ਦੇ ਦਫਤਰ ਰਾਹੀ ਹੇਠ ਦਰਸਾਏ ਈ-ਟੈਂਡਰ। ਈ-ਟੈਂਡਰ ਨੋਟਿਸ ਨੰ:- CWJ/T-02/2026-27 ।

| ਸੀ.ਨੰ. | ਕੰਮ ਦਾ ਵੇਰਵਾ |
|---|---|
| 1 | 220 ਕੇ ਵੀ ਸਬ ਸਟੇਸ਼ਨ ਮਜੀਠਾ ਵਿਖੇ ਸਵਿੱਚ ਹਾਊਸ ਬਿਲਡਿੰਗ ਦੇ ਵਾਧੇ ਲਈ ਸਿਵਲ ਉਸਾਰੀ ਦੇ ਕੰਮਾਂ ਸੰਬੰਧੀ। ਟੈਂਡਰ ਇਨਕੁਆਰੀ ਨੰ. CWJ/T-02/2026-27 1 |

ਬਿਡ ਪਾਉਣ ਦੀ ਅੰਤਿਮ ਮਿਤੀ/ਸਮਾਂ: 15-05-2026 ਸ਼ਾਮ 3.00 ਵਜੇ ਤੱਕ। ਬਿਡ ਖੋਲਣ ਦੀ ਮਿਤੀ/ਸਮਾਂ: 18-05-2026 ਸਵੇਰੇ 11.00 ਵਜੇ। ਟੈਂਡਰ ਦੇ ਵੇਰਵੇ www.pstcl.org ਅਤੇ https://eproc.punjab.gov.in/nicgep/app ਤੇ ਵੇਖੇ ਜਾਣ ।
ਨੋਟ:- ਟੈਂਡਰ ਦਾ ਕੋਰੀਜੈਂਡਮ ਉਪਰੋਕਤ ਦਰਸਾਈ ਗਈ web-site ਵਿੱਖੇ ਪ੍ਰਕਾਸ਼ਿਤ ਕੀਤੇ ਜਾਣਗੇ।
ਸਹੀ/- ਸੀਨੀਅਰ ਕਾਰਜਕਾਰੀ ਇੰਜੀ, ਸਿਵਲ ਉਸਾਰੀ ਮੰਡਲ, ਜਲੰਧਰ
Ro No PR ADVT NO: 1078/12/2026-27/10544/ Dated CHD: 16/4/2026



**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.**
ਰਜਿਸਟਰਡ ਦਫਤਰ : ਪੰ:ਰਾ: ਬਿ: ਬੋਰਡ: ਮੁੱਖ ਦਫਤਰ ਦੀ ਮਾਲ ਪਟਿਆਲਾ -147001
ਕਾਰਪੋਰੇਸ਼ਨ ਪਹਿਚਾਣ ਨੰ: U40109PB2010SGC033813 ਵੈਬਸਾਇਟ: www.pspcl.in
ਮੋਬਾਇਲ ਨੰ: 96461-17660, ਈ ਮੇਲ: ase-civil-ghtp@pspcl.in

ਟੈਂਡਰ ਇੰਨਕੁਆਰੀ ਨੰਬਰ-518/PCM-520/2025-26 ਮਿਤੀ: 16-04-2026
ਸੀਨੀਅਰ ਕਾਰਜਕਾਰੀ ਇੰਜੀਨੀਅਰ, ਪਲਾਂਟ ਸਿਵਲ ਸੰਭਾਲ ਸੈਲ ਗ:ਹ:ਥ:ਪ: ਲਹਿਰਾ ਮੁਹੱਬਤ ਵੱਲੋਂ ਗ:ਹ:ਥ:ਪ: ਲਹਿਰਾ ਮੁਹੱਬਤ ਵਿਖੇ ਪਲਾਂਟ ਖੇਤਰ ਦੇ ਜੋਨੋਂ-2 ਦੇ ਸਲਾਨਾ ਰੱਖ ਰਖਾਵ ਲਈ ਖਪਤਯੋਗ ਸਮਾਨ ਦੀ ਸਲਾਨਾ ਸਪਲਾਈ ਦੇ ਕੰਮ ਲਈ ਈ-ਟੈਂਡਰ ਦੀ ਮੰਗ ਕੀਤੀ ਜਾਂਦੀ ਹੈ। ਡੀ.ਐਨ.ਆਈ.ਟੀ ਅਤੇ ਟੈਂਡਰ ਦੇ ਵੇਰਵੇ ਵੈਬ-ਸਾਇਟ https://cproc.punjab.gov.in ਤੇ ਮਿਤੀ 16.04.2026 ਬਾਅਦ ਦੁਪਹਿਰ 03:00 ਵਜੇ ਤੋਂ ਵੇਖੇ ਜਾ ਸਕਦੇ ਹਨ ।
ਨੋਟ :- ਕੋਈ ਵੀ ਸੋਧ ਸਿਰਫ ਵੈਬ-ਸਾਇਟ https://eproc.punjab.gov.in ਤੇ ਪ੍ਰਕਾਸ਼ਿਤ ਕੀਤੀ ਜਾਵੇਗੀ ।
GHTP-40/26
Ro No. PR-Advt. No.: 1079 / 12 / 2026-27 / 10556/ Dated CHD :16.04.2026



## ਨਗਰ ਨਿਗਮ ਚੰਡੀਗੜ੍ਹ

### ਟੈਂਡਰ ਸੂਚਨਾ

| ਲ. ਨੰ. | ਕੰਮ ਦਾ ਨਾਮ | ਬੋਲੀ ਜਮ੍ਹਾਂ ਸੂਚੀ (ਆਨਲਾਈਨ) | ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ) |
|---|---|---|---|
| | ਕਾਰਜਕਾਰੀ ਇੰਜੀਨੀਅਰ - ਰੋਡਜ਼ ਡਿਵੀਜ਼ਨ ਨੰ. 1 | | |
| 1. | ਸੈਕਟਰ 41, ਚੰਡੀਗੜ੍ਹ ਦੇ ਮਾਰਕੀਟ ਵਿੱਚ ਮਾਰਕੀਟ/ਸ਼ੋਅਰੂਮ/ਬੂਥਾਂ ਦੇ ਸਾਹਮਣੇ ਉੱਚ ਘਣਤਾ ਵਾਲੇ ਚੈਕਰਡ ਟਾਈਲਾਂ ਪ੍ਰਦਾਨ ਕਰਕੇ ਅਤੇ SCO ਦੇ ਪਿਛਲੇ ਪਾਸੇ ਪੇਵਰ ਬਲਾਕਾਂ ਨੂੰ ਰਿਫਿਕਸ ਕਰਕੇ ਫਲੋਰਿੰਗ ਦਾ ਨਵੀਨੀਕਰਨ। (ਮੁੜ ਸੱਦਾ)। ਪੂੰਜੀ ਮੁਖੀ: ਸੜਕਾਂ/ਪਾਰਕਿੰਗ ਸਥਾਨਾਂ ਅਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦਾ ਸੁਧਾਰ। ਅਨੁਮਾਨਿਤ ਲਾਗਤ: 41.22 ਲੱਖ ਰੁਪਏ ਬਿਆਨਾ ਰਕਮ: 82,430/- ਰੁਪਏ ਸਮਾਂ ਹੱਦ: 06 ਮਹੀਨੇ | 17.04.2026 To 24.04.2026 upto 12.00 noon | 24.04.2026 at 12.00 noon |
| 2. | ਚੰਡੀਗੜ੍ਹ ਮਾਸਟਰ ਪਲਾਨ 2031 ਦੇ ਅਨੁਸਾਰ V-5 ਸੜਕ ਸੈਕਟਰ 34 ਏ ਅਤੇ ਬੀ ਦੇ ਨਾਲ ਪੈਦਲ ਚੱਲਣ ਵਾਲੇ ਰਸਤੇ ਦਾ ਨਿਰਮਾਣ। (ਮੁੜ ਸੱਦਾ) ਪੂੰਜੀ ਮੁਖੀ: ਸੜਕਾਂ/ਪਾਰਕਿੰਗ ਸਥਾਨਾਂ ਅਤੇ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ ਦਾ ਸੁਧਾਰ। ਅਨੁਮਾਨਿਤ ਲਾਗਤ: 58.38 ਲੱਖ ਰੁਪਏ ਬਿਆਨਾ ਰਕਮ: 1,16,770/- ਰੁਪਏ ਸਮਾਂ ਹੱਦ: 06 ਮਹੀਨੇ | 17.04.2026 To 24.04.2026 upto 12.00 noon | 24.04.2026 at 12.00 noon |
| | ਕਾਰਜਕਾਰੀ ਇੰਜੀਨੀਅਰ - ਐਮ.ਸੀ.ਪੀ.ਐਚ. ਡਿਵੀਜ਼ਨ ਨੰ. 2 | | |
| 3. | ਅਗਨਵਾੜੀ ਸੈਂਟਰ ਪਿੰਡ ਦਰੀਆ ਚੰਡੀਗੜ੍ਹ ਨੇੜੇ 01 ਨੰਬਰ 12"x8" (304.80x203.20MM) i/d ਡੂੰਘੇ ਬੋਰ ਟਿਊਬਵੈੱਲ ਦੀ ਬੋਰਿੰਗ ਅਤੇ ਸਥਾਪਨਾ (ਪਰਕਸ਼ਨ-ਕਮ-ਰਿਵਰਸ ਰੋਟਰੀ ਡ੍ਰਿਲਿੰਗ RIG ਵਿਧੀ ਜਾਂ ਨਵੀਨਤਮ ਤਕਨਾਲੋਜੀ ਦੇ ਕਿਸੇ ਹੋਰ ਢੰਗ ਨਾਲ (ਸੀਐਚ ਟੂ ਪਿੰਡ ਵਿਕਾਸ ਫ਼ੰਡ) ਰਾਸ਼ੀ: 31,65,657/- ਰੁਪਏ ਬਿਆਨਾ ਰਕਮ: 63,313/- ਰੁਪਏ ਸਮਾਂ ਹੱਦ: 4 ਮਹੀਨੇ | 16.04.2026 To 27.04.2026 at 12:00 noon | 27.04.2026 at 02:30 P.M |

ਨੋਟ:- ਹੋਰ ਸਾਰੇ ਨਿਯਮ ਅਤੇ ਸ਼ਰਤਾਂ ਅਤੇ ਪੂਰਾ DNIT ਵੈੱਬਸਾਈਟ https://etenders.chd.nic.in 'ਤੇ ਅਪਲੋਡ ਕੀਤਾ ਗਿਆ ਹੈ।
ਕਾਰਜਕਾਰੀ ਇੰਜੀਨੀਅਰ
ਰੋਡਜ਼ ਡਿਵੀਜ਼ਨ ਨੰਬਰ 1, ਕਮਰਾ ਨੰਬਰ 304, ਐਮ.ਸੀ. ਚੰਡੀਗੜ੍ਹ ਫੋਨ ਨੰਬਰ (ਓ) 0172-5021626 ਅਤੇ ਐਮ.ਸੀ.ਪੀ.ਐਚ. ਡਿਵੀਜ਼ਨ ਨੰਬਰ 2, ਕਰੁਣਾ ਸਦਨ ਦੇ ਨੇੜੇ, ਸੈਕਟਰ 11, ਚੰਡੀਗੜ੍ਹ।

# ਸਤਲੁਜ ਪਬਲਿਕ ਸਕੂਲ ਦਾ ਨਤੀਜਾ 100 ਫੀਸਦੀ ਰਿਹਾ



ਰੂਪਨਗਰ, 16 ਅਪ੍ਰੈਲ ( ਅਮਿਤ ਅਰੋੜਾ ) : ਸੀ.ਬੀ.ਐਸ.ਈ. ਬੋਰਡ ਨਵੀਂ ਦਿੱਲੀ ਵੱਲੋਂ ਦਸਵੀਂ ਜਮਾਤ ਦਾ ਨਤੀਜਾ ਐਲਾਨਿਆ ਗਿਆ। ਹਰ ਸਾਲ ਵਾਂਗ ਸਤਲੁਜ ਪਬਲਿਕ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ ਹੈ। ਪ੍ਰਿੰਸੀਪਲ ਕਮਲਜੀਤ ਕੌਰ ਨੇ ਨਤੀਜੇ ਸਬੰਧੀ ਜਾਣਕਾਰੀ ਦਿੰਦੀ ਕਿ ਸਕੂਲ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 92.6 ਫੀਸਦੀ ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਦ੍ਰਿਸ਼ਟੀ ਬਿਰਲਾ ਨੇ 90.6 ਫੀਸਦੀ ਅੰਕ ਜਸਲੀਨ ਕੌਰ ਨੇ 89.2 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਸਕੂਲ ਦੇ ਵਿਦਿਆਰਥੀਆਂ ਪ੍ਰਭਜੋਤ ਸਿੰਘ 87.6 ਫੀਸਦੀ, ਅਨੰਨਿਆ 86.4 ਫੀਸਦੀ, ਪ੍ਰਭਕੀਰਤ ਕੌਰ 83.6 ਫੀਸਦੀ, ,ਪਾਇਲ ਸ਼ਰਮਾ 82.8 ਫੀਸਦੀ, ਰਵਨੀਤ ਕੌਰ 82.6 ਫੀਸਦੀ ,ਪਲਕ ਕੌਰ 80.6 ਫੀਸਦੀ ਤੇ ਹਾਰਦਿਕ ਨੇ 80.2 ਫੀਸਦੀ ਅੰਕ ਪ੍ਰਾਪਤ ਕੀਤੇ। ਸਕੂਲ ਦੇ ਚੇਅਰਮੈਨ ਜੇ .ਕੇ. ਜੱਗੀ, ਸੀਈਓ ਮਨਮੋਹਨ ਕਾਲੀਆ ਤੇ ਪ੍ਰਿੰਸੀਪਲ ਕਮਲਜੀਤ ਕੌਰ ਨੇ ਸਕੂਲ ਦੇ ਸ਼ਾਨਦਾਰ ਨਤੀਜੇ ਤੇ ਵਿਦਿਆਰਥੀਆਂ , ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈਆਂ ਦਿੰਦਿਆਂ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਜੱਗੀ ਨੇ ਕਿਹਾ ਕਿ ਮਿਹਨਤ , ਲਗਨ ਤੇ ਆਪਣੇ ਲਕਸ਼ ਪ੍ਰਤੀ ਨਿਸ਼ਠਾ ਹੀ ਜੀਵਨ 'ਚ ਸਫਲਤਾ ਦੀ ਕੁੰਜੀ ਹੈ। ਉਹਨਾਂ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ,ਅਧਿਆਪਕਾਂ ਤੇ ਮਾਪਿਆਂ ਦੀ ਸਾਂਝੀ ਮਿਹਨਤ , ਸਮਰੱਥਾ ਤੇ ਸਹਿਯੋਗ ਦਾ ਨਤੀਜਾ ਹੈ। ਇਸ ਮੌਕੇ ਸਕੂਲ ਵਿੱਚ ਖ਼ੁਸ਼ੀ ਦਾ ਮਾਹੌਲ ਸੀ।

# ਰਾਮਗੜ੍ਹੀਆ ਗਰਲਜ਼ ਕਾਲਜ ਵਿਖੇ ਵਿਸ਼ਵ ਕਲਾ ਦਿਵਸ ਮਨਾਇਆ



ਲੁਧਿਆਣਾ,16 ਅਪ੍ਰੈਲ(ਜਤਿੰਦਰਪਾਲ ਸਿੰਘ ਛਾਬੜਾ) : ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਦੇ ਫਾਈਨ ਆਰਟਸ ਵਿਭਾਗ ਵੱਲੋਂ ਦੋ ਦਿਨਾਂ 15 ਤੇ 16 ਅਪ੍ਰੈਲ ਨੂੰ ਵਿਸ਼ਵ ਕਲਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਭਾਰਤ ਦੀ ਲੋਕ ਕਲਾ ਮਧੂਬਨੀ ਅਤੇ ਪਿਚਵਾਈ ਪੇਂਟਿੰਗ ਦੀ ਪ੍ਰਦਰਸ਼ਨੀ ਰਾਹੀਂ ਆਪਣੀ ਰਚਨਾਤਮਕਤਾ ਕਲਾ ਨੂੰ ਖ਼ੂਬਸੂਰਤ ਤਰੀਕੇ ਨਾਲ ਦਰਸਾਇਆ। ਇਹ ਸਾਰੇ ਕਾਰਜ ਫਾਈਨ ਆਰਟਸ ਵਿਭਾਗ ਦੇ ਮੁਖੀ ਪ੍ਰੋ. ਤਰਵਿੰਦਰ ਕੌਰ ਦੀ ਅਗਵਾਈ ਵਿੱਚ ਕੀਤੇ ਗਏ। ਇਸ ਤਰ੍ਹਾਂ ਦੇ ਕਾਰਜ ਲੋਕਾਂ ਨੂੰ ਕਲਾ ਨਾਲ ਜੋੜਨ ਦੀ ਭਾਵਨਾ ਪੈਦਾ ਕਰਦੇ ਹਨ।ਵਿਦਿਆਰਥੀਆਂ ਨੇ ਰੰਗਾਂ ਦੀ ਕਲਾ ਰਾਹੀਂ ਆਪਣੀਆਂ ਉਮੀਦਾਂ ਅਤੇ ਖ਼ਾਹਿਸ਼ਾਂ ਨੂੰ ਪ੍ਰਗਟ ਕੀਤਾ। ਉਨ੍ਹਾਂ ਨੇ ਬੈਸਟ ਆਊਟ ਆਫ ਵੇਸਟ ਪ੍ਰੋਜੈਕਟ 'ਤੇ ਕੰਮ ਕੀਤਾ, ਜਿਸ ਵਿੱਚ ਖਾਲੀ ਪੇਂਟ ਦੇ ਡੱਬਿਆਂ ਦੀ ਵਰਤੋਂ ਕਰਕੇ ਕਾਲਜ ਬਗੀਚੇ ਵਿੱਚ ਇੱਕ ਬੈਂਚ ਬਣਾਈ ਜੋ ਬਹੁਤ ਮਜ਼ਬੂਤ ਅਤੇ ਸੁੰਦਰ ਸੀ।ਪ੍ਰਿੰਸੀਪਲ ਡਾ. ਅਜੀਤ ਕੌਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਵਿਲੱਖਣ ਬੈਂਚ ਕਾਲਜ ਦੇ ਕਲਾ ਸਥਾਨ ਵਿੱਚ ਇੱਕ ਸਜੀਵ ਯੋਗਦਾਨ ਹੈ।ਕਾਲਜ ਵਿਖੇ ਗੁਲਮੋਹਰ ਦੇ ਰੁੱਖਾਂ ਹੇਠਾਂ ਇਸ ਬੈਂਚ ਦੀ ਸਥਾਪਨਾ ਨਾਲ ਇਸ ਕਾਰਜ ਨੂੰ ਸਮਾਪਤ ਕੀਤਾ ਗਿਆ।

# ਜੀਨੀਅਸ ਸਕੂਲ ਦੇ ਵਿਦਿਆਰਥੀਆਂ ਦਾ 10ਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ




ਰੂਪਨਗਰ, 16 ਅਪ੍ਰੈਲ ( ਅਮਿਤ ਅਰੋੜਾ ) : ਸੀ.ਬੀ.ਐਸ.ਈ. ਬੋਰਡ ਦੁਆਰਾ ਐਲਾਨੇ ਸੈਸ਼ਨ 2025 26 ਦੇ 10ਵੀਂ ਜਮਾਤ ਦੇ ਨਤੀਜਿਆਂ ਵਿੱਚ ਜੀਨੀਅਸ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸਫਲਤਾ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੋਸ਼ਨ ਕੀਤਾ ਹੈ। ਇਸ ਸਾਲ ਨਤੀਜਿਆਂ ਵਿੱਚ ਕੁੱਲ ਪਾਸ ਪ੍ਰਤੀਸ਼ਤਤਾ ਕਾਬਲੇ ਤਾਰੀਫ ਰਹੀ ਅਤੇ ਕਈ ਵਿਦਿਆਰਥੀਆਂ ਨੇ ਉੱਚ ਅੰਕ ਪ੍ਰਾਪਤ ਕਰਕੇ ਮੈਰਿਟ ਵਿੱਚ ਆਪਣੀ ਥਾਂ ਬਣਾਈ। ਉੱਚ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿੱਚ ਸੀਰਤਪ੍ਰੀਤ ਕੌਰ ਨੇ 98.8% ਤਾਨੀਆ ਧੀਮਾਨ ਨੇ 94.6% ਅਤੇ ਮਨਦੀਪ ਕੌਰ ਨੇ 92.4 ਅੰਕ ਲੈ ਕੇ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਨਵਨੀਤ ਕੌਰ ਨੇ 92.4%, ਸਨੇਹਦੀਪ ਕੌਰ ਨੇ 91.2%, ਤਨਵੀਰ ਕੌਰ ਨੇ 91.2% ਅਤੇ ਮਨਕੀਰਤ ਸਿੰਘ ਨੇ 88.8% ਅੰਕ ਪ੍ਰਾਪਤ ਕੀਤੇ। ਬਾਕੀ ਵਿਦਿਆਰਥੀਆਂ ਨੇ ਵੀ ਵਧੀਆ ਅੰਕ ਲੈ ਕੇ ਸਫਲਤਾ ਪ੍ਰਾਪਤ ਕੀਤੀ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੂਬਾ ਭੁਪਿੰਦਰ ਸਿੰਘ ਅਤੇ ਗੁਣਵੰਤ ਕੌਰ ਨੇ ਬੱਚਿਆਂ ਨੂੰ ਉਨ੍ਹਾਂ ਦੀ ਸਫਲਤਾ ਤੇ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਮੈਨੇਜਰ ਭਗਵਾਨ ਸਿੰਘ ਨੇ ਬੱਚਿਆਂ ਅਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਬੱਚਿਆਂ ਨੂੰ ਹੋਰ ਮਿਹਨਤ ਕਰਨ ਅਤੇ ਉੱਚ ਬੁਲੰਦੀਆਂ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਆਰ. ਭੁਲਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਕਿਹਾ ਇਸ ਸਫਲਤਾ ਪਿੱਛੇ ਅਧਿਆਪਕਾਂ ਦੀ ਮਿਹਨਤ,ਮਾਪਿਆਂ ਦਾ ਸਹਿਯੋਗ ਅਤੇ ਬੱਚਿਆਂ ਦੀ ਲਗਨ ਹੈ।

# ਸੁਖਬੀਰ ਸਿੰਘ ਬਾਦਲ ਨੇ ਵ੍ਰਿੰਦਾਵਨ ਹਾਦਸੇ ਦੇ ਪੀੜ੍ਹਤ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ



ਜਗਰਾਉਂ, 16 ਅਪ੍ਰੈਲ (ਵਿਸ਼ਾਲ ਅੱਤਰੇ, ਆਰੀਅਨ ਅੱਤਰੇ) :ਵ੍ਰਿੰਦਾਵਨ ਵਿਖੇ ਵਾਪਰੇ ਹਾਦਸੇ ਦੀ ਘਟਨਾ ਨੂੰ ਲੈ ਕੇ ਸ਼ਹਿਰ ਅੰਦਰ ਸੋਗ ਦਾ ਮਾਹੌਲ ਬਣਿਆ ਹੋਇਆ ਹੈ ।ਇਸ ਘਟਨਾ ਵਿਚ ਸ਼ਹਿਰ ਦੇ ਨਾਮੀ ਪਰਿਵਾਰ ਨਰੇਸ਼ ਕਟਾਰੀਆ ਰਾਜੂ ਦਾ ਬੇਟਾ ਇਸ਼ਾਨ ਕਟਾਰੀਆ, ਮਸ਼ਹੂਰ ਕਾਲਾ ਬੁੱਕ ਸਟਾਲ ਦੇ ਮਾਲਕ ਚਰਨਜੀਤ ਸਿੰਘ ਕਾਲਾ ਬਹਿਲ ,ਉਹਨਾਂ ਦੀ ਧਰਮ ਪਤਨੀ ਚੰਦਨ ਬਹਿਲ (ਪਿੰਕੀ), ਕਵਿਤਾ ਬਹਿਲ ਤੇ ਉਹਨਾਂ ਦਾ ਬੇਟਾ ਮਧੁਰ ਬਹਿਲ ਅਤੇ ਓਮੇਸ਼ ਸ਼ਰਮਾ ਦੇ ਬੇਟੇ ਰਿਸ਼ਭ ਸ਼ਰਮਾ ਦੀ ਮੌਤ ਨਾਲ ਸ਼ਹਿਰ ਵਾਸੀ ਡੂੰਘੇ ਸਦਮੇ ਵਿਚ ਨੇ।ਇਸ ਦੁੱਖ ਦੀ ਘੜੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਉਚੇਚੇ ਤੌਰ 'ਤੇ ਜਗਰਾਉ ਪੁੱਜੇ ਜਿੱਥੇ ਸ: ਸੁਖਬੀਰ ਸਿੰਘ ਬਾਦਲ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਸ: ਬਾਦਲ ਨੇ ਆਖਿਆ ਕਿ ਇਸ ਵੱਡੇ ਹਾਦਸੇ ਨੇ ਪੂਰਾ ਪੰਜਾਬ ਕੰਬਾ ਕੇ ਰੱਖ ਦਿੱਤਾ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਇਕੋ ਸ਼ਹਿਰ ਵਿੱਚੋਂ ਅਚਨਚੇਤ 6 ਲੋਕਾਂ ਦਾ ਤੁਰ ਜਾਣਾ ਬੇਹੱਦ ਉਦਾਸ ਕਰ ਦਿੰਦਾ ਹੈ। ਉਨ੍ਹਾਂ ਉੱਤਰ ਪ੍ਰਦੇਸ਼ ਸਰਕਾਰ ਦੀ ਕਾਰਗੁਜਾਰੀ 'ਤੇ ਸਵਾਲ ਖੜ੍ਹੇ ਕੀਤੇ ਹਨ ਅਤੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕੇ ਜਿਵੇਂ ਦੋ ਪਹੀਆ ਵਾਹਨਾਂ 'ਤੇ ਹੈਲਮਟ ਪਾਉਣਾ ਕਾਨੂੰਨੀ ਤੌਰ 'ਤੇ ਲਾਜ਼ਮੀ ਕੀਤਾ ਗਿਆ ਹੈ, ਉਸੇ ਤਰ੍ਹਾਂ ਦਰਿਆਵਾਂ, ਨਹਿਰਾਂ ਅਤੇ ਜਿੱਥੇ ਵੀ ਬੋਟਿੰਗ ਜਾਂ ਪਾਣੀ ਨਾਲ ਸੰਬੰਧਿਤ ਗਤੀਵਿਧੀਆਂ ਹੁੰਦੀਆਂ ਹਨ, ਉੱਥੇ ਲਾਈਫ ਜੈਕਟ ਪਾਉਣਾ ਵੀ ਲਾਜ਼ਮੀ ਕੀਤਾ ਜਾਣਾ ਚਾਹੀਦਾ ਹੈ। ਲੋਕਾਂ ਦੀ ਜਾਨ ਦੀ ਸੁਰੱਖਿਆ ਨੂੰ ਮੱਦੇਨਜ਼ਰ ਰੱਖਦਿਆਂ ਇਸ ਨੂੰ ਕਾਨੂੰਨੀ ਰੂਪ ਦਿੱਤਾ ਜਾਵੇ। ਹਾਲ ਹੀ ਵਿੱਚ ਹੋ ਰਹੀਆਂ ਦੁਰਘਟਨਾਵਾਂ ਨੇ ਇਹ ਗੱਲ ਸਾਬਤ ਕਰ ਦਿੱਤੀ ਹੈ ਕਿ ਸੁਰੱਖਿਆ ਦੇ ਪ੍ਰਬੰਧ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਜੇਕਰ ਇਸ ਤਰ੍ਹਾਂ ਦੇ ਕਾਨੂੰਨ ਲਾਗੂ ਕੀਤੇ ਜਾਂਦੇ ਹਨ, ਤਾਂ ਕਈ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ । ਸ: ਬਾਦਲ ਨੇ ਆਖਿਆ ਕਿ ਘਟਨਾ ਨਾਲ ਜੁੜੀਆਂ ਊਣਤਾਈਆਂ ਦਾ ਜੱਗ ਜਾਹਿਰ ਹੋਣਾ ਸਰਕਾਰ ਦੀ ਵੱਡੀ ਨਕਾਮੀ ਦਾ ਸਬੂਤ ਹੈ। ਸ: ਬਾਦਲ ਨੇ ਆਖਿਆ ਕਿ ਸਰਕਾਰਾਂ ਲਈ ਇਹ ਸੁਭਾਵਿਕ ਘਟਨਾ ਹੋ ਸਕਦੀ ਹੈ ਪ੍ਰੰਤੂ ਜਿਨ੍ਹਾਂ ਘਰਾਂ ਦੇ ਜੀਅ ਤੁਰ ਗਏ ਹਨ ਉਨ੍ਹਾਂ ਦਾ ਹਾਲ ਪੁੱਛਿਆ ਹੀ ਜਾਣੀਦਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਪੀੜ੍ਹਤ ਪਰਿਵਾਰਾਂ ਲਈ ਯੋਗ ਰਾਹਤ ਫੰਡ ਜਾਰੀ ਕਰਨਾ ਚਾਹੀਦਾ ਹੈ। ਇਸ ਮੌਕੇ ਨਾਲ ਐੱਸ .ਆਰ .ਕਲੇਰ ਹਲਕਾ ਇੰਚਾਰਜ ਆਦਿ ਹਾਜ਼ਰ ਸਨ। ਇਸ ਮੌਕੇ ਨਾਲ ਸਾਬਕਾ ਮੰਤਰੀ ਮਹੇਸ਼ਇੰਦਰ ਸਿੰਘ ਗਰੇਵਾਲ, ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਐੱਸ .ਆਰ .ਕਲੇਰ ਹਲਕਾ ਇੰਚਾਰਜ, ਐਸ .ਜੀ .ਪੀ .ਸੀ .ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਜਸਕਰਨ ਸਿੰਘ ਦਿਓਲ ਹਲਕਾ ਇੰਚਾਰਜ ਦਾਖਾ, ਹਰਪ੍ਰੀਤ ਸਿੰਘ ਸਿਮਕ ਹਲਕਾ ਇੰਚਾਰਜ ਗਿੱਲ,ਜ਼ਿਲ੍ਹਾ ਪ੍ਰਧਾਨ ਸ .ਚੰਦ ਸਿੰਘ ਡੱਲਾ, ਸੀਨੀਅਰ ਮੀਤ ਪ੍ਰਧਾਨ ਨਗਰ ਕੌਂਸਲ ਜਗਰਾਓਂ ਦਵਿੰਦਰਜੀਤ ਸਿੰਘ ਸਿੱਧੂ, ਸਾਬਕਾ ਚੇਅਰਮੈਨ ਸ. ਦੀਦਾਰ ਸਿੰਘ ਮਲਕ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਚਰਨਜੀਤ ਸਿੰਘ ਜਗਰਾਓਂ ,ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਮਨਦੀਪ ਸਿੰਘ ਗਾਲਿਬ, ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰ, ਐਸ ਸੀ ਵਿੰਗ ਹਲਕਾ ਪ੍ਰਧਾਨ ਰੇਸ਼ਮ ਸਿੰਘ ਮਾਣੂੰਕੇ, ਆਈ ਟੀ ਵਿੰਗ ਹਲਕਾ ਕੋਆਡੀਨੇਟਰ ਗੁਰਪ੍ਰੀਤ ਸਿੰਘ ਬੱਸੂਵਾਲ, ਸੀਨੀਅਰ ਯੂਥ ਆਗੂ ਸੰਦੀਪ ਸਿੰਘ ਮੱਲ੍ਹਾ,ਸੀਨੀਅਰ ਅਕਾਲੀ ਆਗੂ ਪ੍ਰਭਜੋਤ ਸਿੰਘ ਧਾਲੀਵਾਲ ,ਸੀਨੀਅਰ ਅਕਾਲੀ ਆਗੂ ਗੁਰਿੰਦਰਜੀਤ ਸਿੰਘ ਰੂੰਮੀ, ਸੀਨੀਅਰ ਅਕਾਲੀ ਆਗੂ ਹਰਦੇਵ ਸਿੰਘ ਬੌਬੀ, ਸੀਨੀਅਰ ਅਕਾਲੀ ਆਗੂ ਸਤਨਾਮ ਸਿੰਘ ਬੱਸੂਵਾਲ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਸਰਪੰਚ ਜਸਵੀਰ ਸਿੰਘ ਦੇਹੜਕਾ,ਪ੍ਰਧਾਨ ਬੂਟਾ ਸਿੰਘ ਭੰਮੀਪੁਰਾ, ਸਾਬਕਾ ਸਰਪੰਚ ਸੁਰਿੰਦਰ ਸਿੰਘ ਪਰਜੀਆ ਬਿਹਾਰੀਪੁਰ, ਯੂਥ ਆਗੂ ਹਰਦੀਪ ਮਾਣੂੰਕੇ, ਜਗਜੀਤ ਸਿੰਘ ਡੱਲਾ ਆਦਿ ਹਾਜ਼ਰ ਸਨ।

# ਉੱਤਰੀ ਰੇਲਵੇ ਮਜ਼ਦੂਰ ਯੂਨੀਅਨ ਸੰਘਰਸ਼ ਦੇ ਰਾਹ 'ਤੇ

ਲੁਧਿਆਣਾ,16 ਅਪਰੈਲ (ਜਤਿੰਦਰਪਾਲ ਸਿੰਘ ਛਾਬੜਾ) : ਉੱਤਰੀ ਰੇਲਵੇ ਮਜ਼ਦੂਰ ਯੂਨੀਅਨ ਨੇ ਰੇਲਵੇ ਪ੍ਰਸ਼ਾਸਨ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦੇ ਖਿਲਾਫ ADEN/LDH ਦਫ਼ਤਰ ਵਿਖੇ ਇੱਕ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਅਤੇ ਪ੍ਰਦਰਸ਼ਨ ਕੀਤਾ। ਮੀਟਿੰਗ ਦੀ ਅਗਵਾਈ ਲੋਕੋ ਸ਼ਾਖਾ ਦੇ ਸ਼ਾਖਾ ਸਕੱਤਰ ਸ਼੍ਰੀ ਰਾਜ ਕਿਸ਼ੋਰ ਨੇ ਕੀਤੀ। ਉਨ੍ਹਾਂ ਦੱਸਿਆ ਕਿ S&T ਵਿਭਾਗ ਦੇ ਇੱਕ ਕਰਮਚਾਰੀ ਨੂੰ ਵਿਭਾਗ ਦੁਆਰਾ ਇੱਕ ਰੇਲਵੇ ਰਿਹਾਇਸ਼ ਅਲਾਟ ਕੀਤੀ ਗਈ ਸੀ। ਜਦੋਂ ਕਰਮਚਾਰੀ ਆਪਣੀ ਅਲਾਟ ਕੀਤੀ ਰਿਹਾਇਸ਼ ਦਾ ਮੁਆਇਨਾ ਕਰਨ ਗਿਆ, ਤਾਂ ਉਸਨੇ ਪਾਇਆ ਕਿ ਇਸ 'ਤੇ ਪਹਿਲਾਂ ਹੀ ਕਿਸੇ ਹੋਰ ਵਿਭਾਗ ਦੇ ਸੁਨੀਲ ਬਜਾਜ ਨਾਮ ਦੇ ਕਰਮਚਾਰੀ ਦਾ ਗੈਰ-ਕਾਨੂੰਨੀ ਕਬਜ਼ਾ ਸੀ, ਜਿਸਦੀ ਰਿਪੋਰਟ ADEN/LDH ਅਤੇ ਹੋਰ ਸਬੰਧਤ ਵਿਭਾਗੀ ਅਧਿਕਾਰੀਆਂ ਨੂੰ ਦਿੱਤੀ ਗਈ। ਕਰਮਚਾਰੀਆਂ ਨੂੰ ਰਿਹਾਇਸ਼ ਅਲਾਟ ਹੋਏ 40 ਦਿਨਾਂ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਪ੍ਰਸ਼ਾਸਨ ਅਜੇ ਵੀ ਰਿਹਾਇਸ਼ ਨੂੰ ਗੈਰ-ਕਾਨੂੰਨੀ ਕਬਜ਼ੇ ਤੋਂ ਮੁਕਤ ਨਹੀਂ ਕਰਵਾ ਸਕਿਆ ਹੈ। ਅੰਤ ਵਿੱਚ, ਉੱਤਰੀ ਰੇਲਵੇ ਮਜ਼ਦੂਰ ਯੂਨੀਅਨ ਨੇ ਸੰਘਰਸ਼ ਦਾ ਰਸਤਾ ਅਪਣਾਇਆ ਹੈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਲੋਕੋ ਬ੍ਰਾਂਚ ਲੁਧਿਆਣਾ ਦੇ ਬ੍ਰਾਂਚ ਪ੍ਰਧਾਨ ਸ਼੍ਰੀ ਨਥਵਰ ਰਾਮ ਟੀ ਨੇ ਕਿਹਾ ਕਿ ਏਡੀਈਐਨ/ ਐਲਡੀਐਚ ਵਿਰੁੱਧ ਵਿਰੋਧ ਪ੍ਰਦਰਸ਼ਨ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਰੇਲਵੇ ਪ੍ਰਸ਼ਾਸਨ ਕਰਮਚਾਰੀਆਂ ਨੂੰ ਇਨਸਾਫ ਨਹੀਂ ਦਿੰਦਾ।ਅੱਜ ਦੇ ਵਿਰੋਧ ਪ੍ਰਦਰਸ਼ਨ ਵਿੱਚ ਮੁੱਖ ਤੌਰ 'ਤੇ ਡਿਵੀਜ਼ਨਲ ਪ੍ਰਧਾਨ ਸ਼੍ਰੀ ਜਗਦੀਸ਼ ਜੀ, ਉਪ ਪ੍ਰਧਾਨ ਜਸਵਿੰਦਰ ਸਿੰਘ, ਏਡੀਐਸ ਪੰਕਜ ਜੀ, ਅਜੀਤ ਜੀ, ਤਿਵਾੜੀ ਜੀ, ਰੂਪੇਸ਼ ਜੀ, ਸੁਨੀਲ ਜੀ, ਪ੍ਰਤੀਕ ਜੀ, ਰਾਮ ਗੋਵਿੰਦ ਜੀ, ਅਮਨ ਜੀ, ਰਜਤ ਜੀ, ਰਾਜੇਸ਼ ਅਭਿਸ਼ੇਕ ਸਮੇਤ ਲੁਧਿਆਣਾ ਦੀਆਂ ਸਾਰੀਆਂ ਬ੍ਰਾਂਚਾਂ ਦੇ ਅਧਿਕਾਰੀਆਂ ਅਤੇ ਸੈਂਕੜੇ ਕਰਮਚਾਰੀਆਂ ਨੇ ਹਿੱਸਾ ਲਿਆ।

# ਸੀ.ਆਈ.ਏ. ਸਟਾਫ ਵੱਲੋਂ ਇਕ ਦੋਸ਼ੀ ਗ੍ਰਿਫਤਾਰ; 20 ਗ੍ਰਾਮ ਹੈਰੋਇਨ, ਇੱਕ ਦੇਸੀ ਪਿਸਤੌਲ .315 ਬੋਰ ਸਮੇਤ 2 ਜ਼ਿੰਦਾ ਰੌਂਦ ਬ੍ਰਾਮਦ

ਮੁੱਲਾਂਪੁਰ ਗਰੀਬਦਾਸ,ਖਰੜ, 16 ਅਪ੍ਰੈਲ( ਸਰਬਜੀਤ ਸਿੰਘ) : ਜ਼ਿਲ੍ਹਾ ਐੱਸ ਏ ਐੱਸ ਨਗਰ ਪੁਲਿਸ ਦੇ ਸੀ.ਆਈ.ਏ. ਸਟਾਫ ਦੀ ਟੀਮ ਵੱਲੋਂ 01 ਦੋਸ਼ੀ ਨੂੰ ਗ੍ਰਿਫਤਾਰ ਕਰਕੇ, ਉਸ ਪਾਸੋਂ 20 ਗ੍ਰਾਮ ਹੈਰੋਇਨ, ਇੱਕ ਦੇਸੀ ਪਿਸਤੌਲ .315 ਬੋਰ ਸਮੇਤ 02 ਜਿੰਦਾ ਰੌਂਦ ਬ੍ਰਾਮਦ ਕੀਤੇ ਗੇ ਹਨ। ਜ਼ਿਲ੍ਹਾ ਪੁਲਿਸ ਮੁਖੀ ਹਰਮਨਦੀਪ ਸਿੰਘ ਹਾਂਸ ਅਨੁਸਾਰ ਮਿਤੀ 15-04-2026 ਨੂੰ ਸੀ.ਆਈ.ਏ. ਸਟਾਫ ਦੀ ਪੁਲਿਸ ਪਾਰਟੀ ਗਸ਼ਤ ਕਰਦੀ ਹੋਈ ਐਰੋ ਹੋਮਜ਼-2 ਪਿੰਡ ਜੰਡਪੁਰ ਪੁੱਜੀ ਤਾਂ ਫਲੈਟ ਨੰ: 215 ਪਾਸ ਐਰੋ ਹੋਮਜ-2 ਦੇ ਬਾਹਰ ਇੱਕ ਸ਼ੱਕੀ ਗੱਡੀ ਨੰ: 3801-2-5576, ਮਾਰਕਾ ਬਲੈਨੋ ਖੜੀ ਦਿਖਾਈ ਦਿੱਤੀ, ਜਿਸ ਵਿੱਚ ਇੱਕ ਮੋਨਾ ਸਖਸ਼ ਸਵਾਰ ਸੀ। ਜੋ ਪੁਲਿਸ ਪਾਰਟੀ ਵੱਲੋਂ ਸ਼ੱਕ ਦੀ ਬਿਨ੍ਹਾਂ ਤੇ ਗੱਡੀ ਨੂੰ ਚੈੱਕ ਕੀਤਾ ਤਾਂ ਗੱਡੀ ਦੇ ਡੈਸ਼ਬੋਰਡ ਵਿੱਚੋਂ ਇੱਕ ਮੋਮੀ ਲਿਫਾਫਾ ਵਿੱਚੋਂ 20 ਗ੍ਰਾਮ ਹੈਰੋਇਨ ਅਤੇ ਇੱਕ ਡਿਜੀਟਲ ਕੰਡਾ ਬ੍ਰਾਮਦ ਹੋਇਆ। ਗੱਡੀ ਦੀ ਡਰਾਈਵਰ ਸੀਟ ਦੇ ਥੱਲੇ ਤੋਂ ਇੱਕ ਕਾਲ਼ੇ ਲਿਫਾਫੇ ਵਿੱਚੋਂ ਇੱਕ ਦੇਸੀ ਪਿਸਤੌਲ .315 ਬੋਰ ਅਤੇ 02 ਜਿੰਦਾ ਰੌਂਦ .315 ਬੋਰ ਬ੍ਰਾਮਦ ਹੋਏ। ਜਿਸ ਤੇ ਦੋਸ਼ੀ ਵਿਰੁੱਧ ਮੁਕੱਦਮਾ ਨੰ: 146 ਮਿਤੀ 15-04-2026 ਅ/ਧ 21-61-85 ਅਤੇ 25-54-59 ਥਾਣਾ ਸਦਰ ਖਰੜ੍ਹ ਦਰਜ ਰਜਿਸਟਰ ਕਰਕੇ, ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ। ਦੋਸ਼ੀ ਅਮਨਪ੍ਰੀਤ ਸਿੰਘ ਪੁੱਤਰ ਚਰਨਜੀਤ ਸਿੰਘ ਵਾਸੀ ਪਿੰਡ ਦਾਊਂ, ਥਾਣਾ ਬਲੌਂਗੀ, ਜਿਲਾ ਐਸ.ਏ.ਐਸ. ਨਗਰ ਹਾਲ ਵਾਸੀ ਫਲੈਟ ਨੰ: 215 ਐਰੋ ਹੋਮਜ-2 ਗਰਾਊਂਡ ਫਲੋਰ ਪਿੰਡ ਜੰਡਪੁਰ ਥਾਣਾ ਸਦਰ ਖਰੜ, ਜਿਲਾ ਐਸ.ਏ.ਐਸ. ਨਗਰ, ਜਿਸਦੀ ਉਮਰ ਕ੍ਰੀਬ 26 ਸਾਲ ਹੈ, ਜੋ 12 ਕਲਾਸਾਂ ਪਾਸ ਹੈ ਅਤੇ ਅਨ-ਮੈਰਿਡ ਹੈ। ਦੋਸ਼ੀ ਦੇ ਵਿਰੁੱਧ ਪਹਿਲਾਂ ਕੋਈ ਮੁਕੱਦਮਾ ਦਰਜ ਨਹੀਂ ਹੈ। ਇਸ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਦੋਸ਼ੀ ਪਾਸੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਦੇਸੀ ਪਿਸਤੌਲ ਕਿੱਥੋਂ ਅਤੇ ਕਿਸ ਮਕਸਦ ਲਈ ਲੈ ਕੇ ਆਇਆ ਸੀ ਅਤੇ ਹੈਰੋਇਨ ਕਿੱਥੋਂ ਲੈ ਕੇ, ਕਿੱਥੇ-ਕਿੱਥੇ ਸਪਲਾਈ ਕਰਦਾ ਹੈ। ਦੋਸ਼ੀ ਨਾਲ਼ ਇਸ ਧੰਦੇ ਵਿੱਚ ਜੁੜੇ ਇਸਦੇ ਸਾਥੀ ਦੋਸ਼ੀਆਂ ਨੂੰ ਵੀ ਜਲਦੀ ਗ੍ਰਿਫਤਾਰ ਕਰ ਲਿਆ ਜਾਵੇਗਾ।



# ਗੁਰੂ ਗੋਬਿੰਦ ਸਿੰਘ ਵਿੱਦਿਆ ਮੰਦਰ ਰਤਵਾੜਾ ਸਾਹਿਬ ਦਾ ਦਸਵੀਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ



ਮੁੱਲਾਂਪੁਰ ਗਰੀਬਦਾਸ, 16 ਅਪ੍ਰੈਲ (ਰਜਨੀਕਾਂਤ ਗਰੋਵਰ ):: ਰਤਵਾੜਾ ਸਾਹਿਬ ਵਿੱਚ ਬਹੁਤ ਹੀ ਕਾਮਯਾਬੀ ਨਾਲ ਚੱਲ ਰਹੇ ਸਕੂਲ ਗੁਰੂ ਗੋਬਿੰਦ ਸਿੰਘ ਵਿੱਦਿਆ ਮੰਦਰ ਸੀਨੀ. ਸੈਕੰ. ਸਕੂਲ ਦਾ ਦੱਸਵੀਂ ਦਾ ਨਤੀਜਾ ਇਸ ਵਾਰ ਵੀ 100 ਪ੍ਰਤੀਸ਼ਤ ਰਿਹਾ। 80 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ, ਜੋ ਸਾਰੇ ਹੀ ਚੰਗੇ ਨੰਬਰ ਲੈ ਕੇ ਪਾਸ ਹੋਏ। ਵਿਦਿਆਰਥਣ ਮਾਹੀ ਅਗਰਵਾਲ ਨੇ 97.2 ਪ੍ਰਤੀਸ਼ਤ, ਮੁਸਕਾਨ ਨੇ 95 ਪ੍ਰਤੀਸ਼ਤ, ਹਰਸਿਮਰਨ ਕੌਰ ਨੇ 94.6 ਪ੍ਰਤੀਸ਼ਤ, ਕਿਰਤਜੋਤ ਕੌਰ ਨੇ 93.2 ਪ੍ਰਤੀਸ਼ਤ, ਨਵਨੀਤ ਕੌਰ 92.6 ਪ੍ਰਤੀਸ਼ਤ ਅਤੇ ਅਕਸ਼ਪ੍ਰੀਤ ਸਿੰਘ ਬਾਜਵਾ ਨੇ 92.2 ਪ੍ਰਤੀਸ਼ਤ ਨੰਬਰ ਹਾਸਲ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ । ਸਕੂਲ ਦੇ ਡਾਇਰੈਕਟਰ ਇੰਜ. ਜਸਵੰਤ ਸਿੰਘ ਜੀ, ਪ੍ਰਿੰਸੀਪਲ ਸ੍ਰੀ ਮਤੀ ਰਿਤੂ ਓਬਰਾਏ ਜੀ ਅਤੇ ਸਕੂਲ ਦੇ ਸਮੂਹ ਸਟਾਫ ਨੇ ਬੱਚਿਆ ਦੀ ਹੌਂਸਲਾ ਅਫ਼ਜ਼ਾਈ ਕੀਤੀ ਅਤੇ ਅੱਗੇ ਵੀ ਇਸ ਤਰ੍ਹਾਂ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿੱਤੀ । ਇਸ ਮੌਕੇ ਟਰੱਸਟ ਦੇ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਨੇ ਸਮੂਹ ਸਟਾਫ ਅਤੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ।

# ਨੈਸ਼ਨਲ ਪਬਲਿਕ ਸਕੂਲ ਦਸਵੀਂ ਜਮਾਤ ਦਾ ਨਤੀਜਾ ਰਿਹਾ ਸੌ ਪ੍ਰਤੀਸ਼ਤ




ਕੁਰਾਲੀ, 16 ਅਪ੍ਰੈਲ (ਰਜਨੀਕਾਂਤ ਗਰੋਵਰ ): ਨੈਸ਼ਨਲ ਪਬਲਿਕ ਸਕੂਲ, ਕੁਰਾਲੀ ਵਿੱਚ ਅੱਜ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਚੇਅਰਪਰਸਨ ਸ਼੍ਰੀਮਤੀ ਸੰਤੋਸ਼ ਸ਼ਰਮਾ ਜੀ , ਮੈਨੇਜਰ ਸ਼੍ਰੀ ਅਮਨ ਸ਼ਰਮਾ ਜੀ, ਖਜ਼ਾਨਚੀ ਈਸ਼ ਅੱਗਰਵਾਲ ਜੀ ਅਤੇ ਪ੍ਰਿੰਸੀਪਲ ਸ਼੍ਰੀਮਤੀ ਮਧੂ ਕਾਲੀਆ ਜੀ ਨੇ ਵਿਦਿਆਰਥੀਆਂ ਦੇ ਸ਼ਾਨਦਾਰ ਨਤੀਜੇ ਉੱਤੇ ਵਧਾਈ ਦਿੰਦੇ ਹੋਏ ਉਹਨਾਂ ਦਾ ਸਨਮਾਨ ਕੀਤਾ ਅਤੇ ਉਤਸ਼ਾਹ ਵਧਾਇਆ , ਅਤੇ ਵਿਦਿਆਰਥੀਆਂ ਦੇ ਭਵਿੱਖ ਵਿੱਚ ਤਰੱਕੀ ਪ੍ਰਾਪਤ ਕਰਨ ਲਈ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਜਸ਼ਨਪ੍ਰੀਤ ਕੌਰ ਅਤੇ ਜੈਸਮੀਨ ਨੇ 96.8% ਅੰਕ ਪ੍ਰਾਪਤ ਕਰਕੇ ਪਹਿਲਾਂ ਦਰਜਾ ਨਿਵੇਦਿਤਾ ਨੇ 96.6% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ, ਪ੍ਰਗੁਨ ਕੁਮਾਰ ਨੇ 96.2% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਸਕੂਲ ਦੇ 19 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਲੈ ਕੇ ਸਕੂਲ ਦਾ ਨਾਮ ਰੌਸ਼ਨ ਕੀਤਾ।

# ਗੁਰਦਰਸ਼ਨ ਸਿੰਘ ਸੈਣੀ ਨੇ ਕ੍ਰਿਕਟ ਟੂਰਨਾਮੈਂਟ 'ਚ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ; ਕਲੱਬ ਨੂੰ ਦਿੱਤੀ 21 ਹਜ਼ਾਰ ਦੀ ਵਿੱਤੀ ਸਹਾਇਤਾ



ਡੇਰਾਬੱਸੀ, 16 ਅਪ੍ਰੈਲ (ਮਨਦੀਪ ਵਰਮਾ/ਯੋਗੇਸ਼ ਰਾਣਾ):ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮਕਸਦ ਨਾਲ ਡਾ. ਭੀਮ ਰਾਓ ਅੰਬੇਡਕਰ ਕਲੱਬ ਜਵਾਹਰਪੁਰ ਵੱਲੋਂ ਦੂਜਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਸ ਖੇਡ ਮੇਲੇ ਵਿੱਚ ਹਲਕਾ ਡੇਰਾਬੱਸੀ ਦੇ ਸੀਨੀਅਰ ਭਾਜਪਾ ਆਗੂ ਅਤੇ ਉੱਘੇ ਸਮਾਜ ਸੇਵੀ ਸ. ਗੁਰਦਰਸ਼ਨ ਸਿੰਘ ਸੈਣੀ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ ਅਤੇ ਖਿਡਾਰੀਆਂ ਦਾ ਹੌਸਲਾ ਵਧਾਇਆ। ਉਨ੍ਹਾਂ ਦੇ ਨਾਲ ਜ਼ਿਲ੍ਹਾ ਓਬੀਸੀ ਪ੍ਰਧਾਨ ਹਰਪ੍ਰੀਤ ਸਿੰਘ ਟਿੰਕੂ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਟੂਰਨਾਮੈਂਟ ਦੌਰਾਨ ਖਿਡਾਰੀਆਂ ਨਾਲ ਜਾਣ-ਪਛਾਣ ਕਰਦਿਆਂ ਸ. ਗੁਰਦਰਸ਼ਨ ਸਿੰਘ ਸੈਣੀ ਨੇ ਕਿਹਾ ਕਿ ਅਜਿਹੇ ਖੇਡ ਸਮਾਗਮ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਵਿੱਚ ਲਗਾਉਣ ਲਈ ਬਹੁਤ ਜ਼ਰੂਰੀ ਹਨ। ਉਨ੍ਹਾਂ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਨੌਜਵਾਨਾਂ ਨੂੰ ਖੇਡਾਂ ਨਾਲ ਜੁੜਨ ਦਾ ਸੱਦਾ ਦਿੱਤਾ। ਇਸ ਮੌਕੇ ਉਨ੍ਹਾਂ ਨੇ ਕਲੱਬ ਨੂੰ ਆਪਣੇ ਵੱਲੋਂ 21000 ਰੁਪਏ ਦੀ ਮਾਲੀ ਮੱਦਦ ਵੀ ਪ੍ਰਦਾਨ ਕੀਤੀ।ਇਸ ਮੌਕੇ ਟੂਰਨਾਮੈਂਟ ਨੂੰ ਸਫਲ ਬਣਾਉਣ ਲਈ ਕਈ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਰਹੀਆਂ, ਜਿਨ੍ਹਾਂ ਵਿੱਚ ਪ੍ਰਦੀਪ ਪਾਲ ਸਿੰਘ ਅਮਲਾਲਾ,ਰਿੰਕੂ ਜਨੇਤਪੁਰ,ਰਾਜੂ ਗੁੱਜਰ,ਪੁਸ਼ਪਿੰਦਰ ਮਹਿਤਾ,ਸਨਅਤ ਭਾਰਤਵਾਜ,ਮੇਜਰ ਪਰਾਗਪੁਰ ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੇਡ ਪ੍ਰੇਮੀ ਅਤੇ ਪਿੰਡ ਵਾਸੀ ਵੀ ਹਾਜ਼ਰ ਸਨ। ਕਲੱਬ ਦੇ ਮੈਂਬਰਾਂ ਨੇ ਵਿਸ਼ੇਸ਼ ਸਨਮਾਨ ਕਰਦਿਆਂ ਮੁੱਖ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਸ੍ਰੀ ਅਗਰਵਾਲ ਧਰਮਸ਼ਾਲਾ ਕਮੇਟੀ ਦੀ ਮੈਂਬਰੀ ਚੋਣ 'ਚ ਬ੍ਰਿਸ਼ਭਾਨ ਕਾਂਸਲ ਬਿਨਾਂ ਮੁਕਾਬਾਲਾ ਜੇਤੂ



ਸਮਾਣਾ, 16 ਅਪ੍ਰੈਲ (ਵਿਜੇ ਕੁਮਾਰ) : ਸ੍ਰੀ ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੀਆਂ ਹੋ ਰਹੀਆਂ ਚੋਣਾਂ 'ਚ ਸਵਾਮੀ ਵਿਵੇਕਾਨੰਦ ਜੋਨ ਐਨ 'ਚੋ ਬ੍ਰਿਸ਼ਭਾਨ ਕਾਂਸਲ (ਰਿਟਾ: ਵੀ.ਡੀ.ਓ.) ਨੇ ਬਿਨਾਂ ਮੁਕਾਬਲਾ ਮੈਂਬਰੀ ਦੀ ਚੋਣ ਜਿੱਤ ਲਈ ਹੈ। ਇਸ ਮੌਕੇ ਬ੍ਰਿਸ਼ਭਾਨ ਕਾਂਸਲ ਨੇ ਜ਼ੋਨ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਦੀਆਂ ਉਮੀਦਾ ਤੇ ਪੂਰਾ ਉਤਰਨਗੇ। ਦੱਸਣਯੋਗ ਹੈ ਕਿ ਅਗਰਵਾਲ ਧਰਮਸ਼ਾਲਾ ਤੇ ਸਕੂਲ ਪ੍ਰਬੰਧਕ ਕਮੇਟੀ ਦੀ ਹਰ ਤਿੰਨ ਸਾਲ ਬਾਅਦ ਚੋਣ ਹੁੰਦੀ ਹੈ, ਜਿਸ ਵਿਚ ਪ੍ਰਧਾਨਗੀ ਪਦ ਤੋਂ ਇਲਾਵਾ 14 ਮੈਂਬਰ ਅਗਰਵਾਲ ਬਿਰਾਦਰੀ ਵੱਲੋਂ ਚੁਣੇ ਜਾਂਦੇ ਹਨ। ਇਸ ਮੌਕੇ ਬ੍ਰਿਸ਼ਭਾਨ ਕਾਂਸਲ ਨੂੰ ਵਿਜੇ ਡਾਵਰ ਵਾਇਸ ਪ੍ਰਧਾਨ ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਪੂਰਬ, ਸਮਾਣਾ ਪ੍ਰਧਾਨ ਰਾਜਿੰਦਰ ਪ੍ਰਸ਼ਾਦ, ਕੌਂਸਲਰ ਟਿੰਕਾ ਗਾਜੇਵਾਸ, ਮੰਗਤ ਮਵੀ, ਐਡਵੋਕੇਟ ਦਰਸ਼ਨ ਸਿੰਘ ਵਿਰਕ, ਪ੍ਰਿੰਸੀਪਲ ਭੂਸਣ ਕੁਮਾਰ ਮਿੱਤਲ, ਦੇਵਕੀ ਨੰਦਨ, ਵਿਜੇ ਸਿੰਗਲਾ ਗਾਜੇਵਾਸ, ਯਾਦਵਿੰਦਰ ਜੱਸੀ, ਵਿਜੇ ਗਰਗ, ਵਿਕਾਸ ਛੋਟੂ ਨੇ ਵੀ ਵਿਸ਼ੇਸ ਤੌਰ 'ਤੇ ਵਧਾਈ ਦਿੱਤੀ।

# ਚੋਰੀ ਦਾ ਕਬਾੜ ਖਰੀਦਣ ਦੇ ਦੋਸ਼ 'ਚ ਪਿਓ-ਪੁੱਤ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 16 ਅਪ੍ਰੈਲ (ਵਿਜੇ ਕੁਮਾਰ) : ਸੀ.ਆਈ.ਏ. ਸਟਾਫ਼ ਸਮਾਣਾ ਨੇ ਚੋਰੀ ਦਾ ਕਬਾੜ ਖਰੀਦਣ ਦੇ ਦੋਸ਼ ਵਿੱਚ ਭਵਾਨੀਗੜ੍ਹ ਰੋਡ 'ਤੇ ਸਥਿਤ ਇਕ ਕਬਾੜੀਏ ਪਿਓ-ਪੁੱਤ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਅਮਰਜੀਤ ਰਾਮ ਅਤੇ ਉਸ ਦੇ ਪੁੱਤਰ ਬਿੰਦਰ ਰਾਮ ਵਾਸੀ ਅਮਾਮਗੜ੍ਹ, ਸਮਾਣਾ ਵਜੋਂ ਹੋਈ ਹੈ। ਸੀ.ਆਈ.ਏ. ਇੰਚਾਰਜ ਇੰਸਪੈਕਟਰ ਅੰਕੁਰਦੀਪ ਸਿੰਘ ਨੇ ਦੱਸਿਆ ਕਿ ਏ.ਐੱਸ.ਆਈ. ਸੇਵਕ ਸਿੰਘ ਪੁਲਿਸ ਪਾਰਟੀ ਸਮੇਤ ਗਸ਼ਤ ਦੌਰਾਨ ਅਗਰਸੈਨ ਚੌਂਕ ਵਿੱਚ ਮੌਜੂਦ ਸਨ। ਉਨ੍ਹਾਂ ਨੂੰ ਸੂਚਨਾ ਮਿਲੀ ਕਿ ਮੁਲਜ਼ਮ ਪਿਓ-ਪੁੱਤ ਕਬਾੜ ਦਾ ਕੰਮ ਕਰਦੇ ਹਨ, ਜਿਸ ਦੀ ਆੜ ਵਿੱਚ ਉਹ ਚੋਰੀ ਦਾ ਸਾਮਾਨ ਖਰੀਦ ਕੇ ਅਤੇ ਉਸ ਦੀ ਭੰਨ-ਤੋੜ ਕਰਕੇ ਅੱਗੇ ਵੇਚਦੇ ਹਨ। ਪੁਲਿਸ ਨੇ ਉਨ੍ਹਾਂ ਦੀ ਦੁਕਾਨ ਦੇ ਅੱਗੋਂ ਇੱਕ ਬਿਨਾਂ ਨੰਬਰ ਵਾਲੀ ਕਾਰ ਬਰਾਮਦ ਕੀਤੀ ਹੈ, ਜਦਕਿ ਉਨ੍ਹਾਂ ਕੋਲ ਹੋਰ ਵੀ ਚੋਰੀ ਦਾ ਸਾਮਾਨ ਹੋਣ ਦਾ ਖਦਸ਼ਾ ਹੈ। ਮੁਲਜ਼ਮ ਦੁਕਾਨ ਅਤੇ ਗੋਦਾਮ ਬੰਦ ਕਰਕੇ ਫ਼ਰਾਰ ਹਨ, ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

# ਬਾਬਾ ਬੰਦਾ ਸਿੰਘ ਬਹਾਦਰ ਸਕੂਲ ਦਾ ਦਸਵੀਂ ਦਾ ਨਤੀਜਾ 100 ਫੀਸਦੀ ਰਿਹਾ



ਸਮਾਣਾ, 16 ਅਪ੍ਰੈਲ (ਵਿਜੇ ਕੁਮਾਰ) : ਸੀ.ਬੀ.ਐੱਸ.ਈ. ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਤਿਹਪੁਰ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ । ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ। ਇਸ ਮੌਕੇ ਤੇ ਸਕੂਲ ਪ੍ਰਧਾਨ ਪ੍ਰਦਮਨ ਸਿੰਘ ਵਿਰਕ, ਜਨਰਲ ਸਕੱਤਰ. ਬਲਵਿੰਦਰ ਸਿੰਘ, ਸੀਨੀ: ਵਾਈਸ ਪ੍ਰਧਾਨ ਗੁਲਜਾਰ ਸਿੰਘ, ਖਜ਼ਾਨਚੀ. ਜਸਵੰਤ ਸਿੰਘ ਅਤੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਦੇਵ ਸਿੰਘ, ਬਾਬਾ ਸਾਹਿਬ ਸਿੰਘ, ਕੁਲਦੀਪ ਸਿੰਘ ਢਿੱਲੋਂ, ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਨੀਤਾ ਰਾਣੀ ਅਤੇ ਸਮੂਹ ਅਧਿਆਪਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਉੱਚੀਆਂ ਉਪਲੱਬਧੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।

# ਪਸ਼ੂ ਪਾਲਣ ਵਿਭਾਗ ਵੱਲੋਂ ਗਊਸ਼ਾਲਾ ਪੁਰਾਣਾ ਰਾਜਪੁਰਾ ਵਿਖੇ ਮੂੰਹ-ਖੁਰ ਦੀ ਵੈਕਸੀਨ ਦੇ 8ਵੇਂ ਰਾਊਂਡ ਦਾ ਉਦਘਾਟਨ



ਰਾਜਪੁਰਾ,16 ਅਪ੍ਰੈਲ (ਮਦਨ ਲਾਲ):ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ ਐਨ ਏ ਡੀ ਸੀ ਪੀ ਸਕੀਮ ਅਧੀਨ ਚੱਲ ਰਹੀ ਮੂੰਹ ਖੁਰ ਬਿਮਾਰੀ ਤੋਂ ਬਚਾ ਮੁਹਿੰਮ ਨੂੰ ਅੱਗੇ ਵਧਾਉਂਦੇ ਹੋਏ ਪੰਜਾਬ ਸਰਕਾਰ ਤੇ ਸ ਗੁਰਮੀਤ ਸਿੰਘ ਖੁੱਡੀਆਂ, ਮੰਤਰੀ ਪਸ਼ੂ ਪਾਲਣ ਵਿਭਾਗ ਦੇ ਉਪਰਾਲੇ ਸਦਕਾ ,ਸ੍ਰੀ ਰਾਹੁਲ ਭੰਡਾਰੀ, ਪ੍ਰਮੁੱਖ ਸਕੱਤਰ ਪਸ਼ੂ ਪਾਲਣ, ਪੰਜਾਬ ਦੇ ਹੁਕਮਾਂ ਅਨੁਸਾਰ ਡਾ ਪਰਮਦੀਪ ਸਿੰਘ ਵਾਲੀਆ ਡਾਇਰੈਕਟਰ ਪਸ਼ੂ ਪਾਲਣ ਦੀ ਅਗਵਾਈ ਹੇਠ, ਮੂੰਹ ਖੁਰ ਟੀਕਾਕਰਨ ਦੇ ਅਠਵੇਂ ਰਾਊਂਡ ਦੀ ਵੈਕਸੀਨੇਸ਼ਨ ਦਾ ਉਦਘਾਟਨ ਬੀਤੇ ਦਿਨੀਂ ਡਿਪਟੀ ਡਾਇਰੈਕਟਰ, ਪਸ਼ੂ ਪਾਲਣ ਵਿਭਾਗ, ਪਟਿਆਲਾ ਡਾ. ਬਿਕਰਮਜੀਤ ਸਿੰਘ ਵਲੋਂ ਗਊਸ਼ਾਲਾ, ਪੁਰਾਣਾ ਰਾਜਪੁਰਾ ਵਿਖੇ ਖੁਦ ਟੀਕਾਕਰਨ ਕਰਦੇ ਹੋਏ ਕੀਤਾ ਗਿਆ । ਇਸ ਮੌਕੇ ਉਹਨਾਂ ਦੇ ਨਾਲ ਪਸ਼ੂ ਪਾਲਣ ਵਿਭਾਗ ਪਟਿਆਲਾ ਦੇ ਅਸਿਸਟੈਂਟ ਡਾਇਰੈਕਟਰ, ਡਾ. ਸੋਨਿੰਦਰ ਕੌਰ ਅਤੇ ਡਾ. ਰਜਨੀਕ ਭੌਰਾ ਤੇ ਸੀਨੀਅਰ ਵੈਟਨਰੀ ਅਫਸਰ, ਤਹਿਸੀਲ ਰਾਜਪੁਰਾ, ਡਾ. ਰਾਜਕੁਮਾਰ ਗੁਪਤਾ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ ।


## ਪੰਜਾਬ ਨੈਸ਼ਨਲ ਬੈਂਕ

ਅਸੈਟ ਰਿਕਵਰੀ ਮੈਨੇਜਮੈਂਟ ਸ਼ਾਖਾ (ਏਆਰਐਮਬੀ)

ਐਸਸੀਓ 27, ਪਹਿਲੀ ਮੰਜ਼ਿਲ, ਬੀ-ਬਲਾਕ, ਰਣਜੀਤ ਐਵੇਨਿਊ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਅੰਮ੍ਰਿਤਸਰ 143001

ਈ-ਨਿਲਾਮੀ ਵਿਕਰੀ ਸੂਚਨਾ

**ਮਿਤੀ 26.05.2026 ਨੂੰ ਚੱਲ/ਅਚੱਲ ਜਾਇਦਾਦ/ਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ**

ਸਰਫਾਇਸੀ ਐਕਟ 2002 ਦੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਆਮ ਜਨਤਾ ਨੂੰ 15/30 ਦਿਨਾਂ ਦਾ ਕਾਨੂੰਨੀ ਵਿਕਰੀ ਨੋਟਿਸ

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ, ਜਿਸਦਾ ਸੰਕੇਤਕ/ਭੌਤਿਕ/ਸੰਕੇਤਕ ਕਬਜ਼ਾ ਲਿਆ ਗਿਆ ਹੈ। ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ, ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਤੇ ਵੇਚਿਆ ਜਾਵੇਗਾ, ਤਾਂ ਜੋ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

ਸੁਰੱਖਿਅਤ ਕਰਜ਼ਦਾਰ ਨੂੰ ਜਾਣੂੰ ਦੇਣਦਾਰੀਆਂ ਨਹੀਂ ਹਨ/ਜਾਣੂੰ ਨਹੀਂ ਹਨ।

ਵਿਕਰੀ 26.05.2026 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ

ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ ਰਾਸ਼ੀ ਹੋਣੀ ਲਾਜ਼ਮੀ ਹੈ।

ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com

ਬੈਂਕ ਅਧਿਕਾਰੀਆਂ ਦੇ ਸੰਪਰਕ ਵੇਰਵੇ ਸ੍ਰੀ ਅਨਵਰ ਅਲੀ (ਮੁੱਖ ਪ੍ਰਬੰਧਕ), (ਮੋ.) 97976-16733, ਸ੍ਰੀਮਤੀ ਜਯੋਤੀ (ਮੁੱਖ ਪ੍ਰਬੰਧਕ) (ਮੋ.) 70421-98890

ਸੁਰੱਖਿਅਤ ਅਸਾਸਿਆਂ ਦੀ ਸੂਚੀ

| ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਖਾਤਾ ਕਰਜ਼ਦਾਰ/ਜ਼ਾਮਨਾਂ ਦੇ ਨਾਮ ਅਤੇ ਪਤੇ | ਗਿਰਵੀ ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ/ ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ / ਅ) ਬਕਾਇਆ ਰਕਮ ਦੀ ਮਿਤੀ / ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ / ਸ) ਕਬਜ਼ੇ ਦਾ ਸਰੂਪ ਸੰਕੇਤਕ/ਭੌਤਿਕ/ ਉਸਾਰੂ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|
| **ਏ.ਆਰ.ਐਮ.ਬੀ., ਅੰਮ੍ਰਿਤਸਰ**<br>(i) ਸਵਰਗੀ ਸ਼੍ਰੀ ਪਾਰਸ ਨਾਥ ਪੁੱਤਰ ਸ਼੍ਰੀ ਗੱਬੂ ਪ੍ਰਸਾਦ (ਕਰਜ਼ਦਾਰ) (ਮ੍ਰਿਤਕ) ਵਾਸੀ ਪਿੰਡ ਸੀ-12/2, ਬਿਆਸ ਹਸਪਤਾਲ ਕਲੋਨੀ, ਬਿਆਸ ਪਿੰਡ ਬੁੱਢਾ ਥੇਹ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ<br>(ii) ਸ਼੍ਰੀਮਤੀ ਮੀਨਾ ਦੇਵੀ ਪਤਨੀ ਸਵਰਗੀ ਸ਼੍ਰੀ ਪਾਰਸ ਨਾਥ (ਸਹਿ-ਕਰਜ਼ਦਾਰ/ਗਿਰਵੀਕਾਰ) ਵਾਸੀ ਪਿੰਡ ਸੀ-12/2, ਬਿਆਸ ਹਸਪਤਾਲ ਕਲੋਨੀ, ਬਿਆਸ, ਪਿੰਡ ਬੁੱਢਾ ਥੇਹ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ | ਜ਼ਮੀਨ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ ਦਾ ਬਰਾਬਰੀ ਵਾਲਾ ਗਿਰਵੀਨਾਮਾ ਜਿਸ ਵਿੱਚ ਖਸਰਾ ਨੰਬਰ 67//14/2=2-18, ਖਾਤਾ ਖਤੌਨੀ ਨੰਬਰ 39/522, 133.33 ਵਰਗ ਗਜ਼ ਮਾਪ, ਰਕਬਾ ਪਿੰਡ ਬੁੱਢਾ ਥੇਹ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ, ਦਸਤਾਵੇਜ਼ ਨੰਬਰ 2722, ਕਿਤਾਬ ਨੰਬਰ 1, ਭਾਗ ਨੰਬਰ 2670, ਪੰਨਾ ਨੰਬਰ 13/16 ਮਿਤੀ 10-12-2013 ਦੁਆਰਾ ਸ਼੍ਰੀਮਤੀ ਮੀਨਾ ਦੇਵੀ ਪਤਨੀ ਸ਼੍ਰੀ ਪਾਰਸ ਨਾਥ ਦੇ ਨਾਮ 'ਤੇ ਰਜਿਸਟਰਡ ਹੈ। | 06-01-2026<br>ਰ. 20,48,064.40 ਮਿਤੀ 31-07-2025 ਨੂੰ + ਮਿਤੀ 01-08-2025 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ<br>10-03-2026<br>ਸੰਕੇਤੱਕ ਕਬਜ਼ਾ | ਰ. 22,92,000/-<br>ਰ. 2,29,200/-<br>ਰ. 50,000/- |

(iii) ਸ਼੍ਰੀ ਰਵਿੰਦਰ ਨਾਥ ਪੁੱਤਰ ਸਵਰਗੀ ਸ਼੍ਰੀ ਪਾਰਸ ਨਾਥ (ਸਵਰਗੀ ਸ਼੍ਰੀ ਪਾਰਸ ਨਾਥ ਦੇ ਕਾਨੂੰਨੀ ਵਾਰਸ) ਵਾਸੀ ਪਿੰਡ ਸੀ-12/2, ਬਿਆਸ ਹਸਪਤਾਲ ਕਲੋਨੀ, ਬਿਆਸ ਪਿੰਡ ਰੁਧਾ ਥੇਹ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ (iv) ਸ਼੍ਰੀਮਤੀ ਸਰਿਤਾ ਪੁੱਤਰੀ ਸਵਰਗੀ ਸ਼੍ਰੀ ਪਾਰਸ ਨਾਥ (ਸਵਰਗਵਾਸੀ ਸ਼੍ਰੀ ਪਾਰਸ ਨਾਥ ਦੇ ਕਾਨੂੰਨੀ ਵਾਰਸ) ਪਿੰਡ ਸੀ-12/2, ਬਿਆਸ ਹਸਪਤਾਲ ਕਲੋਨੀ, ਬਿਆਸ, ਪਿੰਡ ਬੁੱਢਾ ਥੇਹ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ

**ਸਰਫਾਇਸੀ ਐਕਟ 2002 ਦੇ ਨਿਯਮ 8 (6) ਦੇ ਅਧੀਨ 15/30 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ**

1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ/ਜ਼ਿੰਮੇਵਾਰੀਆਂ ਉੱਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤੂਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 26.05.2026 ਨੂੰ **ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ** ਤੱਕ ਵਿੱਚ ਦਿੱਤੇ ਗਏ ਸਮੇਂ ਅਨੁਸਾਰ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com 'ਤੇ ਵੇਖੋ। 8. ਰਿਜ਼ਰਵ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।

ਮਿਤੀ : 16.04.2026 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਧਿਕਾਰੀ, (ਪੰਜਾਬ ਨੈਸ਼ਨਲ ਬੈਂਕ)